ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 33 | 23 August to 29 August 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਸੁਪਰੀਮ ਕੋਰਟ ਦਾ ਫ਼ਰਮਾਨ, 'ਤਲਾਕ-ਏ-ਬਿੱਦਤ' ਕਬੂਲ ਨਹੀਂ

- 1400 ਵਰ੍ਹੇ ਪੁਰਾਣੀ ਪ੍ਰਥਾ ਗੈਰ ਸੰਵਿਧਾਨਕ ਕਰਾਰ
- ਕੇਂਦਰ ਨੂੰ 6 ਮਹੀਨਿਆਂ ਅੰਦਰ ਕਾਨੂੰਨ ਬਣਾਉਣ ਲਈ ਕਿਹਾ
- ਮੁਸਲਿਮ ਲਾਅ ਬੋਰਡ 10 ਸਤੰਬਰ ਨੂੰ ਘੜੇਗਾ ਰਣਨੀਤੀ



**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਆਪਣੇ ਇਤਿਹਾਸਕ ਫ਼ੈਸਲੇ ਨਾਲ ਸੈਂਕੜੇ ਵਰ੍ਹਿਆਂ ਤੋਂ ਚੱਲੀ ਆ ਰਹੀ 'ਤਲਾਕ-ਏ-ਬਿੱਦਤ' (ਲਗਾਤਾਰ 3 ਵਾਰ ਤਲਾਕ ਕਹਿਣ ਦੀ ਪ੍ਰਥਾ) ਨੂੰ ਗੈਰ ਸੰਵਿਧਾਨਕ ਕਰਾਰ ਦੇ ਦਿੱਤਾ। ਸਿਖ਼ਰਲੀ ਅਦਾਲਤ ਨੇ ਆਪਣੇ ਫ਼ੈਸਲੇ ਵਿਚ ਮੁਸਲਮਾਨਾਂ ਵਿਚ 3 'ਤਲਾਕ-ਏ-ਬਿੱਦਤ' ਰਾਹੀਂ ਦਿੱਤੇ ਜਾਣ ਵਾਲੇ ਤਲਾਕ ਦੀ ਪ੍ਰਥਾ ਨੂੰ ਅਮਾਨਵੀ, ਗੈਰ ਕਾਨੂੰਨੀ, ਗੈਰ ਸੰਵਿਧਾਨਕ ਕਰਾਰ ਦਿੱਤਾ ਹੈ। ਅਦਾਲਤ ਨੇ 3 ਤਲਾਕ ਨੂੰ ਕੁਰਾਨ ਦੇ ਮੂਲ ਸਿਧਾਂਤਾਂ ਦਾ ਹਿੱਸਾ ਨਾ ਦੱਸਦੇ ਹੋਏ ਸਰਕਾਰ ਨੂੰ ਇਸ 'ਤੇ 6 ਮਹੀਨਿਆਂ ਅੰਦਰ ਕਾਨੂੰਨ ਬਣਾਉਣ ਲਈ ਕਿਹਾ ਹੈ। ਇਸ ਸਮੇਂ ਤਕ ਜੇਕਰ ਸਰਕਾਰ ਕਾਨੂੰਨ ਨਹੀਂ ਬਣਾਉਂਦੀ ਤਾਂ ਸਿਖ਼ਰਲੀ ਅਦਾਲਤ ਵਲੋਂ 3 ਤਲਾਕ 'ਤੇ ਲਗਾਈ ਗਈ ਰੋਕ ਜਾਰੀ ਰਹੇਗੀ। ਅਦਾਲਤ ਨੇ ਸਿਆਸੀ ਧਿਰਾਂ ਨੂੰ ਆਪਣੇ ਮਤਭੇਦ ਦਰਕਿਨਾਰ ਰੱਖਣ ਅਤੇ 3 ਤਲਾਕ ਦੇ ਸਬੰਧ ਵਿਚ ਕਾਨੂੰਨ ਬਣਾਉਣ ਵਿਚ ਕੇਂਦਰ ਦੀ ਮਦਦ ਕਰਨ ਲਈ ਵੀ ਕਿਹਾ। ਅਦਾਲਤ ਨੇ ਕਿਹਾ ਕਿ ਕੇਂਦਰ ਜੋ ਕਾਨੂੰਨ ਬਣਾਏ, ਉਸ ਵਿਚ ਮੁਸਲਿਮ ਸੰਗਠਨਾਂ ਅਤੇ ਸ਼ਰੀਆ ਕਾਨੂੰਨ ਸਬੰਧੀ ਚਿੰਤਾਵਾਂ ਦਾ ਖ਼ਿਆਲ ਰੱਖਿਆ ਜਾਵੇ। ਸੁਪਰੀਮ ਕੋਰਟ ਨੇ ਇਸਲਾਮਿਕ ਮੁਲਕਾਂ ਵਿਚ 3 ਤਲਾਕ ਖ਼ਤਮ ਕੀਤੇ ਜਾਣ ਦਾ ਹਵਾਲਾ ਦਿੱਤਾ ਅਤੇ ਪੁਛਿਆ ਕਿ ਆਜ਼ਾਦ ਭਾਰਤ ਇਸ ਤੋਂ ਨਿਜ਼ਾਤ ਕਿਉਂ ਨਹੀਂ ਪਾ ਸਕਦਾ? 5 ਮੈਂਬਰੀ ਸੰਵਿਧਾਨਕ ਬੈਂਚ ਨੇ 3 ਤਲਾਕ 'ਤੇ ਆਪਣਾ ਫ਼ੈਸਲਾ 18 ਮਹੀਨੇ ਬਾਅਦ ਸੁਣਾਇਆ। ਚੀਫ਼ ਜਸਟਿਸ (ਸੀਜੇਆਈ) ਜੇ.ਐਸ. ਖੇਹਰ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਿਕ ਬੈਂਚ ਨੇ 3:2 ਦੇ ਬਹੁਮਤ ਨਾਲ ਸੁਣਾਏ ਫ਼ੈਸਲੇ ਤਹਿਤ ਇਸ ਪ੍ਰਥਾ ਨੂੰ ਕੁਰਾਨ ਸ਼ਰੀਫ਼ ਅਤੇ ਇਸਲਾਮੀ ਕਾਨੂੰਨ ਸ਼ਰੀਅਤ ਦੀ ਖ਼ਿਲਾਫ਼ਵਰਜ਼ੀ

ਬਾਕੀ ਸਫ਼ਾ 31 'ਤੇ

## ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਹੋਵੇਗਾ ਫਰਿਜ਼ਨੋ ਪਾਰਕ ਦਾ ਨਾਮ

### *ਸਭਨਾਂ ਨੂੰ ਵੀਰਵਾਰ 31 ਅਗਸਤ ਨੂੰ ਫਰਿਜ਼ਨੋ ਸਿਟੀ ਹਾਲ ਪਹੁੰਚਣ ਦੀ ਅਪੀਲ*

**ਫਰਿਜ਼ਨੋਂ/ਬਿਊਰੋ ਨਿਊਰੋ:** ਫਰਿਜ਼ਨੋਂ ਦੀ ਸਟੇਟ ਯੂਨੀਵਰਸਿਟੀ 'ਚ ਉੱਚ ਪੜ੍ਹਾਈ ਕਰਨ ਲਈ ਪੰਜਾਬ ਤੋਂ ਅਮਰੀਕਾ ਆਈ ਨਵਕਿਰਨ ਕੌਰ ਖਾਲੜਾ ਨੇ ਜਦੋਂ ਸਾਲ 2009 ਦੇ ਅੰਤ ਵਿਚ ਆਪਣਾ ਸਮੈਸਟਰ ਸ਼ੁਰੂ ਕੀਤਾ ਸੀ ਤਾਂ ਉਹ ਫਰਿਜ਼ਨੋ ਵਿਖੇ ਆਪਣੀ ਮਾਸਟਰ ਡਿਗਰੀ ਨੂੰ ਲੈ ਕੇ ਬੇਹੱਦ ਉਤਾਵਲੀ ਸੀ। ਉਸ ਵੇਲੇ ਜਦੋਂ ਵਿਦਿਆਰਥੀ ਆਪਣੀਆਂ ਨਵੀਆਂ ਕਲਾਸਾਂ



ਲੱਭਣ ਵਿਚ ਰੁਝੇ ਹੋਏ ਸਨ ਤਾਂ ਉਸ ਦੇ ਕੁਝ ਸਹਿਪਾਠੀ ਨਵਕਿਰਨ ਦੇ ਸਫ਼ਰ, ਉਸ ਦੇ ਪਰਿਵਾਰ ਤੇ ਉਸ ਦੇ ਪਿਤਾ ਬਾਰੇ ਜਾਣਦੇ ਸਨ, ਜੋ ਉਸ ਨੂੰ ਸੈਂਟਰਲ ਵੈਲੀ ਤੱਕ ਲੈ ਆਏ। ਨਵਕਿਰਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧੀ ਹੈ। ਸਿੱਖ ਨੌਜਵਾਨ ਜਥੇਬੰਦੀ ਜਕਾਰਾ ਮੂਵਮੈਂਟ' ਦੇ ਯਤਨਾਂ ਸਦਕਾ ਵੀਰਵਾਰ 31 ਅਗਸਤ, 2017 ਨੂੰ ਸ਼ਾਮ 4.30 ਵਜੇ ਫਰਿਜ਼ਨੋ ਸਿਟੀ ਹਾਲ ਵਿਖੇ ਉਸ ਦੇ ਪਿਤਾ ਵਲੋਂ ਪਾਏ ਯੋਗਦਾਨ ਬਾਰੇ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਇਆ ਜਾਵੇਗਾ। ਇਨ੍ਹਾਂ ਯਤਨਾਂ ਸਦਕਾ ਹੀ ਨਵਕਿਰਨ ਦੇ ਪਿਤਾ ਸ਼ਹੀਦ ਜਸਵੰਤ ਸਿੰਘ ਖਾਲੜਾ

ਬਾਕੀ ਸਫ਼ਾ 31 'ਤੇ

## ਸੁਨੀਲ ਹਾਲੀ ਵਲੋਂ ਠੱਗੀ-ਠੋਰੀ ਦਾ ਸਿਲਸਿਲਾ ਜਾਰੀ

### *ਟੀ ਵੀ ਚੈਨਲ ਚਲਾਉਣ ਦੇ ਨਾਂਅ ਉੱਤੇ ਵਿਛਾਉਂਦਾ ਹੈ ਅਪਣਾ ਹੇਰਾਫੇਰੀ ਦਾ ਜਾਲ*

ਫਰੀਮਾਂਟ/ਬਿਊਰੋ ਨਿਊਜ਼:
ਅਮਰੀਕਾ ਵਿਚ ਜਦੋਂ ਇੰਡੀਆ ਦੇ ਟੀ.ਵੀ. ਚੈਨਲਾਂ ਦੀ ਗੱਲ ਚੱਲਦੀ ਹੈ ਤਾਂ ਸੁਨੀਲ ਹਾਲੀ ਨਾਮ ਦੇ ਸ਼ਖ਼ਸ ਦੀ ਗੱਲ ਵੀ ਹੁੰਦੀ ਹੈ। ਇਸ ਨੇ ਕਈ ਚੈਨਲ ਇਥੇ ਲੈ ਕੇ ਆਂਦੇ ਅਤੇ ਉਹਨਾਂ ਲਈ ਕਿਸੇ ਨਾ ਕਿਸੇ ਇਨਵੈਸਟਰ ਨੂੰ ਲੱਭ ਕੇ ਉਸ ਨੂੰ ਪੈਸੇ ਟਕੇ ਵਜੋਂ ਚੰਗੀ ਤਰ੍ਹਾਂ ਥੁੱਕ ਲਾਉਂਦਾ ਹੈ ਅਤੇ ਫਿਰ ਹੋਰ ਸ਼ਿਕਾਰ ਲੱਭਣ ਦਾ ਧੰਦਾ ਸ਼ੁਰੂ ਦਿੰਦਾ ਹੈ। ਹਰੇਕ ਨਵੇਂ ਬੰਦੇ ਨੂੰ ਦੋ-ਤਿੰਨ ਸਾਲ ਵਿਚ ਕਾਰੋਬਾਰ ਦਾ ਪਤਾ ਲਗਦੈ ਤਾਂ ਉਦੋਂ ਇਹ ਆਪਣਾ ਕੰਮ ਕਰ ਜਾਂਦਾ ਹੈ। ਇਸ ਤਰ੍ਹਾਂ ਇਸਨੇ ਕਈ ਵਰ੍ਹੇ ਪਹਿਲਾਂ ਅੰਮ੍ਰਿਤਸਰ ਟਾਈਮਜ਼ ਅਦਾਰੇ ਨਾਲ ਵੀ ਟੀਵੀ ਚੈਨਲ ਚਲਾਉਣ 'ਚ ਭਾਈਵਾਲ ਬਣ ਕੇ ਠੱਗੀ ਮਾਰੀ। ਜਸਜੀਤ ਸਿੰਘ ਨੇ ਕਿਹਾ, 'ਇਸ ਕੇਸ ਵਿੱਚ ਫਸਦਾ ਵੇਖ ਕੇ ਹਾਲੀ ਮੈਨੂੰ ਅਤੇ ਹਰਜੋਤ ਸਿੰਘ ਖ਼ਾਲਸਾ ਨੂੰ ਕਚਿਹਰੀ ਵਿਚ 70,000 ਡਾਲਰ ਦੇਣੇ ਮੰਨਿਆ ਹੈ ਅਤੇ ਕੁਝ ਕਿਸ਼ਤਾਂ ਦੇ ਕੇ ਫਿਰ ਮੁੱਕਰ ਗਿਆ। ਕੇਸ ਚਲਦੇ



ਬਾਕੀ ਸਫ਼ਾ 31 'ਤੇ

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 413ਵੇਂ ਪ੍ਰਕਾਸ਼ ਪੁਰਬ ਮੌਕੇ ਸੰਗਤ ਵਲੋਂ ਅਕੀਦਤ ਪੇਸ਼

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 413ਵਾਂ ਪ੍ਰਕਾਸ਼ ਪੁਰਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨਾ ਅਸਥਾਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਅਰਦਾਸ ਭਾਈ ਰਾਜਦੀਪ ਸਿੰਘ ਨੇ ਕੀਤੀ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਹੁਕਮਨਾਮਾ ਲਿਆ। ਨਗਰ ਕੀਰਤਨ ਦੌਰਾਨ ਗਿਆਨੀ ਜਗਤਾਰ ਸਿੰਘ ਨੇ ਪ੍ਰੰਪਰਾ ਅਨੁਸਾਰ ਆਪਣੇ ਸੀਸ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਜਾ ਕੇ ਪਾਲਕੀ ਵਿੱਚ ਸੁਸ਼ੋਭਿਤ ਕੀਤਾ। ਇਹ ਨਗਰ ਕੀਰਤਨ ਕਰੋੜੀ ਚੌਕ ਅਤੇ ਬਾਬਾ ਸਾਹਿਬ ਚੌਕ ਤੋਂ ਹੁੰਦਾ ਹੋਇਆ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਪੂਰਨ ਹੋਇਆ। ਲਗਰ ਕੀਰਤਨ ਵਿੱਚ ਦੂਰੋਂ-ਨੇੜਿਓਂ ਪੁੱਜੀਆਂ ਸੰਗਤਾਂ, ਗੱਤਕਾ ਅਖਾੜਿਆਂ, ਸਭ-ਸੁਸਾਇਟੀਆਂ, ਸਕੂਲੀ ਬੱਚਿਆਂ ਦੀਆਂ ਬੈਂਡ ਤੇ ਗੱਤਕਾ ਟੀਮਾਂ ਨੇ ਸ਼ਮੂਲੀਅਤ ਕੀਤੀ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਥਾਂ-ਥਾਂ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਤੇ ਲੰਗਰ ਲਾਏ ਗਏ। ਇਸ ਤੋਂ ਪਹਿਲਾਂ ਅੰਮ੍ਰਿਤ ਵੇਲੇ ਤੋਂ ਸ੍ਰੀ ਆਸਾ ਕੀ ਵਾਰ ਦਾ ਕੀਰਤਨ ਭਾਈ ਅਮਨਦੀਪ ਸਿੰਘ ਦੇ ਜਥੇ ਵੱਲੋਂ ਕੀਤਾ ਗਿਆ। ਨਗਰ ਕੀਰਤਨ ਦੀ ਸ਼ੁਰੂਆਤ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸਮੂਹ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਇਤਿਹਾਸ ਵਿੱਚੋਂ ਇਸ ਮਹਾਨ ਨਗਰ ਕੀਰਤਨ



ਸ੍ਰੀ ਹਰਿਮੰਦਰ ਸਾਹਿਬ ਵਿਖੇ ਸਜਾਏ ਗਏ ਨਗਰ ਕੀਰਤਨ ਦਾ ਦ੍ਰਿਸ਼।

ਬਾਕੀ ਸਫ਼ਾ 31 'ਤੇ

## ਗਰਵ ਟੀ.ਵੀ. ਨੈੱਟਵਰਕ ਸ਼ੁਰੂ ਕਰੇਗਾ ਨਵਾਂ ਪੰਜਾਬੀ ਚੈਨਲ

**ਨਿਊਯਾਰਕ/ਬਿਊਰੋ ਨਿਊਜ਼:** ਗਰਵ ਟੀ.ਵੀ. ਨੈੱਟਵਰਕ ਵਲੋਂ ਅਮਰੀਕਾ ਵਿੱਚ ਨਵਾਂ ਟੀਵੀ ਪੰਜਾਬੀ ਚੈਨਲ "ਗਰਵ ਪੰਜਾਬ" ਅਤੇ "ਗਰਵ ਪੰਜਾਬ ਗੁਰਬਾਣੀ" ਸ਼ੁਰੂ ਕੀਤਾ ਜਾ ਰਿਹਾ ਹੈ। ਚੈਨਲ ਸ਼ੁਰੂ ਕਰਨ ਵਾਲਿਆਂ ਦਾ ਦਾਅਵਾ ਹੈ ਇਹ ਪੰਜਾਬ ਤੋਂ ਦੂਰ ਬੈਠੇ ਪੰਜਾਬੀਆਂ ਨੂੰ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਸਿੱਧਾ ਪੰਜਾਬ ਨਾਲ ਜੋੜੇਗਾ ਅਤੇ ਨਾਲ ਹੀ ਪੰਜਾਂ ਤਖਤ ਸਾਹਿਬਾਨਾਂ ਦੇ ਦਰਸ਼ਨ, ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ,

ਬਾਕੀ ਸਫ਼ਾ 31 'ਤੇ

For Advertisements in Quomantry Amritsar Times Please Call :
Jai Singh
510-677-2777












# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ (ਮਿਡਵੈਸਟ)

## ਸ਼ਿਕਾਗੋ ਕਬੱਡੀ ਕੱਪ-2017 ਅਤੇ ਵਾਲੀਬਾਲ ਮੁਕਾਬਲੇ



ਗਾਇਕ ਬਲਜੀਤ ਮਾਲਵਾ

**3 ਸਤੰਬਰ 2017** (ਦਿਨ ਐਤਵਾਰ)

Busse Wood Forest Preserve South, Elk Grove Village, IL

ਪਰਿਵਾਰ ਸਮੇਤ ਆਓ ਅਤੇ ਖੇਡਾਂ, ਖਾਣੇ ਤੇ ਮਨੋਰੰਜਨ ਦਾ ਅਨੰਦ ਮਾਣੋ; ਦਾਖਲਾ ਤੇ ਪਾਰਕਿੰਗ ਲਈ ਕੋਈ ਚਾਰਜ ਨਹੀਂ

ਕਬੱਡੀ ਕੁਮੈਂਟੇਟਰ



ਮੱਖਣ ਅਲੀ, ਸੁਰਜੀਤ ਕਕਰਾਲੀ

ਮੁੱਖ ਮਹਿਮਾਨ — ਵਿਸ਼ੇਸ਼ ਮਹਿਮਾਨ



ਗੁਰਚਰਨ ਸਿੰਘ ਭੱਜ, ਜਥੇਦਾਰ ਤਾਰਾ ਸਿੰਘ ਸੱਲ੍ਹਾਂ

------- ਗੈਸਟ ਆਫ ਆਨਰ -------



ਹਰਕਿਸ਼ਨ ਸਿੰਘ ਭੱਟੀ, ਬਲਵਿੰਦਰ ਸਿੰਘ ਨਿੱਕ, ਹਰਕੇਵਲ ਲਾਲੀ, ਜੇ ਪੀ ਐਸ ਖਹਿਰਾ, ਮਨਜਿੰਦਰ ਬੈਨੀਪਾਲ, ਰਾਣਾ ਸੇਖੋਂ ਫੋਰਟਵੇਨ, ਪਰਮਜੀਤ ਸਿੰਘ ਅਰੋੜਾ, ਲਵ ਮਿਨਹਾਸ, ਜਸਜੀਤ ਸਿੰਘ ਸਿੱਧੂ

ਚੇਅਰਮੈਨ — ਪ੍ਰਧਾਨ — ਮੀਤ ਪ੍ਰਧਾਨ



ਦੀਦਾਰ ਸਿੰਘ ਧਨੋਆ, ਬਲਵਿੰਦਰ ਸਿੰਘ ਚੱਠਾ, ਦਰਸ਼ਨ ਸਿੰਘ ਪੰਮਾ

ਪਹਿਲੇ ਇਨਾਮ ਦੇ ਸਪਾਂਸਰ — ਦੂਜੇ ਇਨਾਮ ਦੇ ਸਪਾਂਸਰ



ਅੰਮ੍ਰਿਤਪਾਲ ਸਿੰਘ ਗਿੱਲ, ਐਮ ਆਰ ਦੂਬੇ ਐਡਵੋਕੇਟ ਪਟਿਆਲਾ, ਜਸਵਿੰਦਰ ਸਿੰਘ ਗਿੱਲ, ਨਾਜਰ ਸਿੰਘ ਗਿੱਲ



ਵਾਲੀਬਾਲ ਦਾ ਇਨਾਮ ਅਮਰਜੀਤ ਸਿੰਘ ਢੀਂਡਸਾ ਵਲੋਂ ਆਪਣੇ ਪਿਤਾ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ

ਕਬੱਡੀ ਟੀਮਾਂ ਦੇ ਸਪਾਂਸਰ



ਮਨਮੋਹਨ ਗਰੇਵਾਲ, ਬਰੈਟੀ ਗਿੱਲ, ਕਾਬਲ ਸਿੰਘ, ਹੈਪੀ ਨਿੱਜਰ, ਪ੍ਰੀਤਮ ਸਿੰਘ ਸਾਬਕਾ ਕਬੱਡੀ ਖਿਡਾਰੀ

ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ, ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਕੈਰੋਲਾਈਨਾ ਅਤੇ ਯੂਥਾ ਬ੍ਰਦਰਜ਼ ਸਪੋਰਟਸ ਕਲੱਬ ਕੈਲੀਫੋਰਨੀਆ ਦੀਆਂ ਕਬੱਡੀ ਟੀਮਾਂ ਭਾਗ ਲੈਣਗੀਆਂ

ਸਾਬਕਾ ਚੇਅਰਮੈਨ



ਮੁਖਤਿਆਰ ਸਿੰਘ ਨੰਦੜਾ, ਪਰਮਿੰਦਰ ਸਿੰਘ ਗਰੇਵਾਲ, ਰਣਬੀਰ ਸਿੰਘ ਧਾਲੀਵਾਲ, ਰਵਿੰਦਰਪਾਲ ਸਿੰਘ ਨੰਦੜਾ, ਹਰਇੰਦਰਜੀਤ ਧਾਲੀਵਾਲ, ਬਲਦੇਵ ਸਿੰਘ ਸੱਲ੍ਹਾਂ, ਗੁਰਮੀਤ ਸਿੰਘ ਸੱਲ੍ਹਾਂ, ਸਰਬਜੀਤ ਸਿੰਘ ਸੱਲ੍ਹਾਂ

ਸਾਬਕਾ ਪ੍ਰਧਾਨ



ਪਰਮਿੰਦਰ ਵਾਲੀਆ, ਜਿੰਦੀ ਖੰਗੂੜਾ, ਅਮਰਦੇਵ ਸਿੰਘ ਬੰਦੇਸ਼ਾ, ਰਛਪਾਲ ਸਿੰਘ ਖੰਗੂੜਾ, ਅੰਮ੍ਰਿਤਪਾਲ ਗਿੱਲ, ਹਰਦੀਪ ਸਿੰਘ ਬੰਦੇਸ਼ਾ, ਜਸਵਿੰਦਰ ਗਿੱਲ, ਗੁਰਦੇਵ ਸਿੰਘ ਗਿੱਲ

ਪ੍ਰਬੰਧਕੀ ਕਮੇਟੀ



ਜਿੰਦਰ ਬੈਨੀਪਾਲ ਖਜਾਨਚੀ, ਜਸਵਿੰਦਰ ਸਿੰਘ ਗਿੱਲ, ਨਾਜਰ ਸਿੰਘ ਗਿੱਲ, ਲਖਵਿੰਦਰ ਬਿਹਾਰੀਪੁਰ, ਜੋਧ ਸਿੰਘ ਸਿੱਧੂ, ਬੱਬੀ ਬਾਠ, ਬਲਜੀਤ ਮੰਗੀ, ਕਾਬਲ ਸਿੰਘ ਭੁੱਲਰ, ਸੁਰਿੰਦਰ ਭੱਟੀ, ਧਰਮਿੰਦਰ ਜਸਵਾਲ, ਹਰਬੰਤ ਗਰੇਵਾਲ, ਜੱਸੀ ਸਹੋਤਾ, ਡੀ. ਛੀਨਾ, ਮੋਹਨਜੀਤ ਸਿੰਘ, ਵਿੱਕੀ ਸ਼ੰਮੀਪੁਰੀਆ, ਗੁਰਮੀਤ ਧਾਲੀਵਾਲ, ਲਖਵਿੰਦਰ ਸਿੰਘ, ਸੁਖਰਾਜ ਸਿੰਘ ਤੱਖਰ, ਜਸਰੂਪ ਸਿੰਘ

**For Further Info.:**

| | | | |
|---|---|---|---|
| Balwinder Chatha 630-523-3412 | Jassi Gill 773-759-0433 | Jindhi Khangura 847-529-1464 | Parminder Walia 847-477-1613 |
| Amritpal Gill 920-460-1001 | Darshan Pamma 847-561-7101 | Amardev Singh 708-612-7963 | Baljit Mangi 773-469-9384 |
| | Jaswinder Gill 847-404-8882 | Jinder Benipal 773-895-2041 | Rashpal Khangura 847-361-4908 |

ਕਾਰ ਪਾਰਕਿੰਗ ਕਬੱਡੀ ਮੈਚ ਦੇ 11:00 ਵਜੇ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਕੀਤੀ ਜਾਵੇ ਜੀ

ਸਵੇਰ ਦਾ ਬਰੇਕਫਾਸਟ, ਚਾਹ, ਪਕੌੜੇ, ਜਲੇਬੀਆਂ ਦੀ ਸੇਵਾ, ਕਾਰਸੇਵਾ ਜਥਾ ਪੈਲਾਟਾਈਨ ਗੁਰੂਘਰ ਵਲੋਂ ਹੋਵੇਗੀ।

**ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ**

## ਅਪਣੇ ਵਿਰਸੇ ਨਾਲ ਜੁੜਣ ਲਈ ਸਿੱਖਾਂ ਨੂੰ 'ਦ ਬਲੈਕ ਪ੍ਰਿੰਸ' ਫਿਲਮ ਵੇਖਣ ਲਈ ਪ੍ਰੇਰ ਰਿਹੈ ਨੌਜਵਾਨ ਤਕਦੀਰ ਸਿੰਘ

**ਹਾਂਗਕਾਂਗ/ਜੰਗ ਬਹਾਦਰ ਸਿੰਘ:** ਈ-1 ਬਾਕਸਿੰਗ ਵਰਲਡ ਚੈਂਪੀਅਨਸ਼ਿਪ-2016 ਵਿਚ ਆਪਣੀ ਉਮਰ ਤੋਂ ਦੁੱਗਣੇ 37 ਸਾਲਾ ਬਾਕਸਰ ਐਮੀਗੋ ਸ਼ੋਈ ਨੂੰ 58 ਸਾਲਾ ਵਰਗ ਵਿਚ ਮਾਤ ਦੇਣ ਕਾਰਨ ਪੂਰੇ ਵਿਸ਼ਵ ਵਿਚ ਭਾਰਤੀਆਂ ਦਾ ਮਾਣ ਬਣਨ ਵਾਲੇ 16 ਸਾਲਾ ਤਕਦੀਰ ਸਿੰਘ ਵੱਲੋਂ ਸਿੱਖ ਵਿਰਸੇ ਵਿਰਾਸਤ ਪ੍ਰਤੀ ਚੇਤੰਨਤਾ ਲਈ ਹਾਂਗਕਾਂਗ ਦੇ ਇਕੋ-ਇਕ ਗੁਰਦੁਆਰਾ ਖਾਲਸਾ ਦੀਵਾਨ ਸਮੇਤ ਹਾਂਗਕਾਂਗ ਦੇ ਚੋਟੀ ਦੇ ਜਿੰਮ ਕਲੱਬਾਂ ਅਤੇ ਜਨਤਕ ਥਾਵਾਂ 'ਤੇ ਪ੍ਰਚਾਰ ਮੁਹਿੰਮ ਚਲਾ ਕੇ ਫ਼ਿਲਮ ਦ ਬਲੈਕ ਪ੍ਰਿੰਸ' ਵੇਖਣ ਲਈ ਲੋਕਾਂ ਨੂੰ ਪ੍ਰੇਰਿਆ ਜਾ ਰਿਹਾ ਹੈ। ਤਕਦੀਰ ਸਿੰਘ ਦਾ ਕਹਿਣਾ ਹੈ ਕਿ ਮਹਾਰਾਜਾ ਦਲੀਪ ਸਿੰਘ ਵਾਂਗ ਵਿਦੇਸ਼ਾਂ ਵਿਚ ਪਲੀ ਅਤੇ ਵੱਡੀ ਹੋਈ ਨੌਜਵਾਨ ਪੀੜ੍ਹੀ ਆਪਣੇ ਪਿਛੋਕੜ ਤੋਂ ਵਿਸਰੀ ਹੋਈ ਹੈ। ਤਕਦੀਰ ਸਿੰਘ ਮੁਤਾਬਿਕ ਹਾਲਾਤ ਜਾਂ ਕਾਰਨ ਭਾਵੇਂ ਵੱਖਰੇ ਹੋਣ, ਪਰ ਉਸ ਦੀ ਸੋਚ ਮੁਤਾਬਿਕ ਉਸ ਦੀ ਕਹਾਣੀ ਵੀ ਕੁਝ ਨਾ ਕੁਝ ਮਹਾਰਾਜਾ ਦਲੀਪ ਸਿੰਘ ਨਾਲ ਮਿਲਦੀ-ਜੁਲਦੀ ਮਹਿਸੂਸ ਹੁੰਦੀ ਹੈ। ਤਕਦੀਰ ਸਿੰਘ ਵੱਲੋਂ ਆਪਣੀ ਵਿਰਾਸਤ ਨੂੰ ਸਮਝਣ ਲਈ ਵਿਦੇਸ਼ਾਂ ਸਮੇਤ ਦੇਸ਼ ਵਿਚ ਰਹਿ ਰਹੇ ਪੂਰੇ ਭਾਰਤੀ ਭਾਈਚਾਰੇ ਨੂੰ ਘੱਟੋ-ਘੱਟ ਇਕ ਵਾਰੀ ਇਸ ਫ਼ਿਲਮ ਨੂੰ ਵੇਖਣ ਦੀ ਅਪੀਲ ਕੀਤੀ ਗਈ ਹੈ। ਇਥੇ ਜ਼ਿਕਰਯੋਗ ਹੈ ਕਿ ਵਿਸ਼ਵ ਪੱਧਰੀ ਨਾਮਣਾ ਖੱਟ ਚੁੱਕੇ ਬਾਕਸਰ ਤਕਦੀਰ ਸਿੰਘ ਵੱਲੋਂ ਅਗਲੇਰੇ ਵਿਸ਼ਵ ਪੱਧਰੀ ਬਾਕਸਿੰਗ ਮੁਕਾਬਲਿਆਂ ਵਿਚ ਸੰਪੂਰਨ ਤੌਰ 'ਤੇ ਕੇਸਾਧਾਰੀ ਹੋ ਕੇ ਸ਼ਮੂਲੀਅਤ ਦੀ ਪਾਈ ਗਈ ਅਪੀਲ ਸਬੰਧਿਤ ਮਹਿਕਮੇ ਵਿਚ ਵਿਚਾਰ ਅਧੀਨ ਹੈ।



ਵਿਸ਼ਵ ਪੱਧਰੀ ਖਿਡਾਰੀ ਤਕਦੀਰ ਸਿੰਘ ਆਪਣੇ ਕੋਚ ਅਤੇ ਹੋਰਨਾਂ ਨਾਲ ਫ਼ਿਲਮ 'ਬਲੈਕ ਪ੍ਰਿੰਸ' ਦੇ ਪ੍ਰਚਾਰ ਦੌਰਾਨ।

## ਜੇਕਰ ਸਿੱਖ ਨਸਲਕੁਸ਼ੀ 1984 ਨੂੰ ਇਨਸਾਫ ਮਿਲਿਆ ਹੁੰਦਾ ਤਾਂ ਗੁਜਰਾਤ ਕਤਲੇਆਮ 2002 ਨਾ ਵਾਪਰਦਾ: ਰਾਣਾ ਅਯੂਬ

**ਮੌਂਟਰੀਅਲ/ਬਿਊਰੋ ਨਿਊਜ਼:** ਗੁਜਰਾਤ ਵਿੱਚ ਮੁਸਲਮਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਉਸ ਵੇਲੇ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਇਸ਼ਾਰਿਆਂ ਉੱਤੇ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਜੱਗ ਜ਼ਾਹਰ ਕਰਨ ਵਾਲੀ ਲੇਖਕ ਤੇ ਪੱਤਰਕਾਰ ਰਾਣਾ ਅਯੂਬ ਦਾ ਕਹਿਣਾ ਹੈ ਕਿ ਜੇ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਨੂੰ ਇਨਸਾਫ ਮਿਲਿਆ ਹੁੰਦਾ ਤਾਂ ਮੁੰਬਈ 1993 ਦੀ ਨਸ਼ਲਕੁਸ਼ੀ ਨਾ ਹੁੰਦੀ ਜੇ 1993 ਦੀ ਨਸ਼ਲਕੁਸ਼ੀ ਨੂੰ ਇਨਸਾਫ ਮਿਲਿਆ ਹੁੰਦਾ ਤਾਂ 2002 ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ ਨਾ ਹੁੰਦੀ। ਬਹੁ ਚਰਚਿਤ ਕਿਤਾਬ ਗੁਜਰਾਤ ਫਾਈਲਜ਼' ਦੀ ਲੇਖਿਕਾ ਰਾਣਾ ਅਯੂਬ ਨੇ ਇਹ ਵਿਚਾਰ ਗੁਰੂਦੁਆਰਾ ਗੁਰੂ ਨਾਨਕ ਦਰਬਾਰ ਮੌਂਟੀਰੀਅਲ (ਕਿਉਬਿਕ) ਦੀ ਸਿੱਖ ਸੰਗਤ ਵੱਲੋਂ ਸਨਮਾਨਿਤ ਕੀਤੇ ਜਾਣ ਉਪਰੰਤ ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਵਰਨਣਯੋਗ ਹੈ ਕਿ ਪੱਤਰਕਾਰ ਰਾਣਾ ਅਯੂਬ ਨੇ ਤਹਿਲਕਾ' ਰਸਾਲੇ ਲਈ ਇਕ ਸਟਿੰਗ ਅਪਰੇਸ਼ਨ ਦੌਰਾਨ ਮੁਸਲਮਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਪੁਲੀਸ ਤੇ ਪ੍ਰਸ਼ਾਸਕੀ ਅਧਿਕਾਰੀਆਂ ਦੀ ਸ਼ਮੂਲੀਅਤ ਸਾਹਮਣੇ ਲਿਆਂਦੀ ਸੀ। ਇਸ ਤੋਂ ਪਹਿਲਾਂ ਰਾਣਾ ਅਯੂਬ ਵਲੋਂ ਤਹਿਲਕਾ ਲਈ ਇੱਕ ਵਿਸ਼ੇਸ਼ ਰਿਪੋਰਟ ਵਿੱਚ ਉਭਾਰੇ ਤੱਥਾਂ ਦੀ ਰੋਸ਼ਨੀ ਵਿੱਚ ਭਾਰਤੀ ਜਨਤਾ ਪਾਰਟੀ ਦੇ ਮੌਜੂਦਾ ਪ੍ਰਧਾਨ ਅਮਿਤ ਸ਼ਾਹ, ਜੋ ਉਸ ਵਕਤ ਗੁਜਰਾਤ ਦਾ ਮੰਤਰੀ ਸੀ, ਨੂੰ ਦੰਗੇ ਭੜਕਾਉਣ ਦੇ ਦੋਸ਼ਾਂ ਅਧੀਨ ਗ੍ਰਿਫਤਾਰ ਕਰਕੇ ਜੇਲ੍ਹ ਭੇਜਿਆ ਗਿਆ ਸੀ। ਭਾਵੇਂ ਬਾਅਦ ਵਿੱਚ ਰਾਜਸੀ ਕਾਰਨਾਂ ਕਾਰਨ ਉਸ ਵਿਰੁਧ ਲੇਸ ਰਫਾ ਦਫਾ ਕਰ ਦਿੱਤਾ ਗਿਆ। ਸਟਿੰਗ ਅਪਰੇਸ਼ਨ ਲਈ ਰਾਣਾ ਅਯੂਬ ਨੇ ਮੈਥਲੀ ਤਿਆਗੀ ਨਾਂ ਦੀ ਵਿਦੇਸ਼ੀ ਫਿਲਮਸਾਜ਼ ਦਾ ਭੇਸ ਧਾਰਿਆ ਸੀ, ਜਿਸ ਕਾਰਨ ਪ੍ਰਸ਼ਾਸਕੀ ਤੇ ਪੁਲੀਸ ਅਫ਼ਸਰਾਂ ਤੱਕ ਉਸ ਦੀ ਪਹੁੰਚ ਆਸਾਨ ਬਣੀ।



# ਡੇਰਾ ਮੁਖੀ ਬਾਰੇ ਫ਼ੈਸਲੇ ਦੇ ਮੱਦੇਨਜ਼ਰ ਪੰਜਾਬ-ਹਰਿਆਣਾ 'ਚ ਚੌਕਸੀ ਵਧਾਈ

### *ਪੰਜਾਬ 'ਚ ਨੀਮ ਫ਼ੌਜੀ ਬਲਾਂ ਦੀਆਂ 75 ਕੰਪਨੀਆਂ ਤਾਇਨਾਤ; ਹਰਿਆਣਾ 'ਚ ਧਾਰਾ 144 ਲਾਗੂ*

**ਚੰਡੀਗੜ੍ਹ/ਬਿਊਰੋ ਨਿਊਜ਼ :** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ ਸਾਧਵੀ ਬਲਾਤਕਾਰ ਕੇਸ ਵਿੱਚ ਪੰਚਕੂਲਾ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵੱਲੋਂ 25 ਅਗਸਤ ਨੂੰ ਸੁਣਾਏ ਜਾਣ ਵਾਲੇ ਫੈਸਲੇ ਦੇ ਮੱਦੇਨਜ਼ਰ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿੱਚ ਚੌਕਸੀ ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ। ਸਖ਼ਤ ਸੁਰੱਖਿਆ ਪਹਿਰਿਆਂ ਕਾਰਨ ਕਰਫਿਊ ਵਾਲੇ ਹਾਲਾਤ ਬਣ ਗਏ ਹਨ। ਦੋਵੇਂ ਸੂਬਿਆਂ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਨੀਮ ਫੌਜੀ ਬਲਾਂ ਤੇ ਪੁਲੀਸ ਵੱਲੋਂ ਫਲੈਗ ਮਾਰਚ ਕੀਤਾ ਗਿਆ। ਹਰਿਆਣਾ ਵਿਚ ਧਾਰਾ 144 ਲਗਾ ਦਿੱਤੀ ਹੈ। ਪੰਜਾਬ ਵਿਚ ਨੀਮ ਫੌਜੀ ਬਲਾਂ ਦੀਆਂ 75 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ ਅਤੇ ਕੁਝ ਹੋਰ ਕੰਪਨੀਆਂ ਦੇ ਜਲਦੀ ਪਹੁੰਚਣ ਦੀ ਸੰਭਾਵਨਾ ਹੈ। ਪੇਸ਼ੀ ਤੋਂ ਤਿੰਨ ਦਿਨ ਪਹਿਲਾਂ ਪੰਚਕੂਲਾ ਵਿਚ 15-20 ਹਜ਼ਾਰ ਡੇਰਾ ਪ੍ਰੇਮੀ ਪਹੁੰਚ ਗਏ ਹਨ, ਜਿਸ ਨਾਲ ਹਰਿਆਣਾ ਪੁਲੀਸ ਦੀ ਸਿਰਦਰਦੀ ਵੱਧ ਗਈ ਹੈ ਅਤੇ ਧਾਰਾ 144 ਦਾ ਅਸਰ ਵੀ ਮੱਧਮ ਪੈਂਦਾ ਲੱਗ ਰਿਹਾ ਹੈ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸੇ ਵੀ ਹਾਲਤ ਵਿਚ ਅਮਨ ਕਾਨੂੰਨ ਦੀ ਸਥਿਤੀ ਭੰਗ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਨੇ ਕਾਨੂੰਨ ਤੋੜਨ ਉਤੇ ਸਖ਼ਤ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ। ਮੁੱਖ ਮੰਤਰੀ ਨੇ ਸ਼ਾਂਤੀ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਨੂੰ ਅਦਾਲਤ ਦਾ ਫ਼ੈਸਲਾ ਸਵੀਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸੰਵੇਦਨਸ਼ੀਲ ਇਲਾਕਿਆਂ ਦੇ ਹਵਾਈ ਸਰਵੇਖਣ ਲਈ ਡੀਜੀਪੀ ਨੂੰ ਸਰਕਾਰ ਵੱਲੋਂ ਹੈਲੀਕਾਪਟਰ ਦਿੱਤਾ ਗਿਆ ਹੈ। ਪੰਜਾਬ ਪੁਲੀਸ ਮੁਖੀ ਸੁਰੇਸ਼ ਅਰੋੜਾ ਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਹਰਿਆਣਾ ਨਾਲ ਲੱਗਦੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਅਤੇ ਸਾਰੇ ਜ਼ਿਲ੍ਹਿਆਂ ਦੀ ਪੁਲੀਸ ਨੂੰ ਚੌਕਸ ਕੀਤਾ। ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਹੋਰ ਸੀਨੀਅਰ ਅਧਿਕਾਰੀਆਂ ਸਮੇਤ ਹੈਲੀਕਾਪਟਰ ਰਾਹੀਂ ਸੂਬੇ ਦੇ ਸਭ ਤੋਂ ਨਾਜ਼ੁਕ ਜ਼ੋਨ ਬਠਿੰਡਾ ਪਹੁੰਚੇ। ਉਨ੍ਹਾਂ ਨੇ ਬਠਿੰਡਾ ਤੇ ਮਾਨਸਾ ਦੇ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਹਦਾਇਤ ਕੀਤੀ ਕਿ ਕਿਤੇ ਪੱਤਾ ਨਹੀਂ ਹਿੱਲਣਾ ਚਾਹੀਦਾ ਅਤੇ ਅਧਿਕਾਰੀਆਂ ਨੂੰ ਸਥਿਤੀ ਨਾਲ ਨਜਿੱਠਣ ਲਈ ਖੁੱਲ੍ਹੀ ਛੁੱਟੀ ਦਿੱਤੀ। ਇਸ ਬਾਅਦ ਉਨ੍ਹਾਂ ਨੇ ਮੋਗਾ ਵਿਚ ਫ਼ਰੀਦਕੋਟ, ਮੋਗਾ, ਜਗਰਾਉਂ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਪੁਲੀਸ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ।





"ਬ੍ਰਹਮਗਿਆਨੀ"

# ਬਾਬਾ ਨੰਦ ਸਿੰਘ ਜੀ

## ਦੀ ਬਰਸੀ ਨੂੰ ਸਮਰਪਿਤ ਪ੍ਰੋਗਰਾਮ

ਗੁਰਦੁਆਰਾ ਸਾਹਿਬ
ਖਾਲਸਾ ਕੇਅਰ ਫਾਊਂਡੇਸ਼ਨ ਵਿਖੇ

AT GURDWARA SAHIB
KHALSA CARE FOUNDATION

9989 Laurel Canyon Blvd, Pacoima CA 91331





**20 AUGUST (SUNDAY) & 27 AUGUST (SUNDAY)**

11.00 am - 01.00 pm
KIRTAN BY BHAI GURDAYAL SINGH JI (U.K.)
KATHA BABA AVTAR SINGH JI (Badhni Kalan)

**21 AUGUST (MONDAY) TO 26 AUGUST (SATURDAY)**

06.30 pm - 08.30 pm
KIRTAN BY BHAI GURDAYAL SINGH JI (U.K.)
KATHA BABA AVTAR SINGH JI (Badhni Kalan)

**BHAI KANHAIYA JEE LANGAR SEWA DAL**

FOR MORE INFORMATION PLEASE CONTACT:
BALDEV SINGH (818) 468-9595 BALWINDER SINGH (818) 404-0811
MAKHAN SINGH (661) 225-7157 PARAMJIT SINGH (626) 354-6653

Printed by: SS #9873467767

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001 E Walnut Drive, South Walnut, CA, 91789

## ਗੁਰੂ ਅੰਗਦ ਦੇਵ ਚਿਲਡਰਨ ਅਕੈਡਮੀ

2017-2018 ਗੱਤਕਾ ਸਕੂਲ ਵਿਚ ਤੁਹਾਡਾ ਸੁਆਗਤ ਹੈ
ਫੁਲਵਾੜੀ ਤੋਂ 6ਵੇਂ ਗ੍ਰੇਡ ਤੱਕ ਕਲਾਸਾਂ

Welcome to the 2017-2018 GADCA school year!
Classes from Phulwari-6th grade



**ਸਥਾਨ:**
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਲਨਟ
20001 E Walnut Drive,
South Walnut, CA, 91789

**ਨਵੇਂ ਦਾਖਲੇ ਸ਼ੁਰੂ**
ਨਵੇਂ ਵਿਦਿਆਰਥੀ ਦਫ਼ਤਰ ਵਿਚ
ਆ ਕੇ ਮਿਲ ਸਕਦੇ ਹਨ

**ਵਿਸ਼ੇਸ਼ ਕਲਾਸਾਂ:**
ਗੱਤਕਾ, ਕੀਰਤਨ, ਗੁਰਮਤਿ,
ਗੁਰਬਾਣੀ ਅਤੇ ਗੁਰਮੁਖੀ

For More Information Contact :
**Jagjit Singh Ph: 626-239-5621 & Principal Annie Juneja**

## ਘੋੜਿਆਂ ਵਾਲੀ ਵਹੀਰ ਦੇ ਮੁਖੀ ਜਥੇਦਾਰ ਬਹਾਦਰ ਸਿੰਘ ਦਾ ਕਤਲ

**ਰੂੜਕੇ ਕਲਾਂ/ਬਿਊਰੋ ਨਿਊਜ਼ :** ਨੇੜਲੇ ਪਿੰਡ ਕਾਹਨਕੇ ਵਿੱਚ ਬੁੱਢਾ ਦਲ ਛਿਆਨਵੇਂ ਕਰੋੜੀ ਦੇ ਮੀਤ ਜਥੇਦਾਰ ਤੇ ਘੋੜਿਆਂ ਵਾਲੀ ਵਹੀਰ ਦੇ ਮੁਖੀ ਜਥੇਦਾਰ ਬਹਾਦਰ ਸਿੰਘ ਦਾ ਬੀਤੀ ਰਾਤ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਉਹ ਆਪਣੇ ਜਥੇ ਨਾਲ ਪਿਛਲੇ ਤਿੰਨ ਦਿਨਾਂ ਤੋਂ ਪਿੰਡ ਕਾਹਨਕੇ ਆਇਆ ਹੋਇਆ ਸੀ ਅਤੇ ਸਾਥੀਆਂ ਸਮੇਤ ਪਿੰਡ ਵਿਚਲੀ ਧਰਮਸ਼ਾਲਾ ਵਿੱਚ ਸੁੱਤਾ ਪਿਆ ਸੀ। ਰਾਤ ਨੂੰ ਕੁਝ ਵਿਅਕਤੀਆਂ ਨੇ ਕੰਧ ਟੱਪ ਕੇ ਬਹਾਦਰ ਸਿੰਘ



ਦੇ ਗੋਲੀਆਂ ਮਾਰ ਦਿੱਤੀਆਂ, ਜਿਸ ਕਰ ਕੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਹਮਲਾਵਰ ਫ਼ਰਾਰ ਹੋ ਗਏ। ਐਸਪੀ (ਬਰਨਾਲਾ) ਸਵਰਨ ਸਿੰਘ ਖੰਨਾ, ਡੀਐਸਪੀ (ਤਪਾ) ਅੱਛਰੂ ਰਾਮ ਸ਼ਰਮਾ, ਥਾਣਾ ਰੂੜੇਕੇ ਕਲਾਂ ਦੇ ਮੁਖੀ ਮਲਕੀਤ ਸਿੰਘ ਚੀਮਾ ਨੇ ਘਟਨਾ ਸਥਾਨ ਦਾ ਜ਼ਾਇਜਾ ਲਿਆ। ਜ਼ਿਕਰਯੋਗ ਹੈ ਕਿ ਸੁਰਜੀਤ ਸਿੰਘ (ਬੁੱਢਾ ਦਲ) ਦੇ ਧੜੇ ਦਾ ਬਲਵੀਰ ਸਿੰਘ ਧੜੇ ਨਾਲ ਕਾਫੀ ਸਮੇਂ ਤੋਂ ਝਗੜਾ ਚੱਲਦਾ ਹੈ।2012 ਵਿੱਚ ਵੀ ਤਲਵੰਡੀ ਸਾਬੋ ਵਿੱਚ ਬਹਾਦਰ ਸਿੰਘ 'ਤੇ ਜਾਨਲੇਵਾ ਹਮਲਾ ਹੋਇਆ ਸੀ ਤੇ ਬਠਿੰਡਾ ਦੀ ਇੱਕ ਅਦਾਲਤ ਵਿੱਚ ਉਸ ਦੀ ਗਵਾਹ ਵਜੋਂ ਪੇਸ਼ੀ ਸੀ। ਪੁਲੀਸ ਨੇ ਇਸ ਸਬੰਧੀ ਲਾਲ ਸਿੰਘ ਵਾਸੀ ਅਕਬਰਪੁਰ, ਸੁਲੱਖਣ ਸਿਘ ਵਾਸੀ ਕਰਨਪੁਰ, ਜਸਮੇਲ ਸਿੰਘ ਵਾਸੀ ਬੋਪਾਰਾਏ ਦੇ ਬਿਆਨਾਂ 'ਤੇ ਜਸਪਾਲ ਸਿੰਘ, ਸੁਖਵਿੰਦਰ ਸਿੰਘ, ਜਗਰਾਜ ਸਿੰਘ ਵਾਸੀ ਤਲੰਵਡੀ, ਬਲਦੇਵ ਸਿੰਘ, ਅਰਜਨ ਵਾਸੀ ਮਹਿਮਾ ਸਿਵਾਈ, ਸਰਵਣ ਸਿੰਘ ਮਝੈਲ ਖ਼ਿਲਾਫ਼ ਕਤਲ ਕੇਸ ਦਰਜ ਕਰ ਲਿਆ ਹੈ।

# ਸੱਤੀ ਨੂੰ ਲਾਂਭੇ ਕਰ ਕੇ ਸੁਰਜੀਤ ਪਾਤਰ ਨੂੰ ਕਲਾ ਪ੍ਰੀਸ਼ੱਦ ਦਾ ਚੇਅਰਮੈਨ ਨਿਯਕੁਤ ਕੀਤਾ

### *ਨਵਜੋਤ ਸਿੱਧੂ ਨੇ ਘਰ ਜਾ ਕੇ ਸੌਂਪਿਆ ਨਿਯੁਕਤੀ ਪੱਤਰ*

**ਲੁਧਿਆਣਾ/ਬਿਊਰੋ ਨਿਊਜ਼ :** ਕਾਂਗਰਸ ਸਰਕਾਰ ਨੇ ਸਤਿੰਦਰ ਸੱਤੀ ਨੂੰ ਹਟਾ ਕੇ ਉੱਘੇ ਸ਼ਾਇਰ ਡਾ. ਸੁਰਜੀਤ ਪਾਤਰ ਨੂੰ ਪੰਜਾਬ ਕਲਾ ਪ੍ਰੀਸ਼ਦ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ। ਸਭਿਆਚਾਰ ਤੇ ਸੈਰ ਸਪਾਟਾ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਡਾ. ਪਾਤਰ ਨੂੰ ਉਨ੍ਹਾਂ ਦੇ ਘਰ ਜਾ ਕੇ ਨਿਯੁਕਤੀ ਪੱਤਰ ਸੌਂਪਿਆ। ਲੁਧਿਆਣਾ ਪਹੁੰਚੇ ਸ੍ਰੀ ਸਿੱਧੂ ਨੇ ਕਿਹਾ ਕਿ ਸੂਬੇ ਦੇ ਅਮੀਰ ਸਭਿਆਚਾਰ ਨੂੰ ਪ੍ਰਫੁੱਲਤ ਕਰਨਾ ਸਰਕਾਰ ਦਾ ਮੁੱਖ ਮਕਸਦ ਹੈ। ਇਸ ਲਈ ਪੁਰਾਤਨ ਸਭਿਆਚਾਰ ਦੀ ਨੁਮਾਇੰਦਗੀ ਕਰਦੀਆਂ ਥਾਵਾਂ ਨੂੰ ਸੈਰ ਸਪਾਟੇ ਲਈ ਵਿਕਸਤ ਕੀਤਾ ਜਾਵੇਗਾ ਅਤੇ ਨੌਜਵਾਨ ਪੀੜ੍ਹੀ ਨੂੰ ਸਭਿਆਚਾਰ ਨਾਲ ਜੋੜਨ ਲਈ ਵੀ ਅਹਿਮ ਪ੍ਰੋਗਰਾਮ ਉਲੀਕੇ ਜਾਣਗੇ। ਸ੍ਰੀ ਸਿੱਧੂ ਨੇ ਕਿਹਾ ਕਿ ਡਾ. ਪਾਤਰ ਦੀ ਨਿਯੁਕਤੀ ਨਾਲ ਸਭਿਆਚਾਰ/ਸਾਹਿਤ ਨਾਲ ਜੁੜੀਆਂ ਸ਼ਖ਼ਸੀਅਤਾਂ ਵਿਚ ਖੁਸ਼ੀ ਪਾਈ ਜਾ ਰਹੀ ਹੈ ਅਤੇ ਇਸ ਨਿਯੁਕਤੀ ਨਾਲ ਨਵੀਆਂ ਪੁਲਾਂਘਾਂ ਪੁੱਟੇ ਜਾਣ ਦੀ ਆਸ ਵੀ ਬੱਝੀ ਹੈ। ਡਾ. ਪਾਤਰ ਨੂੰ ਨਵੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਦੱਸਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਆਉਂਦੇ ਸਮੇਂ ਵਿਚ ਪੰਜਾਬ ਕਲਾ ਪ੍ਰੀਸ਼ਦ ਨਾਲ ਸਿੱਧੇ ਤੌਰ 'ਤੇ ਇੱਕ ਲੱਖ ਦੇ ਕਰੀਬ ਸਭਿਆਚਾਰ ਅਤੇ ਕਲਾ ਪ੍ਰੇਮੀਆਂ ਨੂੰ ਜੋੜਿਆ ਜਾਵੇਗਾ। ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਇੱਕ ਮਹੀਨੇ ਵਿਚ ਪੰਜਾਬੀ ਕਲਾ ਤੇ ਸਭਿਆਚਾਰ ਦੀ ਪਾਰਲੀਮੈਂਟ ਸਿਰਜੀ ਜਾਵੇ, ਜਿਸ ਵਿਚ ਪੰਜਾਬੀ ਕਲਾ ਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸਕਾਰਾਤਮਕ ਵਿਚਾਰਾਂ ਕੀਤੀਆਂ ਜਾ ਸਕਣ। ਡਾ. ਸੁਰਜੀਤ ਪਾਤਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਨਵਜੋਤ ਸਿੱਧੂ ਤੇ ਕਲਾ ਪ੍ਰੇਮੀਆਂ ਨੂੰ ਭਰੋਸਾ ਦਿੱਤਾ ਕਿ ਉਹ ਪੰਜਾਬ ਕਲਾ ਪ੍ਰੀਸ਼ਦ ਨਾਲ ਲੋਕ ਲਹਿਰ ਖੜ੍ਹੀ ਕਰਕੇ ਪੰਜਾਬੀ ਸਭਿਆਚਾਰ ਅਤੇ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਸਮਰਪਿਤ ਹੋ ਕੇ ਯੋਗਦਾਨ ਦੇਣਗੇ। ਉਨ੍ਹਾਂ ਦੀ ਕੋਸ਼ਿਸ਼ ਹੋਵੇਗੀ ਕਿ ਪੰਜਾਬ ਦੇ ਕੋਨੇ-ਕੋਨੇ ਵਿਚ ਸੰਗੀਤ, ਕਵਿਤਾ ਤੇ ਗਾਇਨ ਮੁਕਾਬਲੇ



**ਡਾ. ਸੁਰਜੀਤ ਪਾਤਰ ਨੂੰ ਨਿਯੁਕਤੀ ਪੱਤਰ ਸੌਂਪਦੇ ਹੋਏ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ।**

ਕਰਵਾ ਕੇ ਲੋਕਾਂ ਨੂੰ ਕਲਾ ਤੇ ਸਭਿਆਚਾਰ ਨਾਲ ਜੋੜਿਆ ਜਾਵੇ ਤਾਂ ਜੋ ਇਸ ਦਾ ਦਾਇਰਾ ਹੋਰ ਵਿਸ਼ਾਲ ਹੋ ਸਕੇ। ਇਸ ਦੇ ਪਸਾਰੇ ਲਈ ਸਕੂਲਾਂ/ਕਾਲਜਾਂ ਤਕ ਵੀ ਪਹੁੰਚ ਕੀਤੀ ਜਾਵੇਗੀ। ਥੀਏਟਰ ਅਤੇ ਸਭਿਆਚਾਰ ਦੀਆਂ ਹੋਰ ਵੰਨਗੀਆਂ ਨੂੰ ਵੀ ਪ੍ਰਫੁੱਲਤ ਕੀਤਾ ਜਾਵੇਗਾ। ਡਾ. ਪਾਤਰ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਐਮਪੀ ਰਵਨੀਤ ਸਿੰਘ ਬਿੱਟੂ, ਵਿਧਾਇਕ ਭਾਰਤ ਭੂਸ਼ਣ ਆਸ਼ੂ ਤੇ ਸੁਰਿੰਦਰ ਡਾਬਰ, ਸਭਿਆਚਾਰ ਵਿਭਾਗ ਦੇ ਡਾਇਰੈਕਟਰ ਸ਼ਿਵਦੁਲਾਰ ਸਿੰਘ ਢਿੱਲੋਂ, ਨਗਰ ਨਿਗਮ ਦੇ ਕਮਿਸ਼ਨਰ ਜਸਕਿਰਨ ਸਿੰਘ, ਗਾਇਕ ਪੰਮੀ ਬਾਈ ਵੀ ਹਾਜ਼ਰ ਸਨ।

## ਮਾਣਹਾਨੀ ਕੇਸ ਵਿਚ ਕੇਜਰੀਵਾਲ ਨੇ ਭਾਜਪਾ ਆਗੂ ਤੋਂ ਮੰਗੀ ਮੁਆਫ਼ੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਦੇ ਭਾਜਪਾ ਆਗੂ ਅਵਤਾਰ ਸਿੰਘ ਭੜਾਨਾ ਕੋਲੋਂ ਪਟਿਆਲਾ ਹਾਊਸ ਕੋਰਟ ਵਿਚ ਮੁਆਫ਼ੀ ਮੰਗ ਲਈ ਹੈ ਤੇ ਭੜਾਨਾ ਨੇ ਆਪਣਾ ਮੁਕੱਦਮਾ ਵਾਪਸ ਲੈ ਲਿਆ ਹੈ। ਪਟਿਆਲਾ ਹਾਊਸ ਕੋਰਟ ਵਿਚ ਭੜਾਨਾ ਨੇ ਕੇਜਰੀਵਾਲ ਵਿਰੁੱਧ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਸੀ ਤੇ ਇਕ ਕਰੋੜ ਰੁਪਏ ਦਾ ਮੁਆਵਜ਼ਾ ਮੰਗਿਆ ਸੀ। ਕੇਜਰੀਵਾਲ ਨੇ ਉਸ ਬਾਰੇ ਸਾਲ 2014 ਵਿਚ ਇਤਰਾਜ਼ਯੋਗ ਬਿਆਨ ਦਿੱਤਾ ਸੀ। ਉਸ ਨੇ ਕਿਹਾ ਸੀ ਕਿ ਭੜਾਨਾ ਦੇਸ਼ ਦੇ ਸਭ ਤੋਂ ਭ੍ਰਿਸ਼ਟ ਵਿਅਕਤੀਆਂ ਵਿਚੋਂ ਇਕ ਹੈ। ਭੜਾਨਾ ਨੇ ਕਿਹਾ ਕਿ ਇਜ਼ਤਦਾਰ ਨਾਗਰਿਕ ਹਾਂ ਤੇ ਇਸ ਟਿੱਪਣੀ ਕਰਾਨ ਉਸ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚੀ ਹੈ।



ਉਸ ਨੇ ਕੇਜਰੀਵਾਲ ਨੂੰ ਕਾਨੂੰਨੀ ਨੋਟਿਸ ਭੇਜ ਕੇ ਮੁਆਫ਼ੀ ਮੰਗਣ ਲਈ ਕਿਹਾ ਸੀ ਪਰ ਕੇਜਰੀਵਾਲ ਨੇ ਅਜਿਹਾ ਨਹੀਂ ਕੀਤਾ। ਹੁਣ ਕੇਜਰੀਵਾਲ ਨੇ ਅਦਾਲਤ ਵਿਚ ਲਿਖਤੀ ਮੁਆਫ਼ੀ ਮੰਗੀ ਹੈ ਕਿ ਆਪਣੇ ਸਾਥੀ ਦੁਆਰਾ ਉਕਸਾਉਣ 'ਤੇ ਉਸ ਨੇ ਭੜਾਨਾ ਵਿਰੁੱਧ ਦੋਸ਼ ਲਾਏ ਸਨ। ਬਾਅਦ ਵਿਚ ਪਤਾ ਲੱਗਾ ਕਿ ਦੋਸ਼ ਸਹੀ ਨਹੀਂ ਹਨ। ਕੇਜਰੀਵਾਲ ਨੇ ਕਿਹਾ ਕਿ ਅਜਿਹੇ ਦੋਸ਼ ਲਾ ਕੇ ਉਨ੍ਹਾਂ ਦੇ ਮਾਣ ਨੂੰ ਠੇਸ ਪਹੁੰਚਾਉਣ ਦਾ ਕੋਈ ਇਰਾਦਾ ਨਹੀਂ ਸੀ।

## ਹੇਮਕੁੰਟ ਸਾਹਿਬ ਦੇ ਕਿਵਾੜ 10 ਅਕਤੂਬਰ ਨੂੰ ਬੰਦ ਹੋਣਗੇ

**ਦੇਹਰਾਦੂਨ/ਬਿਊਰੋ ਨਿਊਜ਼ :** ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 10 ਅਕਤੂਬਰ ਨੂੰ ਬੰਦ ਕਰ ਦਿੱਤੇ ਜਾਣਗੇ। ਇਸ ਸਬੰਧੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਰਿਸ਼ੀਕੇਸ਼ ਵਿਚ ਹੋਈ ਟਰੱਸਟੀਜ਼ ਦੀ ਬੈਠਕ ਤੋਂ ਬਾਅਦ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਉਪ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ 10 ਅਕਤੂਬਰ ਨੂੰ ਦੁਪਹਿਰ ਇਕ ਵਜੇ ਅਰਦਾਸ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ 25 ਮਈ ਤੋਂ ਸ਼ੁਰੂ ਹੋਈ ਗੁਰਦੁਆਰਾ ਸਾਹਿਬ ਦੀ ਯਾਤਰਾ ਵਿਚ 21 ਅਗਸਤ ਤੱਕ 2 ਲੱਖ 12 ਹਜ਼ਾਰ ਦੇ ਕਰੀਬ ਸ਼ਰਧਾਲੂਆਂ ਨੇ ਮੱਥਾ ਟੇਕਿਆ।

CALIFORNIA
IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਕੈਨੇਡਾ ’ਚ ਕੱਟੜ ਹਿੰਦੂ ਜਥੇਬੰਦੀਆਂ ਦੀ ਆਵਾਜ਼ ਉੱਚੀ ਹੋਣ ਲੱਗੀ : ਰਚਨਾ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ (ਬੀਸੀ) ਦੇ ਹਲਕੇ ਸਰੀ ਗਰੀਨ ਟਿੰਬਰ ਦੀ ਵਿਧਾਇਕਾ ਰਚਨਾ ਸਿੰਘ ਨੇ ਕਿਹਾ ਕਿ ਭਾਰਤ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਹਿੰਦੂ ਧਰਮ ਦੀਆਂ ਕੱਟੜ ਜਥੇਬੰਦੀਆਂ ਕੈਨੇਡਾ ਵਿੱਚ ਵੀ ਸਰਗਰਮ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਆਰਐਸਐਸ ਵਰਗੀ ਕਿਸੇ ਸੰਸਥਾ ਦਾ ਵਜੂਦ ਤਾਂ ਨਹੀਂ ਹੈ, ਪਰ ਆਰਐਸਐਸ ਨਾਲ ਮਿਲਦੀਆਂ-ਜੁਲਦੀਆਂ ਕਈ ਜਥੇਬੰਦੀਆਂ ਉੱਥੋਂ ਦੇ ਮੰਦਰਾਂ ਵਿਚ ਟੋਟਿਆਂ ਦੇ ਰੂਪ ਵਿੱਚ ਚਿਰਾਂ ਤੋਂ ਵੱਸੀਆਂ ਹੋਈਆਂ ਹਨ। ਵਿਧਾਇਕਾ ਨੇ ਕਿਹਾ ਕਿ ਪਹਿਲਾਂ ਇਹ ਜਥੇਬੰਦੀਆਂ ਦੱਬਵੀਂ ਆਵਾਜ਼ ਵਿੱਚ ਸਰਗਰਮ ਸਨ ਤੇ ਮੋਦੀ ਸਰਕਾਰ ਬਣਨ ਤੋਂ ਬਾਅਦ ਇਹ ਖੁੱਲ੍ਹ ਕੇ ਸਾਹਮਣੇ ਆਈਆਂ ਹਨ।

ਇੱਥੇ ਆਲ ਇੰਡੀਆ ਪੀਸ ਐਂਡ ਸੌਲੀਡੈਰਿਟੀ ਆਰਗੇਨਾਈਜੇਸ਼ਨ ਵੱਲੋਂ ਵਿਧਾਇਕ ਰਚਨਾ ਸਿੰਘ ਦਾ ਸਨਮਾਨ ਕਰਨ ਲਈ ਸਮਾਗਮ ਕਰਾਇਆ ਗਿਆ ਸੀ। ਸਮਾਗਮ ਦੀ ਪ੍ਰਧਾਨਗੀ ਗੁਲਜ਼ਾਰ ਸਿੰਘ ਸੰਧੂ ਨੇ ਕੀਤੀ ਤੇ ਸ਼ੁਰੂਆਤ ਵਿੱਚ ਆਰ ਐੱਲ ਮੋਦਗਿਲ ਨੇ ਰਚਨਾ ਸਿੰਘ ਦਾ ਸਵਾਗਤ ਕੀਤਾ। ਇਸ ਮੌਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਹਰਚੰਦ ਸਿੰਘ ਬਾਠ ਨੇ ਸਰੋਤਿਆਂ ਨਾਲ ਵਿਧਾਇਕਾ ਦੀ ਜਾਣ-ਪਛਾਣ ਕਰਵਾਈ। ਸਮਾਗਮ ਨੂੰ ਸੰਬੋਧਨ ਕਰਦਿਆਂ ਰਚਨਾ ਸਿੰਘ ਨੇ ਕਿਹਾ ਕਿ ਨਸਲੀ ਭੇਦਭਾਵ ਦਾ ਅੰਸ਼ ਅੱਜ ਵੀ ਕੈਨੇਡਾ ਵਿੱਚ ਮੌਜੂਦ ਹੈ ਪਰ ਇਹ ਭੇਦਭਾਵ ਵੱਡੇ ਪੱਧਰ ’ਤੇ ਨਹੀਂ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਵੱਸਦੇ ਪੰਜਾਬੀ ਨੌਜਵਾਨ ਅਤੇ ਬੱਚੇ ਚੰਡੀਗੜ੍ਹ ਵਿਚ ਰਹਿੰਦੇ ਨੌਜਵਾਨਾਂ ਅਤੇ ਬੱਚਿਆਂ ਨਾਲੋਂ ਵਧੀਆ ਪੰਜਾਬੀ ਬੋਲਦੇ ਹਨ। ਕੈਨੇਡਾ ਵਿੱਚ ਪੰਜਾਬੀ ਭਾਸ਼ਾ ਨੂੰ ਲਗਾਤਾਰ ਹੁਲਾਰਾ ਮਿਲ ਰਿਹਾ ਹੈ।



**ਸਮਾਗਮ ਦੌਰਾਨ ਸੰਬੋਧਨ ਕਰਦੀ ਹੋਈ ਵਿਧਾਇਕਾ ਰਚਨਾ ਸਿੰਘ।**

# ਦੱਖਣੀ ਕੈਲੀਫੋਰਨੀਆ ਤੋਂ ਗਰੈਜੂਏਟ ਹੋਏ ਸਿੱਖ ਵਿਦਿਆਰਥੀਆਂ ਦਾ ਸਨਮਾਨ





**ਖੱਬੇ ਤੋਂ ਸੱਜੇ-ਕੇਵਲ ਕੰਡਾ, ਅਵੱਲ ਆਈ ਸਾਸ਼ਾ ਜੋਤੀ ਸਿੰਘ, ਡਾਇਰੈਕਟਰ ਕਵੀ ਰਾਜ਼, ਜਗਦੀਸ਼ ਖੰਘੂੜਾ ਅਤੇ ਦੂਜੀ ਤਸਵੀਰ ਵਿਚ ਸਾਰੇ ਅਵਾਰਡੀ, ਸਪਾਂਸਰ ਤੇ ਵਾਲੰਟੀਅਰ**

## *ਸਾਸ਼ਾ ਜੋਤੀ ਸਿੰਘ ਤੇ ਤਨੀਸ਼ਾ ਸਿੰਘ ਨੇ ਸਿੱਖ ਹੈਰੀਟੇਜ ਐਵਾਰਡ ਜਿੱਤਿਆ*

**ਲਾਸ ਏਂਜਲਸ/ਬਿਊਰੋ ਨਿਊਜ਼ :**

ਸਾਸ਼ਾ ਜੋਤੀ ਸਿੰਘ ਅਤੇ ਤਨੀਸ਼ਾ ਸਿੰਘ ਨੇ ਪਹਿਲੇ ਸਿੱਖ ਅਮੈਰੀਕਨ ਹੈਰੀਟੇਜ ਸੁਸਾਇਟੀ ਵਲੋਂ ਕਰਵਾਏ ਗਏ ਸਮਾਰੋਹ ਦੌਰਾਨ ਹਾਈ ਤੇ ਮਿਡਲ ਸਕੂਲ ਅਕਾਦਮਿਕ ਵਰਗ ’ਚੋਂ ਮੋਹਰੀ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਇਹ ਸਮਾਰੋਹ ਰੋਇਲ ਦਿੱਲੀ ਪੈਲੇਸ ਬੈਂਕੁਟ ਹਾਲ, ਕੈਨੋਗਾ ਪਾਰਕ ਵਿਚ ਹੋਇਆ।

ਖਚਾਖਚ ਭਰੇ ਹਾਲ ਵਿਚ ਸਾਸ਼ਾ ਸਿੰਘ ਨੇ ਹਾਈ ਸਕੂਲ ਕੈਟਾਗਰੀ ਵਿਚੋਂ 2500 ਡਾਲਰ ਦਾ ਇਨਾਮ ਜਿੱਤਿਆ। ਦੂਜੇ ਸਥਾਨ ’ਤੇ ਗੁਰਜੀਵ ਕੌਰ ਰਹੀ, ਜਿਸ ਨੂੰ 2000 ਡਾਲਰ ਦਾ ਇਨਾਮ ਦਿੱਤਾ ਗਿਆ ਜਦਕਿ ਤੀਜੇ ਸਥਾਨ ’ਤੇ ਆਈ ਨਵਨੀਤ ਕੌਰ ਸੰਧੂ ਨੂੰ ਇਕ ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ। ਅਕਾਦਮਿਕ ਖੇਤਰ ਦੇ ਇਲਾਵਾ ਸਾਸ਼ਾ ਜੋਤੀ ਸਿੰਘ ਨੂੰ ਸਕੂਲ ਦੇ ਅੰਦਰ ਅਤੇ ਬਾਹਰ 10ਵੀਂ ਤੇ 12ਵੀਂ ਗਰੇਡ ਦੌਰਾਨ ਕਮਿਊਨਿਟੀ ਸਰਵਿਸਿਜ਼ ਲਈ ਵੀ 750 ਡਾਲਰ ਦਾ ਇਨਾਮ ਦਿੱਤਾ ਗਿਆ।

ਤਨੀਸ਼ਾ ਸਿੰਘ ਨੇ ਮਿਡਲ ਸਕੂਲ ਕੈਟਾਗਰੀ ਵਿਚੋਂ ਮੋਹਰੀ ਸਥਾਨ ਹਾਸਲ ਕੀਤਾ। ਦੂਸਰੇ ਸਥਾਨ ’ਤ ਆਨੰਦ ਜਸਕੀਰਤ ਸਿੰਘ ਰਹੀ ਜਦਕਿ ਤੀਜਾ ਸਥਾਨ ਮਾਇਆ ਸਿੰਘ ਨੇ ਹਾਸਲ ਕੀਤਾ। ਅਗਲੇ 3 ਜੇਤੂਆਂ ਵਿਚ ਮਹਿਕਦੀਪ ਕੌਰ, ਹਰਮਨਪ੍ਰੀਤ ਕੌਰ ਅਤੇ ਸਰੀਨਾ ਦਾ ਨਾਂ ਜ਼ਿਕਰਯੋਗ ਹੈ। ਮਾਇਆ ਸਿੰਘ ਤੇ ਤਨੀਸ਼ਾ ਸਿੰਘ ਨੇ ਵਿਜ਼ੂਲ ਐਂਡ ਪਰਫੌਰਮਿੰਗ ਆਰਟਸ ਕੈਟਾਗਰੀ ਵਿਚ ਵੀ ਪਹਿਲਾ ਤੇ ਦੂਜਾ ਸਥਾਨ ਹਾਸਲ ਕੀਤਾ।

ਇਹ ਵਜ਼ੀਫ਼ੇ ਦੇਣ ਦੀ ਸ਼ੁਰੂਆਤ ਲਾਸ ਏਂਜਲਸ ਦੇ ਕਾਰੋਬਾਰੀ ਜਗਦੀਸ਼ ਖੰਘੂੜਾ ਵਲੋਂ ਕੀਤੀ ਗਈ ਹੈ। ਉਨ੍ਹਾਂ ਨੇ ਵਜ਼ੀਫ਼ਾ ਸਕੀਮ ਪੰਜਾਬ ਵਿਚ ਸ਼ੁਰੂ ਕੀਤੀ ਹੈ ਜੋ ਉਹ ਆਪਣੇ ਦਾਦਾ ਕਰਤਾਰ ਸਿੰਘ ਢੁੱਕੀ ਦੀ ਯਾਦ ਵਿਚ ਦਿੰਦੇ ਹਨ। ਉਨ੍ਹਾਂ ਦੇ ਦਾਦਾ ਜੀ ਗ਼ਦਰ ਲਹਿਰ ਦੇ ਨਾਇਕ ਸਨ ਜੋ 1913-14 ਵਿਚ ਸਾਨ ਫਰਾਂਸਿਸਕੋ ਵਿਚ ਗ਼ਦਰ ਪ੍ਰੈੱਸ ਦੇ ਇੰਚਾਰਜ ਸਨ। ਵਜ਼ੀਫਾ ਜੇਤੂ ਬੱਚਿਆਂ ਸਰੀਨਾ, ਮਾਇਆ ਸਿੰਘ, ਜਸਕੀਰਤ ਸਿੰਘ ਆਨੰਦ ਤੇ ਤਨੀਸ਼ਾ ਸਿੰਘ ਨੇ ਬਲਜੀਤ ਤੂਰ ਦੀ ਅਗਵਾਈ ਵਿਚ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ। ਹੋਰਨਾਂ ਕਲਾਕਾਰਾਂ ਨੇ ਵੀ ਆਪਣਾ ਜੌਹਰ ਦਿਖਾਇਆ। ਗੁਰਚਰਨ ਸਿੰਘ ਬੈਂਸ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਪ੍ਰੋਗਰਾਮ ਨੂੰ ਅਰਿੰਦਰ ਮੁੰਡੀ, ਗੁਰਵਿੰਦਰ ਸਿੰਘ ਤੂਰ, ਗੁਰਦੇਵ ਸਿੰਘ ਢਿਲੋਂ, ਗੁਰਚਰਨ ਸਿੰਘ ਬੈਂਸ, ਗੁਰਸ਼ਰਨ ਸਿੰਘ ਨੱਤ, ਬਿੱਲੂ ਸਮਰਾ, ਜਗਦੀਸ਼ ਸਿੰਘ ਖੰਘੂੜਾ, ਮਨਜੀਤ ਸਿੰਘ ਪੰਧੇਰ, ਮੁਖ਼ਤਿਆਰ ਸਿੰਘ ਕੰਬੋਜ, ਰਮਨ ਚੱਢਾ, ਰਣਜੀਤ ਕੰਬੋਜ, ਰਵੀ ਸਿੰਘ ਗਰੇਵਾਲ ਅਤੇ ਸੁੱਖੀ ਸੰਧੂ ਵਲੋਂ ਸਪਾਂਸਰ ਕੀਤਾ ਗਿਆ। ਇਸ ਪ੍ਰੋਗਰਾਮ ਦੇ ਜੱਜ ਸਨ ਦੀਪੀ ਸਿੰਘ, ਜਗਦੀਸ਼ ਖੰਘੂੜਾ, ਰੁਪਿੰਦਰ ਗਰੇਵਾਲ, ਸੁੱਖੀ ਸੰਧੂ, ਵੀ.ਜੇ. ਸਿੰਘ, ਕੇਵਲ ਕੰਡਾ, ਬਲਜੀਤ ਤੂਰ, ਰਮਨ ਚੱਢਾ ਅਤੇ ਸਿੰਮੀ ਸਿੰਘ। ਇਸ ਪ੍ਰੋਗਰਾਮ ਦੇ ਮੁੱਖ ਸਪਾਂਸਰ ਜਗਦੀਸ਼ ਖੰਘੂੜਾ ਨੇ ਗੈਸਟ ਆਫ਼ ਆਨਰ ਡਾਇਰੈਕਟਰ ਕਵੀ ਰਾਜ਼ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਵੀ ਰਾਜ਼ ਵਲੋਂ ‘ਦੀ ਬਲੈਕ ਪ੍ਰਿੰਸ’ ਫ਼ਿਲਮ ਬਣਾ ਕੇ ਪੰਜਾਬੀ ਇਤਿਹਾਸ ਨੂੰ ਜ਼ਿੰਦਾ ਕਰਨ ਲਈ ਧੰਨਵਾਦ ਕੀਤਾ।

# ਬੈਲਗਹਿੰਮ ਨਿਵਾਸੀ ਆਪਣੇ ਬਜ਼ੁਰਗਾਂ ਨਾਲ ਨਸਲੀ ਵਿਤਕਰੇ ਦੇ ਦੁਖਾਂਤ ਦੀ ਯਾਦ ਵਿਚ ਬਣਵਾਉਣਗੇ ਸ਼ਾਨਦਾਰ ਦਰਵਾਜ਼ਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:**

ਅਮਰੀਕਾ ਕਨੇਡਾ ਦੀ ਸਰਹੱਦ ਨੇੜਲੇ ਸ਼ਹਿਰ ਬੈਲਗਹਿੰਮ ਨਿਵਾਸੀ ਆਪਣੇ ਬਜ਼ੁਰਗਾਂ ਨਾਲ ਨਸਲੀ ਵਿਤਕਰੇ ਦੇ ਦੁਖਾਂਤ ਦੀ ਯਾਦ ਵਿਚ ਸ਼ਾਨਦਾਰ ਦਰਵਾਜ਼ਾ ਬਣਵਾਉਣਗੇ। ਵਰਨਣਯੋਗ ਹੈ ਕਿ 110 ਸਾਲ ਪਹਿਲਾਂ ਬੈਲਗਹਿੰਮ ਦੇ ਤਕਰੀਬਨ 350 ਭਾਰਤੀ ਮੂਲ ਦੇ ਪ੍ਰਵਾਸੀਆਂ, ਪੰਜਾਬੀ ਸਿੱਖਾਂ, ਮੁਸਲਮਾਨਾਂ ਤੇ ਹਿੰਦੂਆਂ ਨੂੰ ਨਸਲੀ ਵਿਤਕਰੇ ਅਧੀਨ ਗੋਰੇ ਨਾਗਰਿਕਾਂ ਨੇ ਜ਼ਬਰਦਸਤੀ ਉੱਥੋਂ ਕੱਢ ਦਿੱਤਾ ਸੀ । ਤਕਰੀਬਨ 80 ਸਾਲ ਕੋਈ ਵੀ ਪੰਜਾਬੀ ਬੈਲਗਹਿੰਮ ਨਹੀਂ ਵਸਿਆ। ਹੁਣ 110 ਸਾਲ ਬਾਅਦ ਬੈਲਗਹਿੰਮ ਸ਼ਹਿਰ ਦੇ ਮੇਅਰ ਕੈਲੀ ਲਿਨਵਿਲ ਨੇ ਉਸ ਮੰਦਭਾਗੀ ਘਟਨਾ ਦੀ ਮੁਆਫੀ ਮੰਗੀ ਅਤੇ ਯਾਦਗਾਰ ਬਣਾਉਣ ਦੇ ਪਰਮਿਟ ਦਿੱਤੇ ਹਨ।

ਵਟਕਾਮ ਕਾਉਂਟੀ ਕੌਂਸਲਰ ਸਤਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਸਿੱਖ ਕਮਿਊਨਿਟੀ ਨੇ ਚੀਨੀ ਤੇ ਜਾਪਾਨੀ ਕਮਿਊਨਿਟੀਆਂ ਨਾਲ ਮਿਲ ਕੇ ਪ੍ਰਵਾਸੀਆਂ ਦੇ ਮਾਣ ਤੇ ਯਾਦ ਵਿਚ ਯਾਦਗਾਰ ਬਣਾਉਣ ਦਾ ਉਪਰਾਲਾ ਕਰਦਿਆਂ ਸੰਗਮਰਮਰੀ ਦਰਵਾਜ਼ਾ ਬਣਾਉਣ ਦਾ ਫੈਸਲਾ ਕੀਤਾ ਹੈ । ਇਸ ਯਾਦਗਾਰੀ ਦਰਵਾਜ਼ੇ ਨਾਲ ਨਵੇਂ ਪ੍ਰਵਾਸੀਆਂ ਨੂੰ ਉੱਚ ਵਿੱਦਿਆ ਲਈ ਵਜ਼ੀਫਾ ਫੰਡ ਚਲਾਉਣ ਦਾ ਫੈਸਲਾ ਕੀਤਾ ਹੈ। ਸਤਪਾਲ ਸਿੰਘ ਸਿੱਧੂ ਤੇ ਰਛਪਾਲ ਸਿੰਘ ਸੰਧੂ (ਰਿਸ਼ੀ) ਨੇ ਦੱਸਿਆ ਕਿ 4 ਸਤੰਬਰ, 2017 ਨੂੰ ਸਵੇਰੇ 10:00 ਵਜੇ ਤੋਂ ਬਜ਼ੁਰਗਾਂ ਨਾਲ ਨਸਲੀ ਵਿਤਕਰੇ ਦੇ ਦੁਖਾਂਤ ਦੀ ਯਾਦਗਾਰ ਮਨਾਉਣ ਅਤੇ ਸੰਗਮਰਮਰੀ ਦਰਵਾਜ਼ੇ ਦਾ ਉਦਘਾਟਨ ਕੀਤਾ ਜਾਵੇਗਾ।



# ਅਮਰੀਕਾ-ਕੈਨੇਡਾ ’ਚ ਨਸ਼ੇ ਦੀ ਵੱਡੀ ਪੱਧਰ ਸਮੱਗਲਿੰਗ ਕਰਨ ਵਾਲੇ ਹਰਿੰਦਰ ਧਾਲੀਵਾਲ ਨੂੰ 20 ਸਾਲ ਕੈਦ

**ਟੋਰਾਂਟੋ/ਬਿਊਰੋ ਨਿਊਜ਼:**

ਅਮਰੀਕਾ ਤੋਂ ਟਰੱਕਾਂ ’ਚ ਲੁਕੋ ਕੇ ਸਰੱਹਦੀ ਲਾਂਘਿਆਂ ਰਾਹੀਂ ਕੋਕੀਨ ਦੀ ਸਮੱਗਲਿੰਗ ਕਰਨ ਦੇ ਬਹੁ ਚਰਚਿਤ ਕੇਸ ਵਿੱਚ 47 ਸਾਲ ਦੇ ਹਰਿੰਦਰ ਧਾਲੀਵਾਲ ਨੂੰ ਬੀਤੇ ਦਿਨੀਂ ਬਫਲੋ (ਯੂ.ਐੱਸ.ਏ.) ਅਦਾਲਤ ਅੰਦਰ ਜੱਜ ਨੇ 20 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਦੋਸ਼ੀ ਦੇ ਸਾਥੀ ਰਹੇ ਗੁਰਸ਼ਰਨ ਸਿੰਘ ਨੂੰ ਬੀਤੇ ਮਹੀਨੇ ਸਵਾ ਪੰਜ ਸਾਲ ਕੈਦ ਹੋਈ ਸੀ। ਹਰਿੰਦਰ ਅਤੇ ਗੁਰਸ਼ਰਨ ਕੈਨੇਡਾ ਦੇ ਭਰਵੀਂ ਪੰਜਾਬੀ ਵਸੋਂ ਵਾਲੇ ਸ਼ਹਿਰ ਬਰੈਂਪਟਨ ਦੇ ਵਾਸੀ ਸਨ ਅਤੇ ਕਈ ਸਾਲਾਂ ਦੀ ਪੇਚੀਦਾ ਜਾਂਚ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਕੀਤਾ ਸੀ।

ਅਮਰੀਕਾ ’ਚ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਦੋਵਾਂ ਮੁਜ਼ਰਮਾਂ ਨੂੰ ਕੈਨੇਡਾ ਲਿਆਂਦਾ ਜਾਵੇਗਾ ਜਿੱਥੇ ਉਨ੍ਹਾਂ ਨੂੰ ਨਸ਼ੇ ਦੀ ਸਮੱਗਲਿੰਗ ਦੇ ਹੋਰ ਕੇਸ ਭੁਗਤਣੇ ਹਨ। ਇਹ ਕੇਸ ਨਿਊ ਯਾਰਕ ਸਟੇਟ ਦੇ ਇਤਿਹਾਸ ਵਿੱਚ ਨਸ਼ੀਲੇ ਪਦਾਰਥ ਦੀ ਸਭ ਤੋਂ ਵੱਡੀ ਤਸਕਰੀ ਦੇ ਮਾਮਲੇ ਨਾਲ ਜੁੜਿਆ ਹੈ ਜਿਸ ਵਿੱਚ ਅਮਰੀਕਾ ਤੇ ਕੈਨੇਡਾ ਵਾਸੀ 7 ਵਿਅਕਤੀ ਨਾਮਜ਼ਦ ਕੀਤੇ ਗਏ ਸਨ। ਪੁਲਿਸ ਦੇ ਅੰਕੜਿਆਂ ਮੁਤਾਬਿਕ ਇਸ ਅੰਤਰਰਾਸ਼ਟਰੀ ਗੈਂਗ ਨੇ 2007 ਤੋਂ 2011 ਦੌਰਾਨ 30 ਕੁਇੰਟਲ ਤੋਂ ਵੱਧ ਕੋਕੀਨ ਅਤੇ ਹੋਰ ਨਸ਼ੇ ਅਮਰੀਕਾ ਤੋਂ ਕੈਨੇਡਾ ਵਿੱਚ ਸਮੱਗਲਿੰਗ ਕਰਕੇ ਟਰੱਕਾਂ ਰਾਹੀਂ ਨਿਆਗਰਾ ਸਮੇਤ ਵੱਖ-ਵੱਖ ਸਰਹੱਦੀ ਲਾਂਘਿਆਂ ਰਾਹੀਂ ਲਿਆਂਦੇ ਸਨ। ਹਰਿੰਦਰ ਧਾਲੀਵਾਲ ਨੇ ਬੀਤੇ ਮਹੀਨੇ ਅਦਾਲਤ ਵਿੱਚ ਮੰਨ ਲਿਆ ਸੀ ਕਿ (2006 ਤੋਂ 2011 ਦੌਰਾਨ) ਆਪਣੇ ਗੈਂਗ ਨਾਲ ਟਰੱਕਾਂ ਰਾਹੀਂ ਅਮਰੀਕਾ ਤੋਂ ਕੈਨੇਡਾ ਵਿੱਚ (30 ਕੁਇੰਟਲ) ਕੋਕੀਨ ਅਤੇ ਕੈਨੇਡਾ ਤੋਂ ਅਮਰੀਕਾ ਵਿੱਚ ਨਸ਼ੀਲੀਆਂ ਗੋਲੀਆਂ (ਐਕਸਟੇਸੀ) ਅਤੇ ਭੰਗ ਦੀ ਸਮੱਗਲਿੰਗ ਕਰਦਾ ਰਿਹਾ ਸੀ। ਸਰਕਾਰੀ ਵਕੀਲ ਜੇਮਜ਼ ਕੈਨੇਡੀ ਨੇ ਦੱਸਿਆ ਕਿ ਡਰੱਗ ਦੀਆਂ ਖੇਪਾਂ ਢੋਣ ਦੀ ਇਹ ਇਕ ਖਤਰਨਾਕ ਸ਼ਾਜਿਸ਼ ਬੇਨਕਾਬ ਕੀਤੀ ਗਈ ਜੋ ਦੋਵਾਂ ਦੇਸ਼ਾਂ ਵਿਚਕਾਰ ਕੈਲੀਫੋਰਨੀਆ ਤੋਂ ਨਿਆਗਰਾ (ਬਫਲੋ) ਦੇ ਰਸਤੇ ਟੋਰਾਂਟੋ ਤੱਕ ਚੱਲਦੀ ਸੀ। ਉਕਤ ਦੋਵਾਂ ਦੋਸ਼ੀਆਂ ਦੇ ਪੰਜ ਹੋਰ ਸਾਥੀ ਰਵਿੰਦਰ ਅਰੋੜਾ, ਪਰਮਿੰਦਰ ਸਿੱਧੂ, ਮਾਈਕਲ ਬਾਗੜੀ, ਅਲਵਿਨ ਰੰਧਾਵਾ ਅਤੇ ਹੁਈ ਹੋਆਂਗ ਨਗੁਯੇਨ ਨੂੰ ਸਜ਼ਾ ਹੋ ਚੁੱਕੀ ਹੈ ਅਤੇ ਉਹ ਜੇਲ੍ਹਾਂ ਵਿੱਚ ਹਨ।

# ਇਕ ਹ਼ਫਤੇ ਅੰਦਰ ਮਨੀਲਾ ’ਚ ਦੋ ਪੰਜਾਬੀ ਨੌਜਵਾਨਾਂ ਦੀ ਹੱਤਿਆ

ਰੁੜਕਾ ਕਲਾਂ/ਬਿਊਰੋ ਨਿਊਜ਼ : ਇਕ ਹਫਤੇ ਅੰਦਰ ਮਨੀਲਾ ਵਿਚ ਪੰਜਾਬ ਦੇ ਦੋ ਨੌਜਵਾਨਾਂ ਦਾ ਕਤਲ ਹੋ ਗਿਆ। ਇਥੋਂ ਨਜ਼ਦੀਕੀ ਪਿੰਡ ਪਾਸਲਾ (ਜਲੰਧਰ) ਦੇ ਇਕ ਵਿਅਕਤੀ ਦੀ ਮਨੀਲਾ ਦੇ ਸ਼ਹਿਰ ਟਰਲਕ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਕੁਲਵੰਤ ਰਾਜ (43) ਕਰੀਬ ਛੇ ਸਾਲ ਪਹਿਲਾਂ ਮਨੀਲਾ ਵਿਖੇ ਗਿਆ ਸੀ। ਜਿੱਥੇ ਉਹ ਫਾਇਨਾਂਸ ਦਾ ਕੰਮ ਕਰਦਾ ਸੀ ਅਤੇ ਉਸ ਦਾ ਸਹੁਰਾ ਪਰਿਵਾਰ ਵੀ ਮਨੀਲਾ ਵਿਖੇ ਰਹਿ ਰਿਹਾ ਹੈ, ਜਦਕਿ ਪਿੰਡ ਪਾਸਲਾ ਵਿਖੇ ਉਸ ਦੀ ਮਾਤਾ ਵਿਦਿਆ ਰਾਣੀ, ਪਤਨੀ ਜਸਵੀਰ ਕੌਰ, ਦੋ ਬੱਚੇ ਅਰਵਿੰਦ (14) ਅਤੇ ਗੁਲਸ਼ਨ (8) ਰਹਿ ਰਹੇ ਹਨ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ 17 ਅਗਸਤ ਨੂੰ ਸਵੇਰੇ ਕੁਲਵੰਤ ਰਾਜ ਜਦੋਂ ਕੰਮ ’ਤੇ ਜਾ ਰਿਹਾ ਸੀ ਤਾਂ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਕੁਲਵੰਤ ਰਾਜ ਉਰਫ਼ ਕਾਂਤੀ ਦੇ ਪਿਤਾ ਹਰਬੰਸ ਲਾਲ ਅਤੇ ਦੋ ਭਰਾਵਾਂ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਕੁਲਵੰਤ ਰਾਜ ਦੀ ਮ੍ਰਿਤਕ ਦੇਹ ਦਾ ਮਨੀਲਾ ਵਿਖੇ ਹੀ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਪਿੰਡ ਵਾਸੀਆਂ ਵੱਲੋਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

## ਨਕੋਦਰ ਦੇ ਨੌਜਵਾਨ ਜੋਗਿੰਦਰ ਸਿੰਘ ਦਾ ਕਤਲ

ਜਲੰਧਰ: ਪਿਛਲੇ 25 ਸਾਲਾਂ ਤੋਂ ਮਨੀਲਾ ਰਹਿ ਰਹੇ ਨਕੋਦਰ ਦੇ 45 ਸਾਲਾ ਵਿਅਕਤੀ ਦਾ ਅਣਪਛਾਲੇ ਹਮਲਾਵਰਾਂ ਨੇ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਜੋਗਿੰਦਰ ਸਿੰਘ ਵਜੋਂ ਹੋਈ ਹੈ, ਜੋ ਮਨੀਲਾ ਵਿਚ ਫਾਇਨਾਂਸ ਦਾ ਕੰਮ ਕਰਦਾ ਸੀ ਅਤੇ ਨਕੋਦਰ ਦੇ ਕ੍ਰਿਸ਼ਨਾ ਨਗਰ ਨਾਲ ਸਬੰਧ ਰੱਖਦਾ ਸੀ। ਮ੍ਰਿਤਕ ਦੇ ਭਰਾ ਸੁਰਜੀਤ ਨੇ ਦੱਸਿਆ ਕਿ ਉਸ ਦਾ ਭਰਾ 25 ਸਾਲ ਪਹਿਲਾਂ ਮਨੀਲਾ ਗਿਆ ਸੀ ਅਤੇ ਪਰਿਵਾਰ ਸਮੇਤ ਉੱਥੇ ਹੀ ਰਹਿ ਰਿਹਾ ਸੀ। ਮੰਗਲਵਾਰ ਦੀ ਸਵੇਰ ਉਸਦਾ ਭਰਾ ਮੋਟਰਸਾਈਕਲ ’ਤੇ ਘਰੋਂ ਕੰਮ ਲਈ ਨਿਕਲਿਆ ਤਾਂ ਰਸਤੇ ਵਿੱਚ ਦੋ ਹਮਲਾਵਰਾਂ ਨੇ ਉਸ ’ਤੇ ਹਮਲਾ ਕਰ ਦਿੱਤਾ ਅਤੇ ਤੇਜ਼ਧਾਰ ਹਥਿਆਰਾਂ ਨਾਲ ਉਸ ਦਾ ਗਲਾ ਕੱਟ ਦਿੱਤਾ। ਜੋਗਿੰਦਰ ਦੇ ਪਰਿਵਾਰ ਵਿਚ ਪਤਨੀ ਅਤੇ 10 ਸਾਲ ਦਾ ਪੁੱਤਰ ਤੇ 8 ਸਾਲ ਦੀ ਧੀ ਹੈ। ਮ੍ਰਿਤਕ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਦੇਹ ਨੂੰ ਭਾਰਤ ਲਿਆਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਪਰ ਹਾਲੇ ਤੱਕ ਉਨ੍ਹਾਂ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ ਹੈ।

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਬਦ-ਇਖਲਾਕੀ ਦੀ ਘਟਨਾ ਦੇ ਰੋਸ ਵਜੋਂ ਕਮੇਟੀ ਖ਼ਿਲਾਫ਼ ਗੁਰਦੁਆਰਾ ਘੱਲੂਘਾਰਾ ਸਾਹਿਬ ਪੁੱਜੀ ਸੰਗਤ

**ਕਾਹਨੂੰਵਾਨ/ਬਿਊਰੋ ਨਿਊਜ਼ :**
ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਵਿਖੇ 11 ਅਗਸਤ ਨੂੰ ਵਾਪਰੀ ਬਦ-ਇਖ਼ਲਾਕੀ ਦੀ ਘਟਨਾ ਸਬੰਧੀ ਇਲਾਕੇ ਦੀ ਸੰਗਤ ਵੱਲੋਂ ਮੌਜੂਦਾ ਗੁਰਦੁਆਰਾ ਘੱਲੂਘਾਰਾ ਦੀ ਕਮੇਟੀ ਦੇ ਵਿਰੋਧ ਵਿੱਚ ਸੱਦੇ ਇਕੱਠ ਵਿੱਚ ਵੱਡੀ ਗਿਣਤੀ ਸੰਗਤ ਗੁਰਦੁਆਰੇ ਪੁੱਜੀ। ਇਸ ਦੌਰਾਨ ਪਸ਼ਚਾਤਾਪ ਸਮਾਗਮ ਲਈ ਆਉਣ ਵਾਲੇ ਅਕਾਲੀ ਆਗੂਆਂ ਸਣੇ ਹੋਰ ਸੰਗਤ ਦੇ ਜਥਿਆਂ ਨੂੰ ਵੱਖ ਵੱਖ ਥਾਵਾਂ 'ਤੇ ਪੁਲੀਸ ਨੇ ਰੋਕਿਆ।

ਜਥੇਦਾਰ ਸੁੱਚਾ ਸਿੰਘ ਲੰਗਾਹ, ਸੇਵਾ ਸਿੰਘ ਸੇਖਵਾਂ ਤੇ ਹੋਰ ਸੀਨੀਅਰ ਅਕਾਲੀ ਆਗੂਆਂ ਦਾ ਜਥਾ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਵਿੱਚ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਲਈ ਗੁਰਦੁਆਰਾ ਬੰਦਾ ਬਹਾਦਰ ਗੁਰਦਾਸ ਨੰਗਲ ਤੋਂ ਰਵਾਨਾ ਹੋਇਆ, ਜਿਸ ਨੂੰ ਪਿੰਡ ਮਾਨ ਚੋਪੜੇ ਨੇੜੇ ਪੁਲੀਸ ਨੇ ਰੋਕ ਲਿਆ। ਇਸ ਦੌਰਾਨ ਅਕਾਲੀ ਤੇ ਪੁਲੀਸ ਧੱਕਾ-ਮੁੱਕੀ ਹੋਏ ਤੇ ਜਥਾ ਨਾਕੇ ਤੋੜ ਕੇ ਗੁਰਦੁਆਰੇ ਦੇ ਦੀਵਾਨ ਹਾਲ ਤੱਕ ਪੁੱਜਣ ਵਿੱਚ ਸਫ਼ਲ ਹੋ ਗਿਆ। ਇਸੇ ਤਰ੍ਹਾਂ ਕੰਵਲਪ੍ਰੀਤ ਸਿੰਘ ਕਾਕੀ ਦੀ ਅਗਵਾਈ ਵਾਲੇ ਜਥੇ ਨੂੰ ਪੁਲੀਸ ਨੇ ਗੁਨੋਪੁਰ ਕੋਲ ਰੋਕਿਆ ਤੇ ਫਿਰ ਗੁਰਦੁਆਰੇ ਨੇੜੇ ਦੁਪਹਿਰ ਢਾਈ ਵਜੇ ਤੱਕ ਰੋਕੀ ਰੱਖਿਆ। ਇਸੇ ਦੌਰਾਨ ਕਾਹਨੂੰਵਾਨ ਵਿੱਚ ਅਕਾਲੀ ਆਗੂ ਹਰਦੇਵ ਸਿੰਘ ਸਠਿਆਲੀ, ਸਰਬਜੀਤ ਜਾਗੋਵਾਲ, ਬਲਦੇਵ ਸਿੰਘ ਸੇਖਵਾਂ ਤੇ ਨਰਿੰਦਰ ਸੇਖਵਾਂ ਨੂੰ ਜਥੇ ਸਮੇਤ ਥਾਣਾ ਕਾਹਨੂੰਵਾਨ ਦੀ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ ਅਤੇ ਸ਼ਾਮ 5 ਵਜੇ ਤੱਕ ਡੱਕੀ ਰੱਖਿਆ। ਉਧਰ, ਐਸਐਸਪੀ ਗੁਰਦਾਸਪੁਰ ਭੁਪਿੰਦਰ ਸਿੰਘ ਵਿਰਕ ਨੇ ਕਿਹਾ ਕਿ ਪੁਲੀਸ ਨੇ ਸ਼ਰਧਾਲੂਆਂ ਨੂੰ ਨਹੀਂ ਰੋਕਿਆ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਿਆਸੀ ਲਾਹੇ ਲਈ ਕਿਸੇ ਨੂੰ ਵੀ ਮਾਹੌਲ ਖ਼ਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।



### ਕਮੇਟੀ ਨੂੰ 28 ਅਗਸਤ ਤੱਕ ਪੱਖ ਪੇਸ਼ ਕਰਨ ਦੇ ਹੁਕਮ :

ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਵਿਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰਦੁਆਰੇ ਵਿਖੇ ਵਾਪਰੀ ਘਟਨਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਕਮੇਟੀ 28 ਅਗਸਤ ਤੋਂ ਪਹਿਲਾਂ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰੇ। ਉਨ੍ਹਾਂ ਕਿਹਾ ਕਿ 28 ਅਗਸਤ ਤੱਕ ਇਲਾਕੇ ਦੀ ਸੰਗਤ ਤੇ ਸ਼੍ਰੋਮਣੀ ਕਮੇਟੀ ਮਿਲ ਕੇ ਸ਼ਹੀਦੀ ਦੀਵਾਨ ਹਾਲ ਵਿੱਚ ਅਖੰਡ ਪਾਠਾਂ ਦੀ ਲੜੀ ਜਾਰੀ ਰੱਖੇਗੀ।

## ਗੁਰਦੁਆਰਾ ਛੋਟਾ ਘੱਲੂਘਾਰਾ ਵਿਵਾਦ ਸਬੰਧੀ ਸੇਖਵਾਂ ਤੇ ਲੰਗਾਹ ਸਮੇਤ ਕਰੀਬ 300 ਖ਼ਿਲਾਫ਼ ਕੇਸ ਦਰਜ

**ਕਾਹਨੂੰਵਾਨ/ਬਿਊਰੋ ਨਿਊਜ਼ :** ਜ਼ਿਲ੍ਹਾ ਪੁਲੀਸ ਵੱਲੋਂ ਥਾਣਾ ਭੈਣੀ ਮੀਆਂ ਖਾਂ ਵਿੱਚ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਮੈਮੋਰੀਅਲ ਟਰੱਸਟ ਦੀ ਜਾਇਦਾਦ 'ਤੇ ਨਾਜਾਇਜ਼ ਕਬਜ਼ਾ ਕਰਨ ਅਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਮੈਂਬਰਾਂ ਨੂੰ ਧਮਕੀਆਂ ਦੇਣ ਦੇ ਦੋਸ਼ਾਂ ਹੇਠ ਐਸਜੀਪੀਸੀ ਮੈਂਬਰ ਸੇਵਾ ਸਿੰਘ ਸੇਖਵਾਂ, ਗੁਰਿੰਦਰਪਾਲ ਸਿੰਘ ਗੋਰਾ, ਸੁੱਚਾ ਸਿੰਘ ਲੰਗਾਹ, 'ਆਪ' ਆਗੂ ਕੰਵਲਪ੍ਰੀਤ ਸਿੰਘ ਕਾਕੀ ਸਮੇਤ 27 ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ 250 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਗਿਆ ਹੈ। ਉਧਰ ਗੁਰਦੁਆਰੇ ਦੀ ਲੋਕਲ ਕਮੇਟੀ ਨੇ ਅਖੰਡ ਪਾਠਾਂ ਸਬੰਧੀ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ ਹੈ।



ਮੀਡੀਆ ਨਾਲ ਗੱਲ ਕਰਦੇ ਹੋਏ ਜੌਹਰ ਸਿੰਘ।

ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੌਹਰ ਸਿੰਘ (ਸਾਬਕਾ ਵਿਧਾਇਕ) ਨੇ ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਬੀਤੇ ਦਿਨ ਗੁਰਦੁਆਰੇ ਵਿੱਚ ਵਾਪਰੀ ਘਟਨਾ ਦੀ ਆੜ ਵਿੱਚ ਜਥੇਦਾਰ ਸੇਖਵਾਂ 20 ਅਗਸਤ ਨੂੰ ਸੁੱਚਾ ਸਿੰਘ ਲੰਗਾਹ, ਐਸਜੀਪੀਸੀ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ, ਕੰਵਲਪ੍ਰੀਤ ਸਿੰਘ ਕਾਕੀ, ਗੁਰਨਾਮ ਸਿੰਘ, ਪਰਮਵੀਰ ਸਿੰਘ ਲਾਡੀ ਤੋਂ ਇਲਾਵਾ 250 ਦੇ ਕਰੀਬ ਹੋਰ ਅਣਪਛਾਤੇ ਵਿਅਕਤੀ ਕਬਜ਼ਾ ਕਰਨ ਦੀ ਨੀਅਤ ਨਾਲ ਗੁਰਦੁਆਰੇ ਦੇ ਦੀਵਾਨ ਹਾਲ ਵਿੱਚ ਦਾਖ਼ਲ ਹੋਏ। ਕੰਵਲਪ੍ਰੀਤ ਸਿੰਘ ਕਾਕੀ ਅਤੇ ਸਰਪੰਚ ਸੁਖਦੇਵ ਸਿੰਘ ਛਿੱਛਰਾ ਨੇ ਗੁਰਦੁਆਰੇ ਦੇ ਸਟੋਰ ਦਾ ਤਾਲਾ ਤੋੜਿਆ। ਥਾਣਾ ਭੈਣੀ ਮੀਆਂ ਖਾਂ ਦੇ ਸਬ ਇੰਸਪੈਕਟਰ ਨਰਿੰਦਰ ਸਿੰਘ ਨੇ ਦੱਸਿਆ ਕਿ 27 ਜਣਿਆਂ ਤੋਂ ਇਲਾਵਾ 250 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਗਿਆ ਹੈ ਪਰ ਫ਼ਿਲਹਾਲ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ। ਇਸ ਤਰ੍ਹਾਂ ਥਾਣਾ ਤਿੱਬੜ ਵਿੱਚ ਵੀ ਵੱਖ ਵੱਖ ਧਾਰਾਵਾਂ ਤਹਿਤ ਸੁੱਚਾ ਸਿੰਘ ਲੰਗਾਹ ਅਤੇ ਸੇਵਾ ਸਿੰਘ ਸੇਖਵਾਂ ਸਮੇਤ ਸੱਤ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਅਤੇ 250 ਦੇ ਕਰੀਬ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਵੀ ਕੇਸ ਦਰਜ ਕੀਤੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਤੇ ਦਿਨ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਵਿਖੇ ਲੋਕਲ ਕਮੇਟੀ ਖ਼ਿਲਾਫ਼ ਕੀਤੇ ਇਕੱਠ ਦੌਰਾਨ ਕਈ ਐਲਾਨ ਕੀਤੇ ਗਏ ਸਨ, ਜਿਨ੍ਹਾਂ ਵਿੱਚ ਗੁਰਦੁਆਰੇ ਦੇ ਦੀਵਾਨ ਹਾਲ ਵਿੱਚ ਅਖੰਡ ਪਾਠਾਂ ਦੀ ਲੜੀ ਚਲਾਉਣ ਅਤੇ ਲੰਗਰ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈਣ ਦਾ ਐਲਾਨ ਵੀ ਕੀਤਾ ਗਿਆ ਸੀ। ਲੋਕਲ ਕਮੇਟੀ ਨੇ ਅਖੰਡ ਪਾਠਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ। ਇਸ ਤੋਂ ਇਲਾਵਾ ਗੁਰਦੁਆਰੇ ਦੇ ਦੀਵਾਨ ਹਾਲ ਵਿੱਚ ਬੈਠੇ ਸ਼੍ਰੋਮਣੀ ਕਮੇਟੀ ਦੇ ਪਾਠੀਆਂ ਅਤੇ ਟਾਸਕ ਫੋਰਸ ਨੂੰ ਵੀ ਦੀਵਾਨ ਹਾਲ ਤੋਂ ਬਾਹਰ ਕਰ ਦਿੱਤਾ ਗਿਆ। ਇਨ੍ਹਾਂ ਮੁਲਾਜ਼ਮਾਂ ਵਿੱਚੋਂ ਲਖਬੀਰ ਸਿੰਘ, ਮਨਜੀਤ ਸਿੰਘ ਨੇ ਦੱਸਿਆ ਕਿ ਉਹ ਆਪਣੀ ਮੈਨੇਜਮੈਂਟ ਦੇ ਹੁਕਮਾਂ ਉੱਤੇ ਇਥੇ ਆਏ ਸਨ ਅਤੇ ਆਪਣੇ ਅਧਿਕਾਰੀਆਂ ਦੇ ਹੁਕਮਾਂ 'ਤੇ ਵਾਪਸ ਚਲੇ ਜਾਣਗੇ। ਉਧਰ ਗੁਰਦੁਆਰਾ ਘੱਲੂਘਾਰਾ ਸਾਹਿਬ ਦੇ ਪ੍ਰਧਾਨ ਜੌਹਰ ਸਿੰਘ ਨੇ ਕਿਹਾ ਕਿ ਸਮਾਗਮ ਵਿੱਚ ਗੁਰਮਰਿਆਦਾ ਦੀ ਉਲੰਘਣਾ ਕੀਤੀ ਗਈ ਹੈ। ਇਸ ਸਬੰਧੀ ਅਕਾਲ ਤਖ਼ਤ ਦੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੂੰ ਲਿਖਤੀ ਸ਼ਿਕਾਇਤ ਭੇਜੀ ਗਈ ਹੈ।

## ਸਰਬ ਰੋਗ ਦਾ ਅਉਖਦੁ ਨਾਮੁ ਮਿਸ਼ਨ ਚੰਡੀਗੜ੍ਹ ਵਲੋਂ ਰੋਗ ਨਿਵਾਰਨ ਕੈਂਪ 24 ਅਗਸਤ ਨੂੰ

**ਲਾਸ ਏਂਜਲਸ/ਬਿਊਰੋ ਨਿਊਜ਼:** ਸਰਬ ਰੋਗ ਦਾ ਅਉਖਦੁ ਨਾਮੁ ਮਿਸ਼ਨ ਚੰਡੀਗੜ੍ਹ ਵਲੋਂ ਰੋਗ ਨਿਵਾਰਨ ਕੈਂਪਾਂ ਦੀ ਲੜੀ ਅਧੀਨ ਇਸ ਇਲਾਕੇ ਦੇ ਗੁਰੂ ਘਰਾਂ ਵਿੱਚ 21 ਤੋਂ 27 ਅਗਸਤ ਤੱਕ ਕੈਂਪ ਲਾਏ ਜਾ ਰਹੇ ਹਨ।

ਵਰਨਣਯੋਗ ਹੈ ਕਿ ਇਨ੍ਹਾਂ ਕੈਂਪਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਸੰਗਤੀ ਰੂਪ ਵਿਚ ਪਾਠ ਸ੍ਰੀ ਸੁਖਮਨੀ ਸਾਹਿਬ, ਰੋਗ ਨਵ੍ਰਿਤੀ ਸ਼ਬਦ ਜਾਪ, ਨਾਮ ਜਾਪ ਅਤੇ ਗੁਰਮਤਿ ਵਿਚਾਰਾਂ ਦੇ ਨਾਲ ਨਾਲ, ਰੋਗਾਂ ਦੇ ਮੂਲ ਕਾਰਨਾਂ ਦੀ ਵਿਚਾਰ ਵੀ ਹੁੰਦੀ ਹੈ। ਸਤਿਗੁਰੂ ਪਾਤਸ਼ਾਹ ਜੀ ਦੀ ਮਿਹਰ ਸਦਕਾ ਅਧਿਆਤਮਕ ਮਾਰਗ ਦੀ ਵਡਮੁੱਲੀ ਬਖ਼ਸ਼ਿਸ਼ ਪ੍ਰਾਪਤ ਗੁਰਮੁਖ ਸ. ਹਰਦਿਆਲ ਸਿੰਘ ਜੀ (ਰਿਟਾਇਰਡ ਆਈ.ਏ.ਐਸ.) ਦੀ ਪ੍ਰੇਰਣਾ ਸਦਕਾ ਸੰਨ 1983 ਤੋਂ ਭਾਰਤ ਅਤੇ ਸੰਨ 1995 ਤੋਂ ਵਿਦੇਸ਼ਾਂ ਵਿਚ ਲਗਦੇ ਕੈਂਪਾਂ ਵਿਚ ਹਾਜ਼ਰੀ ਭਰ ਕੇ ਹੁਣ ਤਕ ਅਨੇਕਾਂ ਪ੍ਰਾਣੀ ਸਾਧ/ਅਸਾਧ ਰੋਗਾਂ ਤੋਂ ਰਾਹਤ ਪ੍ਰਾਪਤ ਕਰ ਚੁੱਕੇ ਹਨ। ਸ. ਹਰਦਿਆਲ ਸਿੰਘ ਜੀ ਤੋਂ ਇਲਾਵਾ ਡਾਕਟਰ ਬਲਵੰਤ ਸਿੰਘ ਜੀ ਵੀ ਇਨ੍ਹਾਂ ਕੈਂਪਾਂ ਵਿੱਚ ਸੰਗਤਾਂ ਦੀ ਸੇਵਾ ਲਈ ਹਾਜ਼ਰ ਹੋਣਗੇ।

ਦੱਖਣੀ ਕੈਲੀਫੋਰਨੀਆਂ ਵਿੱਚ ਲਾਏ ਜਾ ਰਹੇ ਇਨ੍ਹਾਂ ਕੈਂਪਾਂ ਦੀ ਲੜੀ ਦੇ ਆਖ਼ਰੀ ਕੈਂਪ ਦਾ ਸਥਾਨ ਅਤੇ ਸਮਾਂ ਹੇਠ ਲਿਖੇ ਅਨੁਸਾਰ ਹੈ:

ਗੁਰਦੁਆਰਾ ਸਿੰਘ ਸਭਾ ਬਿਊਨਾ ਪਾਰਕ(Gurdwara Singh Sabha, 7122 Orangethorpe Ave, Buena Park,CA) : 24 ਤੋਂ 27 ਅਗਸਤ ਬਾਅਦ ਦੁਪਹਿਰ 3:00 ਵਜੇ ਤੋਂ ਰਾਤੀਂ 8:00 ਵਜੇ ਤੱਕ,

ਸੰਪਰਕ ਬੀਬੀ ਦਲਜੀਤ ਕੌਰ (ਫੋਨ 714-925-7014), ਭਾਈ ਜਗਜੀਤ ਸਿੰਘ (ਫੋਨ 562-244-7487).

ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦਵਾਈ ਸਬੰਧੀ ਕੋਈ ਵੀ ਫੈਸਲਾ ਵੀਰ ਭੈਣ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰਨ। ਪ੍ਰਬੰਧਕਾਂ ਵਲੋਂ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਕੈਂਪਾਂ ਵਿਚ ਹਾਜ਼ਰੀ ਭਰ ਕੇ ਦੁੱਖਾਂ/ਰੋਗਾਂ ਤੋਂ ਰਾਹਤ ਅਤੇ ਨਾਮ/ਗੁਰਬਾਣੀ ਦੀ ਸੋਝੀ ਪ੍ਰਾਪਤ ਕਰਨ ਦੇ ਅਮੁੱਲ ਅਵਸਰ ਦਾ ਲਾਹਾ ਪ੍ਰਾਪਤ ਕਰੋ ਜੀ।

## ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਵਲੋਂ ਇੰਡਿਆਨਾ 'ਚ ਸ਼ਹੀਦੀ ਸਮਾਗਮ 27 ਅਗਸਤ ਐਤਵਾਰ ਨੂੰ

**ਗਰੀਨਵੁੱਡ (ਇੰਡਿਆਨਾ)/ਬਿਊਰੋ ਨਿਊਜ਼:**
ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਵਲੋਂ ਮਹਾਨ ਸਿੱਖ ਯੋਧਿਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਇੱਕ ਸ਼ਹੀਦੀ ਵੱਡਾ ਸਮਾਗਮ 27 ਅਗਸਤ 2017 ਐਤਵਾਰ ਨੂੰ ਗੁਰਦੁਆਰਾ ਸ੍ਰੀ ਹਰਗੋਬਿੰਦ ਸਾਹਿਬ ਗਰੀਨਵੁੱਡ, ਇੰਡਿਆਨਾ ਵਿਖੇ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਉੱਘੇ ਸਿੱਖ ਵਿਦਵਾਨ ਅਤੇ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਨਗੇ। ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੇ ਮੁੱਖ ਬੁਲਾਰੇ ਭਾਈ ਦਵਿੰਦਰ ਸਿੰਘ ਕੈਲੀਫੋਰਨੀਆ "ਖ਼ਾਲਸਾ ਰਾਜ ਦੀ ਗੁਰਮਤਿ ਵਿਆਖਿਆ" ਅਤੇ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦੇ ਨੌਜਵਾਨ ਸਿੱਖ ਵਿਦਵਾਨ ਭਾਈ ਪ੍ਰਭਸ਼ਰਨਵੀਰ ਸਿੰਘ "ਸ਼ਹੀਦ ਦਾ ਸੰਕਲਪ ਅਤੇ ਕੌਮ ਦਾ ਫਰਜ਼" ਵਿਸ਼ਿਆਂ ਉੱਤੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਵਲੋਂ ਜਾਰੀ ਲਿਖਤੀ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੀ ਜ਼ਾਲਮ ਹਕੂਮਤ ਦੀਆਂ ਬੇਇਨਸਾਫੀਆਂ, ਵਧੀਕੀਆਂ ਅਤੇ ਪਾਕਿ-ਪਵਿੱਤਰ ਗੁਰਧਾਮਾਂ ਦੀ ਬੇਅਦਬੀ ਤੋਂ ਤੰਗ ਆ ਕੇ ਜਦੋਂ ਸਾਡੇ ਮਹਾਨ ਯੋਧਿਆਂ ਨੇ ਆਪਣੇ ਵੱਖਰੇ ਦੇਸ਼ ਖ਼ਾਲਿਸਤਾਨ ਲਈ ਸੰਘਰਸ਼ ਆਰੰਭਿਆ ਤਾਂ ਉਸ ਵਿੱਚ ਗੁਰੀਲਾ ਸੰਘਰਸ਼ ਦੇ ਮੋਢੀ ਅਤੇ ਮਹਾਂਨਾਇਕ ਸ਼ਹੀਦ ਜਥੇਦਾਰ ਸੁਖਦੇਵ ਸਿੰਘ "ਬੱਬਰ", ਸ਼ਹੀਦ ਜਥੇਦਾਰ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਸ਼ਹੀਦ ਭਾਈ ਅਨੋਖ ਸਿੰਘ "ਬੱਬਰ", ਸ਼ਹੀਦ ਭਾਈ ਗੁਰਜੰਟ ਸਿੰਘ ਰਾਜਸਥਾਨੀ, ਸ਼ਹੀਦ ਭਾਈ ਦਿਲਾਵਰ ਸਿੰਘ "ਬੱਬਰ" ਅਤੇ ਹੋਰ ਹਜ਼ਾਰਾਂ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀ ਕੇ ਕੌਮ ਦਾ ਮਾਣਮੱਤਾ ਇਤਿਹਾਸ ਸਿਰਜਿਆ। ਇਹ ਸ਼ਹੀਦੀ ਸਮਾਗਮ ਇਨ੍ਹਾਂ ਸਾਰੇ ਸ਼ਹੀਦਾਂ ਨੂੰ ਸਮਰਪਿਤ ਹੈ।

ਪ੍ਰਬੰਧਕਾਂ ਵਲੋਂ ਸਮੂਹ ਸੰਗਤ ਨੂੰ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : ਜਸਦੀਪ ਸਿੰਘ ਜੱਸੀ (317) 560-0019 ਅਤੇ ਸੰਦੀਪ ਸਿੰਘ (651) 274-9121


ACURA
AutoNation Acura
Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

ਤੁਸੀਂ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans

ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



2161 SQ Feet home Natomas Sacramento
3 BR 2.5 bath with loft available for $389,000



Kulwinder Kaur K.D.
Cell 916-212-0123
e-mail kdkaur9@yahoo.com

## *ਹਿੰਦ-ਪਾਕਿ ਵੰਡ ਦਾ ਦਰਦ...*

# ਬਟਵਾਰੇ ਮਗਰੋਂ ਨਾ ਪਾਕਿਸਤਾਨ ਖ਼ੁਸ਼ ਸੀ ਨਾ ਭਾਰਤ

**ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70 ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ। (ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ 'ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੇਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ।**



70 ਸਾਲ ਪਹਿਲਾਂ ਜਦੋਂ ਅੰਗਰੇਜ਼ਾਂ ਨੇ ਭਾਰਤ ਨੂੰ ਅਲਵਿਦਾ ਕਿਹਾ ਸੀ ਤਾਂ ਉਨ੍ਹਾਂ ਦਾ ਜਾਣਾ ਬਰਤਾਨਵੀ ਸਾਮਰਾਜ ਦੇ ਅੰਤ ਦਾ ਐਲਾਨ ਸੀ। ਭਾਰਤ ਨੂੰ ਬ੍ਰਿਟਿਸ਼ ਤਾਜ ਦਾ ਨਗੀਨਾ ਕਿਹਾ ਜਾਂਦਾ ਸੀ ਜਦੋਂ ਹਿੰਦੁਸਤਾਨ 'ਚੋਂ ਬਰਤਾਨੀਆ ਦੀ ਹਕੂਮਤ ਖ਼ਤਮ ਹੋਈ ਤਾਂ ਇਕ ਨਹੀਂ, ਦੋ ਮੁਲਕਾਂ ਨੇ ਆਜ਼ਾਦੀ ਦਾ ਸਾਹ ਲਿਆ। ਮੁਲਕ ਦਾ ਬਟਵਾਰਾ ਆਪਣੇ ਇਕੋ ਵੇਲੇ ਤਬਾਹੀ ਲੈ ਕੇ ਆਇਆ ਸੀ ਜੋ ਵੀਹਵੀਂ ਸਦੀ ਵਿਚ ਇਨਸਾਨੀਅਤ ਦੇ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਤਰਾਸਦੀਆਂ ਵਿਚੋਂ ਇਕ ਸੀ। ਆਜ਼ਾਦੀ ਦੇ ਵਕਤ ਭਾਰਤ ਦੀ ਆਬਾਦੀ ਕਰੀਬ 40 ਕਰੋੜ ਸੀ, ਇਸ ਵਿਚ ਹਿੰਦੂਆਂ ਨੂੰ ਬਹੁਮਤ ਹਾਸਲ ਸੀ, ਦੇਸ਼ ਦੀ ਇਕ ਚੌਥਾਈ ਆਬਾਦੀ ਮੁਸਲਮਾਨਾਂ ਦੀ ਸੀ, ਉਹ ਆਜ਼ਾਦੀ ਤੋਂ ਪਹਿਲਾਂ ਤੋਂ ਹੀ ਆਪਣੇ ਲਈ ਵੱਖਰਾ ਦੇਸ਼ ਮੰਗ ਰਹੇ ਸਨ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਅਲੀ ਜਿਨਹਾ ਨੇ ਕਿਹਾ ਕਿ ਮੁਸਲਮਾਨਾਂ ਨੂੰ ਆਪਣਾ ਵੱਖਰਾ ਦੇਸ਼ ਚਾਹੀਦਾ ਹੈ। ਜਿਨਹਾ ਦੇਸ਼ ਦੇ ਬਟਵਾਰੇ ਮਗਰੋਂ ਪਾਕਿਸਤਾਨ ਦੇ ਗਵਰਨਰ ਜਰਨਲ ਬਣੇ। ਬਰਤਾਨਵੀ ਹਕੂਮਤ ਨਾਲ ਜੁੜੇ ਇਕ ਸ਼ਖ਼ਸ ਨੇ ਕਿਹਾ ਸੀ, 'ਆਜ਼ਾਦੀ ਤੇ ਦੇਸ਼ ਦੀ ਵੰਡ ਦੋਵੇਂ ਇਕੋ ਵੇਲੇ ਵਾਪਰੇ। ਭਾਰਤ ਨੂੰ ਆਜ਼ਾਦੀ, ਬਟਵਾਰੇ ਦੀ ਕੀਮਤ 'ਤੇ ਮਿਲੀ। ਹਿੰਦੁਸਤਾਨ ਨੂੰ ਤਕਸੀਮ ਕਰਨ ਦੀ ਜ਼ਿੰਮੇਵਾਰੀ ਆਖ਼ਰੀ ਬ੍ਰਿਟਿਸ਼ ਗਵਰਨਰ ਜਨਰਲ ਅਤੇ ਵਾਇਸ ਰਾਏ ਲਾਰਡ ਮਾਊਂਟਬੈਟਨ ਨੂੰ ਦਿੱਤੀ ਗਈ ਸੀ। ਮਾਊਂਟਬੈਟਨ ਬਰਤਾਨੀਆ ਦੇ ਸ਼ਾਹੀ ਖਾਨਦਾਨ ਨਾਲ ਤਾਲੁੱਕ ਰੱਖਦਾ ਸੀ। ਬਰਤਾਨੀਆ ਇਸ ਵਿਚੋਂ ਖ਼ੁਦ ਨੂੰ ਸੁਰੱਖਿਅਤ ਕੱਢਣਾ ਚਾਹੁੰਦਾ ਸੀ। ਇਹ ਕੰਮ ਮੁਸ਼ਕਲ ਵੀ ਸੀ ਤੇ ਪੇਚੀਦਾ ਵੀ। ਮਾਊਂਟਬੈਟਨ ਨੇ ਤੈਅ ਕੀਤਾ ਕਿ ਇਹ ਕੰਮ ਜਿੰਨੀ ਜਲਦੀ ਹੋ ਜਾਵੇ, ਓਨਾ ਬਿਹਤਰ ਰਹੇਗਾ। ਕਾਹਲੀ ਏਨੀ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਦੀ ਸਰਹੱਦ ਮਹਿਜ਼ 5 ਹਫ਼ਤਿਆਂ ਵਿਚ ਖਿੱਚ ਦਿੱਤੀ ਗਈ ਸੀ। ਅਗਸਤ 1947 ਵਿਚ ਪਹਿਲਾਂ ਪਾਕਿਸਤਾਨ ਅਤੇ ਫਿਰ ਭਾਰਤ ਨੇ ਆਜ਼ਾਦੀ ਦਾ ਜਸ਼ਨ ਮਨਾਇਆ। ਪਰ ਦੋ ਦਿਨ ਬਾਅਦ ਜਦੋਂ ਦੋਹਾਂ ਮੁਲਕਾਂ ਵਿਚਾਲੇ ਸਰਹੱਦ ਦਾ ਐਲਾਨ ਹੋਇਆ ਤਾਂ ਨਾ ਪਾਕਿਸਤਾਨ ਖ਼ੁਸ਼ ਸੀ ਤੇ ਨਾ ਹੀ ਭਾਰਤ ਦੇ ਲੋਕ ਪਾਕਿਸਤਾਨ ਦੇ ਗਵਰਨਰ ਜਨਰਲ ਮੁਹੰਮਦ ਅਲੀ ਜਿਨਹਾ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਸਿਉਂਕ ਲੱਗਾ ਪਾਕਿਸਤਾਨ ਫੜਾ ਦਿੱਤਾ ਗਿਆ ਹੈ। ਜਿਸ ਦੇ ਦੋ ਹਿੱਸੇ ਇਕ ਦੂਜੇ ਤੋਂ ਦੂਰ ਹਨ ਕਿ ਵਿਚਾਲੇ ਹਿੰਦੁਸਤਾਨ ਪੈਂਦਾ ਹੈ। ਦੋਵੇਂ ਹਿੱਸਿਆਂ ਵਿਚਲੀ ਦੂਰੀ ਹਜ਼ਾਰ ਕਿਲੋਮੀਟਰ ਦੀ ਹੈ। ਭਾਰਤ ਦੀ ਆਜ਼ਾਦੀ ਦੇ ਕੁਝ ਦਿਨ ਪਹਿਲਾਂ ਹੀ ਦੇਸ਼ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਹਿੰਸਾ ਸ਼ੁਰੂ ਹੋ ਗਈ ਸੀ ਪਰ ਕਿਸੇ ਨੂੰ ਵੀ ਇਹ ਅੰਦਾਜ਼ਾ ਨਹੀਂ ਸੀ ਕਿ ਹਿੰਸਾ ਦੀਆਂ ਇਹ ਘਟਨਾਵਾਂ, ਬਟਵਾਰੇ ਵੇਲੇ ਭਿਆਨਕ ਰੂਪ ਧਾਰਨ ਕਰ ਲੈਣਗੀਆਂ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਕਰੀਬ ਸਵਾ ਕਰੋੜ ਜਾਂ ਇਸ ਤੋਂ ਜ਼ਿਆਦਾ ਲੋਕ ਸ਼ਰਨਾਰਥੀ ਵਜੋਂ ਭਾਰਤ ਅਤੇ ਪਾਕਿਸਤਾਨ ਆਏ। ਬਟਵਾਰੇ ਵੇਲੇ ਭੜਕੀ ਫ਼ਿਰਕੂ ਹਿੰਸਾ ਵਿਚ ਦਸ ਲੱਖ ਦੇ ਕਰੀਬ ਲੋਕ ਮਾਰੇ ਗਏ ਸਨ। ਬਟਵਾਰੇ ਵੇਲੇ ਭੜਕੀ ਹਿੰਸਾ ਵਿਚ ਦਸ ਹਜ਼ਾਰ ਔਰਤਾਂ ਅਗਵਾ ਕੀਤੀਆਂ ਗਈਆਂ ਸਨ। ਬਟਵਾਰੇ ਦੇ ਜ਼ਖ਼ਮ ਏਨੇ ਡੂੰਘੇ ਸਨ ਕਿ ਭਾਰਤ ਤੇ ਪਾਕਿਸਤਾਨ ਅੱਜ ਤੱਕ ਇਸ ਦੇ ਅਸਰ ਤੋਂ ਉਭਰ ਨਹੀਂ ਸਕੇ ਹਨ। ਕਸ਼ਮੀਰ 'ਤੇ ਹਕ ਨੂੰ ਲੈ ਕੇ ਅੱਜ ਵੀ ਦੋਹਾਂ ਮੁਲਕਾਂ ਵਿਚਾਲੇ ਲੜਾਈ ਜਾਰੀ ਹੈ। ਆਜ਼ਾਦੀ ਮਿਲਣ ਦੇ ਕੁਝ ਹਫ਼ਤਿਆਂ ਅੰਦਰ ਹੀ ਦੋਹਾਂ ਮੁਲਕਾਂ ਵਿਚਾਲੇ ਕਸ਼ਮੀਰ ਨੂੰ ਲੈ ਕੇ ਜੰਗ ਛਿੜ ਗਈ ਸੀ। ਅੱਜ ਵੀ ਕਸ਼ਮੀਰ ਦਾ ਮਸਲਾ ਅਣਸੁਲਝਿਆ ਹੈ। ਇਹ ਕਾਹਲੀ ਵਿਚ ਕੀਤੇ ਗਏ ਬੇਤਰਤੀਬੇ ਬਟਵਾਰੇ ਦੀ ਅਧੂਰੀ ਦਾਸਤਾਨਾ ਹੈ।

## *ਕਸ਼ਮੀਰ ਦੀ ਕਹਾਣੀ ਕਹਿੰਦਾ ਪੈਲੇਡੀਅਮ ਸਿਨੇਮਾ*

**ਕਨਿਸ਼ਕ ਥਰੂਰ ਤੇ ਮਰੀਅਮ ਮਾਰੂਫ**

**'ਕਰੋਗੇ ਯਾਦ ਤੋ ਹਰ ਬਾਤ ਯਾਦ ਆਏਗੀ,**
**ਗੁਜਰਤੇ ਵਕਤ ਕੀ ਹਰ ਮੌਜ ਠਹਿਰ ਜਾਏਗੀ,**

ਮਰਹੂਮ ਬਸ਼ਰ ਨਵਾਜ਼ ਦੀ ਗ਼ਜ਼ਲ ਦਾ ਇਹ ਟੁੱਕੜਾ ਹਿੰਦੁਸਤਾਨ ਤੇ ਪਾਕਿਸਤਾਨ ਦੇ ਰਿਸ਼ਤਿਆਂ 'ਤੇ ਬਿਲਕੁਲ ਫਿੱਟ ਬੈਠਦਾ ਹੈ। ਮੁਲਕ ਨੂੰ ਤਕਸੀਮ ਹੋਇਆਂ 70 ਵਰ੍ਹੇ ਗੁਜ਼ਰ ਗਏ ਹਨ ਪਰ ਬਟਵਾਰੇ ਦੇ ਜ਼ਖ਼ਮ ਉਭਰ ਆਉਂਦੇ ਹਨ।

ਕਸ਼ਮੀਰ ਜਿਸ ਨੂੰ ਕਦੇ ਜੰਨਤ ਕਹਿੰਦੇ ਸੀ...

ਭਾਰਤ-ਪਾਕਿਸਤਾਨ ਦੀ ਖਿੱਚੋਤਾਣ ਦਾ ਸਭ ਤੋਂ ਵੱਡਾ ਕਾਰਨ ਹੈ ਕਸ਼ਮੀਰ। ਕਾਹਲੀ ਵਿਚ ਕੀਤੇ ਗਏ ਬੇਤਰਤੀਬ ਬਟਵਾਰੇ ਦੀ ਵਿਰਾਸਤ ਹੈ। ਇਹ ਕਸ਼ਮੀਰ ਅੱਜ ਵੀ ਹਿੰਸਾ ਦਾ ਸ਼ਿਕਾਰ ਹੈ ਤੇ ਅਮਨ ਲਈ ਤਰਸ ਰਿਹਾ ਹੈ। ਪਰ ਕਸ਼ਮੀਰ ਵਿਚ ਹਾਲਾਤ ਹਮੇਸ਼ਾ ਅਜਿਹੇ ਨਹੀਂ ਸੀ। ਆਜ਼ਾਦੀ ਤੋਂ ਪਹਿਲਾਂ ਇਹ ਕਸ਼ਮੀਰ ਹਸਦਾ-ਖੇਡਦਾ, ਨੱਚਦਾ-ਟੱਪਦਾ ਸੀ। ਇਸ ਦੀਆਂ ਵਾਦੀਆਂ ਵਿਚ ਗੋਲੀਆਂ ਦੀ ਗੂੰਜ ਨਹੀਂ, ਲੋਕਾਂ ਦੇ ਠਹਾਕੇ ਗੂੰਜਦੇ ਸਨ। ਫ਼ਿਜ਼ਾ ਵਿਚ ਰੰਗੀਨੀਆਂ ਸਨ। ਇਹ ਤਾਂ ਉਹ ਕਸ਼ਮੀਰ ਸੀ ਜਿਸ ਲਈ ਇਸ ਨੂੰ ਧਰਤੀ 'ਤੇ ਜੰਨਤ ਕਿਹਾ ਜਾਂਦਾ ਸੀ। ਇਹ ਉਹ ਦੌਰ ਸੀ ਜਦੋਂ ਕਸ਼ਮੀਰ ਦੀ ਵਾਦੀ ਜ਼ਿੰਦਗੀ ਦੇ ਤਮਾਮ ਰੰਗਾਂ ਨਾਲ ਗੁਲਜ਼ਾਰ ਹੋਇਆ ਕਰਦੀ ਸੀ ਤੇ ਇਸ ਦੀ ਸਭ ਤੋਂ ਵੱਡੀ ਮਿਸਾਲ ਸੀ ਸ਼੍ਰੀਨਗਰ ਦਾ ਪੈਲੇਡੀਅਮ ਸਿਨੇਮਾ।

ਸ਼੍ਰੀਨਗਰ ਦੇ ਲਾਲ ਚੌਕ 'ਤੇ ਸਥਿਤ ਪੈਲੇਡੀਮ ਸਿਨੇਮਾ ਕਸ਼ਮੀਰ ਦੇ ਉਸ ਦੌਰ ਦਾ ਗਵਾਹ ਸੀ, ਜਦੋਂ ਹਿੰਦੁਸਤਾਨ ਦੇ ਦੋ ਟੁੱਕੜੇ ਨਹੀਂ ਹੋਏ ਸਨ। ਜਦੋਂ ਭਾਰਤ ਤੇ ਪਾਕਿਸਤਾਨ ਨਹੀਂ ਬਣੇ ਸਨ। ਜਦੋਂ ਕਸ਼ਮੀਰ ਆਜ਼ਾਦ ਰਿਆਸਤ ਸੀ। ਜਦੋਂ ਇਥੇ ਡੋਗਰਾ ਰਾਜਵੰਸ਼ ਦਾ ਰਾਜ ਸੀ। ਪੈਲੇਡੀਅਮ ਸਿਨੇਮਾ ਸ਼੍ਰੀਨਗਰ ਦੇ ਲੋਕਾਂ ਦੇ ਮਨੋਰੰਜਨ ਦਾ ਸਭ ਤੋਂ ਵੱਡਾ ਜ਼ਰੀਆ ਸੀ। ਇਥੇ ਉਹ ਹਰ ਤਰ੍ਹਾਂ ਦੀਆਂ ਫ਼ਿਲਮਾਂ ਦੇਖਿਆ ਕਰਦੇ ਸਨ। ਮਰਦਾਂ ਤੇ ਔਰਤਾਂ ਲਈ ਵੱਖ ਵੱਖ ਹਿੱਸੇ ਬਣੇ ਹੋਏ ਸਨ। ਉਸ ਦੌਰ ਨੂੰ ਯਾਦ ਕਰਦੇ ਹੋਏ ਕ੍ਰਿਸ਼ਨ ਮਿਸਤਰੀ ਕਹਿੰਦੀ ਹੈ ਕਿ ਪੈਲੇਡੀਅਮ ਸਿਨੇਮਾ ਉਨ੍ਹਾਂ ਦੇ ਘਰ ਦੇ ਬਹੁਤ ਨੇੜੇ ਸੀ। ਉਹ ਆਪਣੇ ਪਰਿਵਾਰ ਨਾਲ ਅਕਸਰ ਉਥੇ ਸਿਨੇਮਾ ਦੇਖਣ ਜਾਂਦੀ ਸੀ। ਇਨ੍ਹਾਂ ਵਿਚ ਹਿੰਦੀ ਫ਼ਿਲਮਾਂ ਵੀ ਸੀ ਤੇ ਅੰਗਰੇਜ਼ੀ ਫ਼ਿਲਮਾਂ ਵੀ ਸਨ।

ਸ਼੍ਰੀਨਗਰ ਦੇ ਰਹਿਣ ਵਾਲੇ ਇਮਤਿਆਜ਼ ਕਹਿੰਦੇ ਹਨ ਕਿ ਪਹਿਲਾਂ ਸਿਨੇਮਾ ਦੇਖਣਾ ਆਦਤ ਹੋਇਆ ਕਰਦੀ ਸੀ। ਉਹ ਆਪਣੇ ਦੋਸਤਾਂ ਨਾਲ ਅਕਸਰ ਪੈਲੇਡੀਅਮ ਵਿਚ ਸਿਨੇਮਾ ਦੇਖਣ ਜਾਇਆ ਕਰਦੇ ਸਨ। ਪਰ ਇਮਤਿਆਜ਼ ਕਹਿੰਦੇ ਹਨ ਕਿ ਅੱਜ ਦੀ ਪੀੜ੍ਹੀ ਨੂੰ ਤਾਂ ਪਤਾ ਵੀ ਨਹੀਂ ਹੈ ਕਿ ਸ਼੍ਰੀਨਗਰ ਵਿਚ ਪੈਲੇਡੀਅਮ ਸਿਨੇਮਾ ਹੋਇਆ ਕਰਦਾ ਸੀ।

ਕ੍ਰਿਸ਼ਨਾ ਮਿਸਤਰੀ ਨੂੰ ਅੱਜ ਵੀ ਉਹ ਇਮਾਰਤ ਯਾਦ ਹੈ। ਉਹ ਆਰਟ ਡੇਕੋ ਸਟਾਈਲ ਵਿਚ ਸੀ। ਜਿਸ ਦੇ ਸਾਹਮਣੇ ਦੋ ਖੰਭੇ ਹੋਇਆ ਕਰਦੇ ਸਨ। ਅੰਦਰ ਇਕ ਪਾਸੇ ਟਿਕਟ ਖਿੜਕੀ ਸੀ ਤੇ ਦੂਸਰੇ ਪਾਸੇ ਅੰਦਰ ਜਾਣ ਦਾ ਰਸਤਾ। ਸ਼੍ਰੀਨਗਰ ਦੇ ਮਹਿਲਾ ਕਾਲਜ ਵਿਚ ਵਰ੍ਹਿਆਂ ਤਕ ਪੜ੍ਹਾਉਣ ਵਾਲੀ ਨੀਰਜਾ ਮੱਟੂ ਦੀਆਂ ਅੱਖਾਂ ਅੱਜ ਵੀ ਉਨ੍ਹਾਂ ਦਿਨਾਂ ਨੂੰ ਯਾਦ ਕਰਕੇ ਚਮਕ ਉਠਦੀਆਂ ਹਨ। ਉਹ ਕਹਿੰਦੀ ਹੈ ਕਿ ਉਨ੍ਹਾਂ ਨੇ ਆਪਣੇ ਮਾਂ-ਬਾਪ ਨਾਲ ਪੈਲੇਡੀਅਮ ਸਿਨੇਮਾ ਜਾਣਾ ਸ਼ੁਰੂ ਕੀਤਾ ਸੀ। ਬਾਅਦ ਦੇ ਦਿਨਾਂ ਵਿਚ ਉਹ ਆਪਣੇ ਦੋਸਤਾਂ ਨਾਲ ਵੀ ਉਥੇ ਫ਼ਿਲਮਾਂ ਦੇਖਣ ਜਾਇਆ ਕਰਦੀ ਸੀ। ਨੀਰਜਾ ਨੇ ਇਸੇ ਸਿਨੇਮਾ ਘਰ ਵਿਚ ਦਲੀਪ ਕੁਮਾਰ ਦੀ ਫ਼ਿਲਮ ਸ਼ਹੀਦ ਦੇਖੀ ਸੀ। ਆਖ਼ਰ ਵਿਚ ਹੀਰੋ ਦੇ ਮਰ ਜਾਣ 'ਤੇ ਉਹ ਬਹੁਤ ਰੋਈ ਸੀ। ਉਦੋਂ ਨੀਰਜਾ ਦੀ ਮਾਂ ਨੇ ਉਸ ਨੂੰ ਝਿੜਕਿਆ ਸੀ ਕਿ ਤੂੰ ਮੌਜ-ਮਸਤੀ ਲਈ ਫ਼ਿਲਮ ਦੇਖਣ ਗਈ ਸੀ ਜਾਂ ਰੋਣ ਲਈ।

30-40 ਦਹਾਕੇ ਦੇ ਦਹਾਕੇ ਵਿਚ ਕਸ਼ਮੀਰ ਦੇ ਰਾਜਾ ਸਨ ਹਰੀ ਸਿੰਘ। ਕਸ਼ਮੀਰ ਦੀ ਆਬਾਦੀ ਵਿਚ ਮੁਸਲਮਾਨ ਬਹੁਮਤ ਵਿਚ ਸਨ ਤੇ ਕਸ਼ਮੀਰੀਆਂ ਦੇ ਨੇਤਾ ਸਨ ਸ਼ੇਖ ਅਬਦੁੱਲਾ। ਸ਼ੇਖ ਅਬਦੁੱਲਾ ਨੇ 40 ਦੇ ਦਹਾਕੇ ਵਿਚ ਜਦੋਂ ਆਪਣੀ ਪਾਰਟੀ ਦਾ ਐਲਾਨਨਾਮਾ ਜਾਰੀ ਕੀਤਾ ਤਾਂ ਉਸ ਵਿਚ ਉਨ੍ਹਾਂ ਨੇ ਕਸ਼ਮੀਰ ਦੇ ਮੁਸਲਮਾਨਾਂ, ਪੰਡਤਾਂ ਤੇ ਸਿੱਖਾਂ ਨੂੰ ਬਰਾਬਰੀ ਦਾ ਦਰਜਾ ਦੇਣ ਦੀ ਗੱਲ ਕਹੀ ਸੀ। ਸ਼੍ਰੀਨਗਰ ਦੇ ਲਾਲ ਚੌਕ ਵਿਚ ਅਕਸਰ ਲੋਕਾਂ ਦਾ ਮਜਮਾ ਲੱਗਦਾ ਸੀ। ਇਥੇ ਤਮਾਮ ਨੇਤਾ ਤਕਰੀਰਾਂ ਦਿੰਦੇ ਸਨ। ਲਾਲ ਚੌਕ ਕਸ਼ਮੀਰ ਦੀ ਸਿਆਸਤ ਦਾ ਬਹੁਤ ਵੱਡਾ ਕੇਂਦਰ ਸੀ। ਸੋਵੀਅਤ ਸੰਘ ਦੇ ਪ੍ਰਭਾਵ ਨਾਲ ਹੀ ਇਸ ਦਾ ਨਾਂ ਰੈੱਡ ਸਕਵੇਅਰ ਦੀ ਤਰਜ਼ 'ਤੇ ਲਾਲ ਚੌਕ ਰੱਖਿਆ ਗਿਆ ਸੀ।

ਲਾਲ ਚੌਕ ਵਿਚ ਸਿਆਸੀ ਹਲਚਲਾਂ ਦਾ ਗਵਾਹ ਇਥੇ ਸਥਿਤ ਪੈਲੇਡੀਅਮ ਸਿਨੇਮਾ ਸੀ। ਇਥੇ ਤਮਾਮ ਲੋਕ ਜਮ੍ਹਾ ਹੋ ਕੇ ਦੇਸ਼ ਭਗਤੀ ਦੇ ਗੀਤ ਗਾਉਂਦੇ ਸਨ। ਕ੍ਰਿਸ਼ਨਾ ਮਿਸਤਰੀ ਨੂੰ ਉਸ ਦੌਰ ਦਾ ਇਕ ਗਾਣਾ ਯਾਦ ਆਉਂਦਾ ਹੈ—

'ਲਹਰਾ ਏ ਕਸ਼ਮੀਰ ਕੇ ਝੰਡੇ,
ਹਲਵਾਲੇ ਦਿਲਗੀਰ ਕੇ ਝੰਡੇ,

**ਬਾਕੀ ਸਫ਼ਾ 32 'ਤੇ**



**1949 ਵਿਚ ਗਾਂਧੀ ਪਾਰਕ ਵਿਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਸ਼ੇਖ ਅਬਦੁੱਲਾ**

# ਗੈਂਗਸਟਰ ਰੁਪਿੰਦਰ ਗਾਂਧੀ ਦੇ ਭਰਾ ਮਨਿੰਦਰ ਗਾਂਧੀ ਦੀ ਗੋਲੀਆਂ ਮਾਰ ਕੇ ਹੱਤਿਆ

## *.ਫਿਲਮੀ ਅੰਦਾਜ਼ 'ਚ ਕਈ ਵਾਹਨ ਬਦਲ ਕੇ ਹਮਲਾਵਰ ਹੋਏ .ਫਰਾਰ*



**ਖੰਨਾ/ਬਿਊਰੋ ਨਿਊਜ਼ :** ਇੱਥੋਂ ਕੁਝ ਕਿੱਲੋਮੀਟਰ ਦੂਰ ਪਿੰਡ ਰਸੂਲੜਾ ਵਿਖੇ ਪੰਜਾਬ ਦੇ ਪ੍ਰਸਿੱਧ 'ਗਾਂਧੀ ਗੈਂਗ' ਦੇ ਪਹਿਲੇ ਮੁਖੀ ਮਰਹੂਮ ਰੁਪਿੰਦਰ ਗਾਂਧੀ ਦੇ ਭਰਾ ਮਨਮਿੰਦਰ ਸਿੰਘ ਉਰਫ਼ ਮਿੰਦੀ ਗਾਂਧੀ ਦਾ ਦੋ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮਨਮਿੰਦਰ ਸਵੇਰੇ ਵੇਲੇ ਜਦੋਂ ਆਪਣੇ ਖੇਤਾਂ ਵਿਚ ਮਜ਼ਦੂਰਾਂ ਤੋਂ ਝੋਨੇ 'ਤੇ ਸਪਰੇਅ ਕਰਵਾ ਰਿਹਾ ਸੀ ਤਾਂ ਉਸ ਵੇਲੇ ਪੈਦਲ ਆਏ ਦੋ ਮੋਨੇ ਹਮਲਾਵਰਾਂ, ਜਿਨ੍ਹਾਂ ਦੇ ਮੂੰਹ ਢਕੇ ਹੋਏ ਸਨ, ਨੇ ਮਨਮਿੰਦਰ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਮਨਮਿੰਦਰ ਨੂੰ ਗੰਭੀਰ ਜ਼ਖ਼ਮੀ ਹਾਲਤ ਵਿਚ ਲੁਧਿਆਣਾ ਦੇ ਐਸ.ਪੀ.ਐਸ. ਹਸਪਤਾਲ ਵਿਚ ਪਹੁੰਚਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਜ਼ਿਲ੍ਹਾ ਖੰਨਾ ਦੇ ਮੁਖੀ ਐਸ.ਐਸ.ਪੀ. ਨਵਜੋਤ ਸਿੰਘ ਮਾਹਲ, ਐਸ.ਪੀ.ਆਈ. ਰਵਿੰਦਰਪਾਲ ਸਿੰਘ ਸੰਧੂ, ਐਸ.ਪੀ.ਐਚ. ਬਲਵਿੰਦਰ ਸਿੰਘ ਭੀਖੀ ਅਤੇ ਡੀ.ਐਸ.ਪੀ. ਜਗਵਿੰਦਰ ਸਿੰਘ ਚੀਮਾ ਪੁਲਿਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ। ਪੁਲਿਸ ਸੂਤਰਾਂ ਅਨੁਸਾਰ ਤਕਰੀਬਨ ਪੌਣੇ 8 ਵਜੇ ਮਨਮਿੰਦਰ ਸਿੰਘ ਪੁੱਤਰ ਹਰਦੇਵ ਸਿੰਘ ਵਾਸੀ ਪਿੰਡ ਰਸੂਲੜਾ ਉੱਪਰ 2 ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਚਲਾਈਆਂ ਜੋ ਉਸ ਦੇ ਸਿਰ, ਛਾਤੀ ਅਤੇ ਪੇਟ ਵਿਚ ਵੱਜੀਆਂ। ਹਮਲਾਵਰ ਮਨਮਿੰਦਰ ਦਾ ਹੀ ਬੁਲੇਟ ਮੋਟਰਸਾਈਕਲ ਲੈ ਕੇ ਫ਼ਰਾਰ ਹੋ ਗਏ। ਉਨ੍ਹਾਂ ਨੇ ਮਨਮਿੰਦਰ ਦੇ ਘਰ ਅੱਗੇ ਆ ਕੇ ਵੀ ਹਵਾਈ ਫਾਇਰ ਕੀਤੇ। ਇਸ ਦਰਮਿਆਨ ਘਟਨਾ ਦਾ ਪਤਾ ਲੱਗਣ 'ਤੇ ਮਨਮਿੰਦਰ ਦੇ ਭਤੀਜੇ ਦਵਿੰਦਰ ਸਿੰਘ ਨੋਨੂੰ ਨੇ ਆਪਣੀ ਸਕਾਰਪੀਓ ਗੱਡੀ 'ਤੇ ਹਮਲਾਵਰਾਂ ਦਾ ਪਿੱਛਾ ਕੀਤਾ। ਦੱਸਿਆ ਜਾਂਦਾ ਹੈ ਕਿ ਮਲੇਰਕੋਟਲਾ ਰੋਡ 'ਤੇ ਆ ਕੇ ਉਸ ਨੇ ਹਮਲਾਵਰਾਂ ਦੇ ਮੋਟਰਸਾਈਕਲ ਨੂੰ ਫੇਟ ਵੀ ਮਾਰੀ। ਇੱਥੇ ਵੀ ਹਮਲਾਵਰਾਂ ਵੱਲੋਂ ਹਵਾਈ ਫਾਇਰ ਕੀਤੇ ਜਾਣ ਦੀ ਸੂਚਨਾ ਹੈ। ਬਾਅਦ ਵਿਚ ਹਮਲਾਵਰਾਂ ਨੇ ਪਿਸਤੌਲ ਦੀ ਨੋਕ 'ਤੇ ਇਕ ਇਨੋਵਾ ਗੱਡੀ ਖੋਹ ਲਈ ਅਤੇ ਫਿਰ ਰਸੂਲੜਾ ਪਿੰਡ ਵੱਲ ਚਲੇ ਗਏ। ਹਮਲਾਵਰਾਂ ਨੇ ਥੋੜ੍ਹੀ ਦੂਰ ਜਾ ਕੇ ਹੀ ਇਨੋਵਾ ਗੱਡੀ ਛੱਡ ਕੇ ਇਕ ਰਾਹਗੀਰ ਤੋਂ ਮੋਟਰਸਾਈਕਲ ਖੋਹ ਲਿਆ ਅਤੇ ਪਿੰਡਾਂ ਦੇ ਰਸਤੇ ਫ਼ਰਾਰ ਹੋ ਗਏ। ਪਤਾ ਲੱਗਾ ਹੈ ਕਿ ਬਾਅਦ ਵਿਚ ਖੰਨਾ ਪੁਲਿਸ ਨੂੰ ਇਕ ਹੋਰ ਮੋਟਰਸਾਈਕਲ ਲਾਵਾਰਸ ਖੜ੍ਹਾ ਮਿਲਿਆ, ਜਿਸ ਬਾਰੇ ਸ਼ੱਕ ਹੈ ਕਿ ਹਮਲਾਵਰ ਇਸ ਮੋਟਰਸਾਈਕਲ 'ਤੇ ਆਏ ਹੋਣਗੇ। ਪੁਲਿਸ ਨੂੰ ਘਟਨਾ ਸਥਾਨ ਤੋਂ ਪਿਸਤੌਲ ਦਾ ਮੈਗਜ਼ੀਨ ਅਤੇ 4 ਚੱਲੇ ਕਾਰਤੂਸ ਵੀ ਮਿਲੇ। ਪੁਲਿਸ ਮਾਮਲੇ ਦੀ ਜਾਂਚ ਲਈ ਫੋਰੈਂਸਿਕ ਜਾਂਚ ਟੀਮ ਦੀ ਮਦਦ ਵੀ ਲੈ ਰਹੀ ਹੈ।

ਗੌਰਤਲਬ ਹੈ ਕਿ ਰੁਪਿੰਦਰ ਸਿੰਘ ਗਾਂਧੀ ਦਾ ਕਤਲ 2003 ਵਿਚ ਹੋਇਆ ਸੀ। ਉਸ ਤੋਂ ਬਾਅਦ ਇਹ ਗੈਂਗ ਹੌਲੀ-ਹੌਲੀ ਚੱਲਦਾ ਰਿਹਾ। ਪਿਛਲੇ ਕੁਝ ਸਾਲਾਂ ਤੋਂ ਇਸ ਗਰੁੱਪ ਦੀਆਂ ਗਤੀਵਿਧੀਆਂ ਵਿਚ ਤੇਜ਼ੀ ਆਈ ਹੈ ਅਤੇ ਜੀ.ਜੀ.ਐਸ.ਯੂ. (ਗਾਂਧੀ ਗਰੁੱਪ ਆਫ਼ ਸਟੂਡੈਂਟ ਯੂਨੀਅਨ) ਦੇ ਨਾਂਅ 'ਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਇਹ ਯੂਨੀਅਨ ਬਣ ਚੁੱਕੀ ਹੈ। ਤਕਰੀਬਨ 2 ਸਾਲ ਪਹਿਲਾਂ ਰੁਪਿੰਦਰ ਗਾਂਧੀ ਦੇ ਜੀਵਨ 'ਤੇ ਇਕ ਫ਼ੀਚਰ ਫ਼ਿਲਮ 'ਰੁਪਿੰਦਰ ਗਾਂਧੀ ਦ ਗੈਂਗਸਟਰ' ਬਣੀ ਸੀ, ਜਿਸ ਦੀ ਕਾਫ਼ੀ ਚਰਚਾ ਹੋਈ ਸੀ। ਹੁਣ ਇਸੇ ਕੜੀ ਨੂੰ ਅੱਗੇ ਤੋਰਦੇ ਹੋਏ ਦੂਜੀ ਫ਼ਿਲਮ 'ਰੁਪਿੰਦਰ ਗਾਂਧੀ ਦ ਰੌਬਿਨ ਹੁੱਡ' ਬਣਾਈ ਗਈ ਹੈ, ਜੋ 8 ਸਤੰਬਰ ਨੂੰ ਰਿਲੀਜ਼ ਕੀਤੀ ਜਾਣੀ ਹੈ। ਹਮਲੇ ਦਾ ਸ਼ਿਕਾਰ ਹੋਏ ਮਨਮਿੰਦਰ ਸਿੰਘ ਮਿੰਦੀ ਪਿੰਡ ਰਸੂਲੜਾ ਦੇ ਸਰਪੰਚ ਵੀ ਰਹੇ। ਮਨਮਿੰਦਰ ਸਿੰਘ ਦੇ ਦੋ ਬੱਚੇ ਬੇਟਾ (7) ਅਤੇ ਬੇਟੀ (9) ਅਤੇ ਪਤਨੀ ਭਵਨੀਤ ਕੌਰ ਹਨ। ਮਨਮਿੰਦਰ ਦੀ ਮ੍ਰਿਤਕ ਦੇਹ ਪੋਸਟਮਾਰਟਮ ਲਈ ਖੰਨਾ ਦੇ ਸਿਵਲ ਹਸਪਤਾਲ ਲਿਆਂਦੀ ਗਈ। ਇਸ ਮੌਕੇ ਮ੍ਰਿਤਕ ਦੇ ਪਰਿਵਾਰਕ ਮੈਂਬਰ ਰਿਸ਼ਤੇਦਾਰ ਅਤੇ ਗਾਂਧੀ ਗਰੁੱਪ ਦੇ ਮੈਂਬਰ ਵੱਡੀ ਗਿਣਤੀ ਵਿਚ ਹਾਜ਼ਰ ਸਨ ਅਤੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰਨ ਦੀ ਮੰਗ ਕਰ ਰਹੇ ਸਨ। ਖੰਨਾ ਦੇ ਐਸ.ਐਸ.ਪੀ. ਨਵਜੋਤ ਸਿੰਘ ਮਾਹਲ ਨੇ ਕਿਹਾ ਕਿ ਪੁਲਿਸ ਸਾਰੇ ਮਾਮਲੇ ਦੀ ਜਾਂਚ ਬਾਰੀਕੀ ਨਾਲ ਕਰ ਰਹੀ ਹੈ। ਸ. ਮਾਹਲ ਨੇ ਦਾਅਵਾ ਕੀਤਾ ਕਿ ਦੋਸ਼ੀਆਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਪੰਥਕ ਧਿਰਾਂ ਨੇ ਕੋਟਕਪੂਰਾ 'ਚ ਸਿੱਖਾਂ ਦੇ ਸ਼ਾਂਤਮਈ ਧਰਨੇ 'ਤੇ 'ਪੁਲੀਸ ਜਬਰ' ਦੀ ਵੀਡੀਓ ਜਾਰੀ ਕੀਤੀ

**ਬਠਿੰਡਾ/ਬਿਊਰੋ ਨਿਊਜ਼ :** ਪੰਥਕ ਧਿਰਾਂ ਨੇ ਕੋਟਕਪੂਰਾ ਵਿਚ ਸਿੱਖਾਂ ਦੇ ਸ਼ਾਂਤਮਈ ਧਰਨੇ ਦੌਰਾਨ ਹੋਏ 'ਪੁਲੀਸ ਜਬਰ' ਸਬੰਧੀ ਇੱਕ ਵੀਡੀਓ ਜਾਰੀ ਕਰ ਕੇ ਪੁਲੀਸ ਨੂੰ 'ਕਟਹਿਰੇ' ਵਿੱਚ ਖੜ੍ਹਾ ਕਰਦਿਆਂ ਇਸ ਸਬੰਧੀ ਆਈ.ਜੀ. ਦੀ ਕਾਰਗੁਜ਼ਾਰੀ ਦੀ ਆਲੋਚਨਾ ਕੀਤੀ ਹੈ। ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ ਅਤੇ ਪੰਥਕ ਆਗੂ ਬਾਬਾ ਚਮਕੌਰ ਸਿੰਘ ਭਾਈਰੂਪਾ, ਬਾਬਾ ਸੁਰਿੰਦਰ ਸਿੰਘ ਸੁਭਾਨਵਾਲੇ ਨੇ ਆਖਿਆ ਕਿ ਕੋਟਕਪੂਰਾ ਵਿੱਚ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖ਼ਿਲਾਫ਼ ਸ਼ਾਂਤਮਈ ਧਰਨਾ ਚੱਲ ਰਿਹਾ ਸੀ ਤਾਂ ਪੁਲੀਸ ਨੇ ਪਹਿਲਾਂ ਲਾਠੀਚਾਰਜ ਕੀਤਾ। ਪੁਲੀਸ ਝੂਠ ਬੋਲ ਰਹੀ ਹੈ ਕਿ ਸਿੱਖ ਸੰਗਤ ਨੇ ਪਹਿਲ ਕੀਤੀ ਅਤੇ ਪੁਲੀਸ ਨੂੰ ਮਜਬੂਰੀ ਵਿੱਚ ਕਾਰਵਾਈ ਕਰਨੀ ਪਈ। ਗੁਰਦੀਪ ਸਿੰਘ ਬਠਿੰਡਾ ਨੇ ਵੀਡੀਓ ਜਾਰੀ ਕੀਤੀ, ਜਿਸ ਵਿੱਚ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਲਗਾਤਾਰ ਫੋਨ 'ਤੇ ਗੱਲ ਕਰ ਰਿਹਾ ਹੈ ਤੇ ਮਗਰੋਂ ਲਾਠੀਚਾਰਜ ਹੋ ਜਾਂਦਾ ਹੈ। ਇਹ ਅਧਿਕਾਰੀ ਲਗਾਤਾਰ ਫੋਨ ਕਰਦਾ ਤੇ ਪੁਲੀਸ ਨੂੰ ਆਦੇਸ਼ ਦਿੰਦਾ ਨਜ਼ਰ ਆਉਂਦਾ ਹੈ। ਵੀਡੀਓ ਵਿੱਚ ਪੁਲੀਸ ਮੁਲਾਜ਼ਮ ਹੀ ਇੱਕ ਵਾਹਨ ਨੂੰ ਅੱਗ ਲਾਉਂਦੇ ਅਤੇ ਹੋਰ ਸਾਮਾਨ ਦੀ ਭੰਨ-ਤੋੜ ਕਰਦੇ ਵੀ ਨਜ਼ਰ ਆ ਰਹੇ ਹਨ। ਦੱਸਣਯੋਗ ਹੈ ਕਿ ਘਟਨਾ ਮਗਰੋਂ ਪੁਲੀਸ ਨੇ ਸਾਰਾ ਠੀਕਰਾ ਸਿੱਖ ਸੰਗਤ ਸਿਰ ਭੰਨਿਆ ਸੀ। ਆਗੂਆਂ ਨੇ ਆਖਿਆ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਆਈ.ਜੀ. ਦੀ ਭੂਮਿਕਾ ਦੀ ਵੀ ਪੜਤਾਲ ਕਰੇ ਅਤੇ ਅਧਿਕਾਰੀ ਸਬੰਧੀ ਸਾਰੇ ਵੇਰਵੇ ਇਕੱਤਰ ਕੀਤੇ ਜਾਣ। ਸਾਰੇ ਤੱਥ ਅਤੇ ਵੀਡੀਓ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ



ਸੌਂਪੇ ਜਾਣਗੇ। ਆਗੂਆਂ ਨੇ ਆਖਿਆ ਕਿ ਇਹ ਘਟਨਾ 14 ਅਕਤੂਬਰ 2015 ਨੂੰ ਵਾਪਰੀ ਸੀ ਅਤੇ ਉਸ ਤੋਂ ਪਹਿਲਾਂ 13 ਅਕਤੂਬਰ ਦੀ ਰਾਤ ਨੂੰ ਪੁਲੀਸ ਤੇ ਸਿਵਲ ਅਫਸਰਾਂ ਦੀ ਮੀਟਿੰਗ ਤਤਕਾਲੀ ਮੁੱਖ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਦੇ ਘਰ ਹੋਈ ਸੀ, ਜਿਸ ਵਿੱਚ ਸੁਮੇਧ ਸੈਣੀ ਸਮੇਤ ਤਕਰੀਬਨ ਸਾਰੇ ਵੱਡੇ ਅਧਿਕਾਰੀ ਸ਼ਾਮਲ ਹੋਏ ਸਨ।

ਆਗੂਆਂ ਨੇ ਆਖਿਆ ਕਿ ਜਦੋਂ ਮੀਟਿੰਗ ਵਿੱਚ ਤਤਕਾਲੀ ਡਿਪਟੀ ਕਮਿਸ਼ਨਰ 'ਤੇ ਲਿਖਤੀ ਰੂਪ ਵਿੱਚ ਲਾਠੀਚਾਰਜ ਕਰਨ ਅਤੇ ਗੋਲੀ ਚਲਾਉਣ ਦੇ ਲਿਖਤੀ ਹੁਕਮ ਜਾਰੀ ਕਰਨ ਦਾ ਦਬਾਅ ਪਾਇਆ ਗਿਆ ਤਾਂ ਡਿਪਟੀ ਕਮਿਸ਼ਨਰ ਨੇ ਅਸਤੀਫੇ ਦੀ ਪੇਸ਼ਕਸ਼ ਕਰ ਦਿੱਤੀ ਸੀ। ਆਗੂਆਂ ਨੇ ਮੰਗ ਕੀਤੀ ਕਿ ਇਸ ਮਾਮਲੇ ਵਿੱਚ ਸਿੱਖਾਂ ਨੂੰ ਇਨਸਾਫ਼ ਦਿੱਤਾ ਜਾਵੇ ਅਤੇ ਧੱਕੇਸ਼ਾਹੀ ਕਰਨ ਵਾਲੇ ਪੁਲੀਸ ਅਫਸਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਜੇ ਸਰਕਾਰ ਨੇ ਅਜਿਹਾ ਨਾ ਕੀਤਾ ਤਾਂ ਸੰਘਰਸ਼ ਵਿੱਢਿਆ ਜਾਵੇਗਾ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear

Family Law • Divorce

Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਪੰਜਾਬ 'ਚ ਸਨਅਤੀ ਵਿਕਾਸ ਦੀਆਂ ਆਸਾਂ ਉੱਤੇ ਪਾਣੀ ਫਿਰਿਆ

## ਪਹਾੜੀ ਰਾਜਾਂ ਨੂੰ ਰਿਆਇਤਾਂ ਜਾਰੀ ਰੱਖਣ ਨਾਲ ਹਿੱਲੀਆਂ ਸੂਬੇ ਦੀ ਯੋਜਨਾਬੰਦੀ ਦੀਆਂ ਚੂਲਾਂ

**ਜਲੰਧਰ/ਬਿਊਰੋ ਨਿਊਜ਼ :**
ਕੇਂਦਰ ਸਰਕਾਰ ਵੱਲੋਂ ਗੁਆਂਢੀ ਪਹਾੜੀ ਰਾਜਾਂ ਨੂੰ ਮੁੜ ਫਿਰ 10 ਸਾਲ ਲਈ ਸਨਅਤੀ ਵਿੱਤੀ ਰਿਆਇਤਾਂ ਦੇਣ ਦੇ ਫੈਸਲੇ ਨਾਲ ਪੰਜਾਬ ਸਰਕਾਰ ਵੱਲੋਂ ਰਾਜ ਨੂੰ ਸਨਅਤ ਪੱਖੋਂ ਉਭਾਰਨ ਦੀਆਂ ਸਾਰੀਆਂ ਯੋਜਨਾਵਾਂ ਦੀਆਂ ਚੂਲਾਂ ਹੀ ਹਿਲਾ ਕੇ ਰੱਖ ਦਿੱਤੀਆਂ ਹਨ । ਸਾਲ 2003 ਵਿਚ ਅਕਾਲੀਆਂ ਦੀ ਭਾਈਵਾਲੀ ਵਾਲੀ ਵਾਜਪਾਈ ਸਰਕਾਰ ਨੇ ਪਹਾੜੀ ਰਾਜਾਂ ਨੂੰ ਸਨਅਤੀ ਰਿਆਇਤਾਂ ਦੇਣ ਦਾ ਫੈਸਲਾ ਕੀਤਾ ਸੀ, ਜਿਸ ਨੂੰ ਮੋਦੀ ਸਰਕਾਰ ਨੇ ਹੁਣ ਫਿਰ 10 ਲਈ ਅੱਗੇ ਵਧਾ ਦਿੱਤਾ ਹੈ । ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਗੁਆਂਢੀ ਰਾਜਾਂ ਨੂੰ ਮਿਲੀਆਂ ਬੇਸ਼ੁਮਾਰ ਵਿੱਤੀ ਰਿਆਇਤਾਂ ਕਾਰਨ ਹੀ ਪਿਛਲੇ ਕਰੀਬ ਡੇਢ ਦਹਾਕੇ ਦੌਰਾਨ ਪੰਜਾਬ ਨੂੰ ਵੱਡੇ ਸਨਅਤੀ ਉਜਾੜੇ ਦਾ ਸਾਹਮਣਾ ਕਰਨਾ ਪਿਆ ਹੈ ।

ਸੀਨੀਅਰ ਪੱਤਰਕਾਰ ਮੇਜਰ ਸਿੰਘ ਦੀ ਵਿਸ਼ੇਸ਼ ਰਿਪੋਰਟ ਅਨੁਸਾਰ ਅਜਿਹੀਆਂ ਸਨਅਤੀ ਰਿਆਇਤਾਂ ਦਾ ਨਤੀਜਾ ਹੈ ਕਿ ਪੰਜਾਬ ਦੀ ਸਰਹੱਦ ਦੇ ਨਾਲ ਹਿਮਾਚਲ ਦੇ ਖੇਤਰ ਵਿਚ ਗਗਰੇਟ ਅਤੇ ਬੱਦੀ ਵਰਗੇ ਸਨਅਤੀ ਖੇਤਰ ਪੈਦਾ ਹੋ ਗਏ ਹਨ । ਜਦਕਿ ਪੰਜਾਬ ਦੇ ਬਟਾਲਾ, ਗੁਰਾਇਆ ਵਰਗੇ ਅਨੇਕ ਛੋਟੀਆਂ ਸਨਅਤਾਂ ਦੇ ਕੇਂਦਰ ਤਾਂ ਅਲੋਪ ਹੀ ਹੋ ਗਏ ਅਤੇ ਵੱਡੇ ਸਨਅਤੀ ਕੇਂਦਰਾਂ ਦੇ ਵੀ ਪੈਰ ਉਖੜ ਗਏ ਹਨ । ਮਾਹਰਾਂ ਦਾ ਕਹਿਣਾ ਹੈ ਕਿ ਸਨਅਤਕਾਰ ਹਮੇਸ਼ਾ ਉਧਰ ਨੂੰ ਹੀ ਤੁਰਦੇ ਹਨ, ਜਿਧਰ ਸੁਖਾਵਾਂ ਮਾਹੌਲ ਮਿਲੇ ਤੇ ਬੇਸ਼ੁਮਾਰ ਰਿਆਇਤਾਂ ਹੋਣ । ਗੁਆਂਢੀ ਰਾਜਾਂ ਨੂੰ ਮੁੜ ਰਿਆਇਤਾਂ ਦੀ ਹਾਲਤ ਵਿਚ ਕੌਣ ਪੰਜਾਬ ਵੱਲ ਮੂੰਹ ਕਰੇਗਾ। ਆਰਥਿਕ ਮਾਹਿਰ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਪੰਜਾਬ ਨਾਲ ਧੱਕਾ ਆਖ ਰਹੇ ਹਨ ਤੇ ਨਾਲ ਹੀ ਕੇਂਦਰ ਵੱਲੋਂ ਜੀ. ਐਸ. ਟੀ. ਲਾਗੂ ਕਰਕੇ ਪੂਰੇ ਦੇਸ਼ ਵਿਚ ਇਕਸਾਰ ਕਰ ਪ੍ਰਣਾਲੀ ਲਾਗੂ ਕਰਨ ਦੇ ਦਾਅਵੇ ਦੀ ਵੀ ਫੂਕ ਨਿਕਲ ਗਈ ਹੈ । ਹੁਣ ਜੀ. ਐਸ. ਟੀ. ਪ੍ਰਣਾਲੀ ਅਧੀਨ ਸਨਅਤਾਂ 'ਤੇ ਲੱਗਣ ਵਾਲੇ ਕਰ ਪਹਾੜੀ ਰਾਜਾਂ ਵਿਚ ਵਾਪਸ ਕਰ ਦਿੱਤੇ ਜਾਇਆ ਕਰਨਗੇ। ਮਾਹਿਰ ਸਵਾਲ ਉਠਾ ਰਹੇ ਹਨ ਕਿ ਅਜਿਹੀ ਹਾਲਤ ਵਿਚ ਉੱਚੀ ਦਰ ਦੇ ਕੇ ਪੰਜਾਬ ਦੇ ਸਨਅਤ ਰਾਜਾਂ ਤੇ ਵਪਾਰੀ ਮੁਕਾਬਲੇ ਹੀ ਨਹੀਂ ਖੜ੍ਹ ਸਕਦੇ। ਪੰਜਾਬ ਸਰਕਾਰ ਨੇ ਨਵੀਂ ਘੜੀ ਜਾ ਰਹੀ ਸਨਅਤੀ ਨੀਤੀ ਵਿਚ ਅਗਲੇ ਪੰਜ ਸਾਲ ਵਿਚ ਪੰਜ ਲੱਖ ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਕਰਨ ਅਤੇ ਇਕ ਹਜ਼ਾਰ ਨਵੇਂ ਉੱਦਮੀਆਂ ਨੂੰ ਅੱਗੇ ਲਿਆਉਣ ਦਾ ਟੀਚਾ ਮਿੱਥਿਆ ਹੈ। ਪਰ ਮਾਹਰਾਂ ਦਾ ਕਹਿਣਾ ਹੈ ਕਿ ਨਵੇਂ ਪੂੰਜੀ ਨਿਵੇਸ਼ ਤੇ ਉੱਦਮੀਆਂ ਦੀ ਥਾਂ ਹੁਣ ਤਾਂ ਪਹਿਲਾਂ ਬਚੇ ਹੋਏ ਨੂੰ ਸੰਭਾਲਣ ਦੇ ਲਾਲੇ ਪੈਣਗੇ । ਵਿੱਤੀ ਪੱਖੋਂ ਪੰਜਾਬ ਵੱਡੇ ਆਰਥਿਕ ਸੰਕਟ ਦਾ ਸ਼ਿਕਾਰ ਹੈ ਤੇ ਉੱਪਰੋਂ ਕੇਂਦਰ ਦੇ ਆਏ ਫੈਸਲੇ ਨੇ ਕੇਂਦਰ ਤੋਂ ਕੋਈ ਪੈਕੇਜ ਜਾਂ ਰਿਆਇਤ ਮਿਲਣ ਦੀ ਗੁੰਜਾਇਸ਼ ਹੀ ਲਗਪਗ ਖਤਮ ਕਰ ਦਿੱਤੀ ਹੈ।

### ਪੰਜਾਬ ਨੂੰ ਵੀ ਮਿਲੇ ਸਹੂਲਤ-ਮਾਹਰ

ਪੰਜਾਬ ਦੇ ਉੱਘੇ ਅਰਥਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਕੇਂਦਰ ਸਰਕਾਰ ਦੇ ਫੈਸਲੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਫੈਸਲੇ ਨੇ ਇਕਸਾਰ ਕਰ ਲਾਗੂ ਕਰਨ ਦੇ ਦਾਅਵੇ ਦਾ ਅਸਲ ਚਿਹਰਾ ਨੰਗਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਰਾਜਾਂ ਵਾਲੇ ਫੈਸਲੇ ਦੇ ਨਾਲ ਪੰਜਾਬ ਨੂੰ ਸਰਹੱਦੀ ਸੂਬੇ ਵਜੋਂ ਵਿਸ਼ੇਸ਼ ਪੈਕੇਜ ਤੇ ਰਿਆਇਤਾਂ ਦੇਣ ਦਾ ਫੈਸਲਾ ਹੋਣਾ ਚਾਹੀਦਾ ਸੀ । ਉਨ੍ਹਾਂ ਕਿਹਾ ਕਿ ਪੰਜਾਬ 'ਚ ਸਨਅਤੀ ਨਿਰਮਾਣ ਖੇਤਰ ਦਾ ਵਾਧਾ ਤਾਂ ਪਹਿਲਾਂ ਹੀ ਪਛੜ ਗਿਆ ਹੈ। ਹੁਣ ਰਿਆਇਤਾਂ ਨਾਲ ਹੋਰ ਵੀ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਨਵਾਂ ਫੈਸਲਾ ਸਰਾਸਰ ਧੱਕਾ ਹੈ।

ਉੱਘੇ ਅਰਥਸ਼ਾਸਤਰੀ ਡ. ਸਰਦਾਰਾ ਸਿੰਘ ਜੌਹਲ ਦਾ ਕਹਿਣਾ ਹੈ ਕਿ ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਤਾਂ ਪਹਿਲਾਂ ਹੀ ਕੇਂਦਰੀ ਰਾਜਧਾਨੀ ਦੇ ਕਾਰੀਡੋਰ ਨਾਲ ਜੁੜੇ ਹੋਏ ਹਨ ਤੇ ਪਹਾੜੀ ਗੁਆਂਢੀ ਰਾਜਾਂ ਨੂੰ ਰਿਆਇਤਾਂ ਮਿਲ ਗਈਆਂ, ਫਿਰ ਕਿਹੜਾ ਸਨਅਤਕਾਰ ਹੈ ਜੋ ਘਾਟਾ ਖਾਣ ਲਈ ਪੰਜਾਬ ਆਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਪੰਜਾਬ ਦੀ ਏਨੀ ਘੇਰਾਬੰਦੀ ਹੋ ਗਈ ਹੈ ਤੇ ਉਤੋਂ ਗੁਆਂਢੀ ਮੁਲਕ ਪਾਕਿਸਤਾਨ ਨਾਲ ਲਗਾਤਾਰ ਤਣਾਅ ਰਹਿਣ ਕਾਰਨ ਪੰਜਾਬ ਕੁੜਿੱਕੀ 'ਚ ਫਸ ਗਿਆ ਹੈ। ਅਜਿਹੀ ਹਾਲਤ 'ਚ ਇਥੇ ਸਨਅਤ ਦੇ ਵਿਕਾਸ ਬਾਰੇ ਸੋਚਣਾ ਵੀ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦਾ ਇਹ ਫੈਸਲਾ ਪੰਜਾਬ ਦੀ ਤਬਾਹੀ ਦਾ ਰਾਹ ਖੋਲ੍ਹਣ ਵਾਲਾ ਹੈ। ਜਲੰਧਰ ਦੇ ਮੋਹਰੀ ਸਨਅਤਕਾਰ ਸ. ਗੁਰਸ਼ਰਨ ਸਿੰਘ ਨੇ ਕਿਹਾ ਕਿ ਪੰਜਾਬ ਦਾ ਵਪਾਰ ਤੇ ਸਨਅਤ ਤਾਂ ਪਹਿਲਾਂ ਹੀ ਬਹੁਤ ਸਾਰੇ ਕਾਰਨਾਂ ਕਰਕੇ ਮੁਕਾਬਲੇਬਾਜ਼ੀ 'ਚ ਪਛੜ ਰਿਹਾ ਸੀ, ਪਰ ਗੁਆਂਢੀ ਰਾਜਾਂ ਨੂੰ ਰਿਆਇਤਾਂ ਤਾਂ ਸਾਡੇ ਵਪਾਰ ਤੇ ਸਨਅਤ ਨੂੰ ਤਬਾਹ ਹੀ ਕਰ ਦੇਣਗੀਆਂ।



### ਅਕਾਲੀ-ਭਾਜਪਾ ਦੀ ਸਥਿਤੀ ਕਸੂਤੀ

ਅਕਾਲੀ ਦਲ ਹਮੇਸ਼ਾ ਪੰਜਾਬ ਦੇ ਵਿਕਾਸ ਦੇ ਦਾਅਵੇ ਕਰਦਾ ਆਇਆ ਹੈ ਤੇ ਉਸ ਵੱਲੋਂ ਕੇਂਦਰ ਦੁਆਰਾ ਗੁਆਂਢੀ ਰਾਜਾਂ ਨੂੰ ਦਿੱਤੀਆਂ ਰਿਆਇਤਾਂ ਦਾ ਵੀ ਵਿਰੋਧ ਹੀ ਕੀਤਾ ਜਾਂਦਾ ਰਿਹਾ ਹੈ। ਉਸ ਦੀ ਵਿਡੰਬਨਾ ਇਹ ਹੈ ਕਿ ਪਹਾੜੀ ਰਾਜਾਂ ਨੂੰ ਰਿਆਇਤਾਂ ਦੇਣ ਦੇ ਫੈਸਲੇ ਉੱਪਰ ਦਸਤਖ਼ਤ ਕਰਨ ਵੇਲੇ ਕੇਂਦਰੀ ਕੈਬਨਿਟ 'ਚ ਉਸ ਦੇ ਪ੍ਰਤੀਨਿਧ ਵੀ ਸ਼ਾਮਲ ਸਨ। ਸਾਲ 2003 ਵਿਚ ਸ. ਸੁਖਦੇਵ ਸਿੰਘ ਢੀਂਡਸਾ ਕੇਂਦਰੀ ਮੰਤਰੀ ਸਨ ਤੇ ਹੁਣ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਕੇਂਦਰੀ ਮੰਤਰੀ ਹਨ। ਅਕਾਲੀ ਦਲ ਲਈ ਇਸ ਫੈਸਲੇ ਦੀ ਹਮਾਇਤ ਜਾਂ ਵਿਰੋਧ ਕਰਨ 'ਚ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਗੱਲ ਹੈ। ਪੰਜਾਬ ਦੀ ਭਾਜਪਾ ਦੀ ਹਾਲਤ ਵੀ ਅਜਿਹੀ ਹੈ ।

## ਕੈਪਟਨ ਨੇ ਪਹਾੜੀ ਸੂਬਿਆਂ ਨੂੰ ਸਨਅਤੀ ਰਿਆਇਤਾਂ ਦੇਣ ਦਾ ਕੀਤਾ ਵਿਰੋਧ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪਹਾੜੀ ਸੂਬਿਆਂ ਦੀਆਂ ਸਨਅਤਾਂ ਨੂੰ ਰਿਆਇਤਾਂ ਦੇਣ ਬਾਰੇ ਕੇਂਦਰ ਸਰਕਾਰ ਦੇ ਫੈਸਲੇ ਦਾ ਵਿਰੋਧ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਉਹ ਪੰਜਾਬ ਦੇ ਸਰਹੱਦੀ ਇਲਾਕਿਆਂ ਅਤੇ ਕੰਢੀ ਖੇਤਰਾਂ ਨੂੰ ਵੀ ਅਜਿਹੀਆਂ ਛੋਟਾਂ ਦੇਣ ਦੀ ਮੰਗ ਉਠਾਉਣਗੇ। ਇੱਥੇ ਪੰਜਾਬ ਕਲਾ ਭਵਨ ਵਿੱਚ ਫੋਟੋ ਜਰਨਲਿਸਟ ਵੈਲਫੇਅਰ ਐਸੋਸੀਏਸ਼ਨ ਦੀ ਫੋਟੋ ਪ੍ਰਦਰਸ਼ਨੀ ਦੇ ਉਦਘਾਟਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸਰਹੱਦੀ ਤੇ ਕੰਢੀ ਖੇਤਰਾਂ ਵਿੱਚ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਹਨ, ਜਿਸ ਕਰ ਕੇ ਇਨ੍ਹਾਂ ਇਲਾਕਿਆਂ ਨੂੰ ਵੀ ਛੋਟਾਂ ਮਿਲਣੀਆਂ ਚਾਹੀਦੀਆਂ ਹਨ। ਸਰਕਾਰ ਨੇ ਪਹਿਲਾਂ ਵੀ ਕੇਂਦਰ ਸਰਕਾਰ ਕੋਲ ਇਹ ਮਸਲਾ ਉਠਾਇਆ ਸੀ ਅਤੇ ਹੁਣ ਹੋਰ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ। ਡੇਰਾ ਸਿਰਸਾ ਦੇ ਮੁਖੀ ਬਾਰੇ ਅਦਾਲਤੀ ਫੈਸਲੇ ਸਬੰਧੀ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਕਿਸੇ ਨੂੰ ਵੀ ਸੂਬੇ ਦੇ ਅਮਨ-ਚੈਨ ਵਿੱਚ ਅੜਿੱਕਾ ਡਾਹੁਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਕਿਸਾਨੀ ਕਰਜ਼ ਮੁਆਫ਼ੀ ਸਬੰਧੀ ਡਾ. ਟੀ ਹੱਕ ਕਮੇਟੀ ਦੀਆਂ ਸਿਫ਼ਾਰਸ਼ਾਂ ਬਾਰੇ ਸਵਾਲ ਦੇ ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਰਿਪੋਰਟ ਹਾਸਲ ਕਰ ਲਈ ਹੈ ਅਤੇ ਇਸ ਨੂੰ ਪੜ੍ਹ ਕੇ ਕਿਸਾਨਾਂ ਦੇ ਹਿੱਤ ਵਿੱਚ ਢੁਕਵੇਂ ਫੈਸਲੇ ਲਏ ਜਾਣਗੇ। ਇਕ ਹੋਰ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਸਪੱਸ਼ਟ ਕੀਤਾ ਕਿ ਰੇਤ ਦੀਆਂ ਖੱਡਾਂ ਦੀ ਨਿਲਾਮੀ ਅਤੇ ਮੰਤਰੀ ਰਾਣਾ ਗੁਰਜੀਤ ਸਿੰਘ ਖ਼ਿਲਾਫ਼ ਲੱਗੇ ਦੋਸ਼ਾਂ ਬਾਰੇ ਜਸਟਿਸ ਨਾਰੰਗ ਦੀ ਰਿਪੋਰਟ ਘੋਖਣ ਲਈ ਦੂਜੀ ਕਮੇਟੀ ਨਹੀਂ ਬਣੇਗੀ। ਉਨ੍ਹਾਂ ਕਿਹਾ, "ਮੈਂ ਰਿਪੋਰਟ ਮੁੱਖ ਸਕੱਤਰ ਨੂੰ ਭੇਜ ਦਿੱਤੀ ਹੈ, ਜੋ ਇਸ ਰਿਪੋਰਟ ਦੀ ਪੜਚੋਲ ਲਈ ਹੋਰ ਅਧਿਕਾਰੀਆਂ ਨੂੰ ਸ਼ਾਮਲ ਕਰ ਸਕਦੇ ਹਨ।" ਆਮ ਆਦਮੀ ਪਾਰਟੀ ਵਿਚੋਂ ਕੱਢੇ ਸੁੱਚਾ ਸਿੰਘ ਛੋਟੇਪੁਰ ਦੇ ਕਾਂਗਰਸ ਵਿੱਚ ਆਉਣ ਦੀਆਂ ਕਿਆਸਅਰਾਈਆਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਛੋਟੇਪੁਰ ਉਨ੍ਹਾਂ ਦੇ ਚੰਗੇ ਮਿੱਤਰ ਹਨ ਪਰ ਪਿਛਲੇ ਦੋ ਮਹੀਨਿਆਂ ਤੋਂ ਮੁਲਾਕਾਤ ਨਹੀਂ ਹੋਈ। ਮੁੱਖ ਮੰਤਰੀ ਨੇ ਉੱਘੇ ਫੋਟੋਗ੍ਰਾਫਰ ਐਸ.ਪੌਲ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ, ਜਿਨ੍ਹਾਂ ਦਾ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਦੇਹਾਂਤ ਹੋ ਗਿਆ ਸੀ। ਇਸ ਮੌਕੇ ਉਨ੍ਹਾਂ ਦੀ ਯਾਦ ਵਿੱਚ 2 ਮਿੰਟ ਦਾ ਮੌਨ ਵੀ ਰੱਖਿਆ ਗਿਆ। ਕੈਪਟਨ ਅਮਰਿੰਦਰ ਸਿੰਘ ਨੇ ਸਾਲ ਦੇ ਬਿਹਤਰੀਨ ਫੋਟੋਗ੍ਰਾਫਰ ਲਈ ਟਰਾਫ਼ੀ ਦਾ ਐਲਾਨ ਕੀਤਾ, ਜੋ ਹਰੇਕ ਸਾਲ ਦਸੰਬਰ ਮਹੀਨੇ ਵਿੱਚ ਦਿੱਤੀ ਜਾਵੇਗੀ। ਉੱਘੇ ਫੋਟੋ ਪੱਤਰਕਾਰ ਸੰਤੋਖ ਸਿੰਘ ਨੇ ਮੁੱਖ ਮੰਤਰੀ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ। ਨੁਮਾਇਸ਼ ਵਿੱਚ ਲਾਈਆਂ ਆਪਣੀਆਂ ਤਸਵੀਰਾਂ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਇਹ ਤਸਵੀਰਾਂ ਕਾਫ਼ੀ ਦੇਰ ਪਹਿਲਾਂ ਦੱਖਣੀ ਅਫਰੀਕਾ ਵਿੱਚ ਖਿੱਚੀਆਂ ਸਨ।

### ਸੁਖਬੀਰ ਬਾਦਲ ਵਲੋਂ ਵੀ ਵਿਰੋਧ

ਕੀਰਤਪੁਰ ਸਾਹਿਬ : ਸਾਬਕਾ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਹਿਮਾਚਲ ਪ੍ਰਦੇਸ਼ ਸਣੇ ਹੋਰ ਪਹਾੜੀ ਸੂਬਿਆਂ ਦੀਆਂ ਸਨਅਤਾਂ ਨੂੰ ਦਸ ਸਾਲਾਂ ਲਈ ਟੈਕਸ ਰਾਹਤ ਦੇ ਕੇ ਪੰਜਾਬ ਨਾਲ ਧੱਕਾ ਕੀਤਾ ਹੈ। ਇੱਥੇ ਪੁੱਜੇ ਸ੍ਰੀ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਰਹੱਦੀ ਸੂਬੇ ਪੰਜਾਬ ਨੂੰ ਕੋਈ ਰਾਹਤ ਨਹੀਂ ਦਿੱਤੀ, ਜੋ ਸਰਾਸਰ ਗ਼ਲਤ ਹੈ।



ਆਪਣੀ ਭਾਈਵਾਲ ਕੇਂਦਰ ਦੀ ਐਨਡੀਏ ਸਰਕਾਰ ਨਾਲ ਗੱਲ ਕਰਨ ਬਾਰੇ ਪੁੱਛਣ 'ਤੇ ਸ੍ਰੀ ਬਾਦਲ ਨੇ ਕਿਹਾ ਕਿ ਉਹ ਇਹ ਮਸਲਾ ਕੇਂਦਰ ਕੋਲ ਲੈ ਕੇ ਜਾਣਗੇ। ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਬਾਰੇ ਉਨ੍ਹਾਂ ਕਿਹਾ ਕਿ ਜਥੇਬੰਦਕ ਢਾਂਚੇ ਦਾ ਐਲਾਨ ਛੇਤੀ ਕੀਤਾ ਜਾਵੇਗਾ।

## ਨਵੀਂ ਉਦਯੋਗਿਕ ਨੀਤੀ ਤੋਂ ਪਹਿਲਾਂ ਹੀ ਪੰਜਾਬ ਨੂੰ ਮੋਦੀ ਸਰਕਾਰ ਦਾ ਝਟਕਾ

**ਹਿਮਾਚਲ-ਜੰਮੂ-ਕਸ਼ਮੀਰ 'ਚ ਮਾਰਚ 2027 ਤਕ ਸੀਜੀਐਸਟੀ ਮੁਫਾਈ ਨਾਲ ਇਕ ਦੇਸ਼-ਇਕ ਟੈਕਸ ਦਾ ਢਾਂਚਾ ਵਿਗੜੇਗਾ, ਪੰਜਾਬ ਦੇ ਕਾਰੋਬਾਰੀਆਂ ਨੇ ਮੰਗਿਆ ਜੀਐਸਟੀ ਪੈਕੇਜ**

**ਚੰਡੀਗੜ੍ਹ/ਬਿਊਰੋ ਨਿਊਜ਼ :**
ਸੂਬੇ ਵਿਚ ਨਵੀਂ ਉਦਯੋਗਿਕ ਨੀਤੀ ਆਉਣ ਤੋਂ ਪਹਿਲਾਂ ਹੀ ਕੇਂਦਰ ਸਰਕਾਰ ਨੇ ਗਵਾਂਢੀ ਰਾਜ ਹਿਮਾਚਲ ਤੇ ਜੰਮੂ-ਕਸ਼ਮੀਰ ਦੇ ਉਦਯੋਗਾਂ ਨੂੰ ਜੀਐਸਟੀ ਮੁਆਫ਼ੀ ਦਾ ਪੈਕੇਜ ਦੇ ਕੇ ਸੂਬੇ ਨੂੰ ਝਟਕਾ ਦਿੱਤਾ ਹੈ। ਕੇਂਦਰ ਨੇ ਮਾਰਚ 2027 ਤਕ ਹਿਮਾਚਲ, ਜੰਮੂ-ਕਸ਼ਮੀਰ ਤੇ ਉਤਰੀ ਪੂਰਬੀ ਰਾਜਾਂ ਦੀ ਇੰਡਸਟਰੀ ਨੂੰ ਸੀਜੀਐਸਟੀ (ਸੈਂਟਰਲ ਗੁੱਡਸ ਐਂਡ ਸਰਵਿਸ ਟੈਕਸ) ਮੁਆਫ਼ ਕਰਨ ਦਾ ਐਲਾਨ ਕੀਤਾ ਹੈ। ਨੋਟੀਫਿਕੇਸ਼ਨ 6 ਹਫ਼ਤਿਆਂ ਅੰਦਰ ਹੋਵੇਗਾ। ਇਧਰ 24 ਅਗਸਤ ਨੂੰ ਪੰਜਾਬ ਕੈਬਨਿਟ ਮੀਟਿੰਗ ਵਿਚ ਮਨਜ਼ੂਰੀ ਲਈ ਪ੍ਰਸਤਾਵਤ ਨਵੀਂ ਉਦਯੋਗਿਕ ਨੀਤੀ ਵਿਚ ਸਰਕਾਰ ਨੇ ਸਿਰਫ਼ ਨਵੇਂ ਨਿਵੇਸ਼ 'ਤੇ ਐਸਜੀਐਸਟੀ (ਸਟੇਟ ਗੁੱਡਸ ਐਂਡ ਸਰਵਿਸ ਟੈਕਸ) ਰਾਜ ਦੇ ਅੰਦਰ ਵਿਕਣ ਵਾਲੇ ਮਾਲ 'ਤੇ 7 ਤੋਂ 10 ਸਾਲ ਲਈ ਮੁਆਫ਼ ਕਰਨ ਦੀ ਤਿਆਰੀ ਹੈ। ਗਵਾਂਢੀ ਸੂਬਿਆਂ ਨੂੰ ਕੇਂਦਰ ਦੇ ਸੀਜੀਐਸਟੀ ਪੈਕੇਜ ਨੂੰ ਦੇਖਦੇ ਹੋਏ ਪੰਜਾਬ ਦੇ ਕਾਰੋਬਾਰੀ ਮੌਜੂਦਾ ਇੰਡਸਟਰੀ ਨੂੰ ਵੀ ਜੀਐਸਟੀ ਮੁਆਫ਼ੀ ਦੀ ਮੰਗ ਕਰਨ ਲੱਗੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਕੇਂਦਰ ਨੇ ਕੁਝ ਰਾਜਾਂ ਨੂੰ ਸੀਜੀਐਸਟੀ ਮੁਆਫ਼ੀ ਦਾ ਪੈਕੇਜ ਦੇ ਕੇ ਇਕ ਦੇਸ਼-ਇਕ ਟੈਕਸ ਦਾ ਢਾਂਚਾ ਵਿਗਾੜ ਦਿੱਤਾ ਹੈ।




**ਇੰਡਸਟਰੀ ਪਰਤਣ ਦੀ ਉਮੀਦ ਟੁੱਟੀ :**
ਕੇਂਦਰ ਨੇ ਕਈ ਸੂਬਿਆਂ ਵਿਚ ਸੀਜੀਐਸਟੀ ਮੁਆਫ਼ੀ ਦਾ 10 ਸਾਲਾ ਪੈਕੇਜ ਦੇ ਕੇ ਪੰਜਾਬ ਦੀ ਨਵੀਂ ਉਦਯੋਗਿਕ ਨੀਤੀ ਆਉਣ ਤੋਂ ਪਹਿਲਾਂ ਹੀ ਉਸ ਨੂੰ ਬੇਅਸਰ ਕਰ ਦਿੱਤਾ ਹੈ। ਪੰਜਾਬ ਤੋਂ ਹਿਜਰਤ ਕਰ ਚੁੱਕੀ ਇੰਡਸਟਰੀ ਦੀ ਉਮੀਦ ਵੀ ਟੁੱਟ ਗਈ ਹੈ। ਜੀਐਸਟੀ ਨਾਲ ਪੂਰੇ ਦੇਸ਼ ਭਰ ਵਿਚ ਇਕ ਟੈਕਸ ਹੋਣ ਨਾਲ ਹਿਮਾਚਲ ਵਿਚ ਹਿਜਰਤ ਕਰਕੇ ਗਈ ਇੰਡਸਟਰੀ ਦੀ ਪੰਜਾਬ ਵਾਪਸੀ ਦੀ ਉਮੀਦ ਬਣੀ ਸੀ।

### ਅਦਾਲਤ ਵੀ ਨਹੀਂ ਜਾ ਸਕਦੀ ਇੰਡਸਟਰੀ :

ਜੀਐਸਟੀ ਤੋਂ ਪਹਿਲੇ 10 ਸਾਲ ਲਈ ਲਾਗੂ ਸੈਂਟਰ ਐਕਸਾਈਜ਼ ਮੁਆਫ਼ੀ ਪੈਕੇਜ ਨੂੰ ਕੇਂਦਰ ਸਰਕਾਰ ਨੇ ਜਾਰੀ ਰੱਖਿਆ ਹੈ। ਨਵੇਂ ਨਿਵੇਸ਼ 'ਤੇ ਸੀਜੀਐਸਟੀ ਦੀ ਮੁਆਫ਼ੀ ਨਹੀਂ ਹੋਵੇਗੀ। ਜੁਲਾਈ 2017 ਤੋਂ ਪਹਿਲਾਂ ਟੈਕਸ ਹੋਲੀਡੇ ਪੈਕੇਜ ਵਾਲੇ ਰਾਜਾਂ ਵਿਚ ਨਿਵੇਸ਼ ਕਰਨ ਵਾਲੀ ਇੰਡਸਟਰੀ 'ਤੇ ਹੀ ਇਹ ਲਾਗੂ ਹੋਵੇਗਾ। ਕੇਂਦਰ ਅਜਿਹਾ ਨਾ ਕਰਦਾ ਤਾਂ ਇੰਡਸਟਰੀ ਅਦਾਲਤ ਜਾ ਕੇ ਟੈਕਸ ਪੈਕੇਜ ਦਾ ਦਾਅਵਾ ਕਰ ਸਕਦੀ ਸੀ।

**ਏ.ਐਸ. ਮਿੱਤਰ**
**ਐਸੋਚੈਮ ਦੇ ਚੇਅਰਮੈਨ**

### ਮੌਜੂਦਾ ਇੰਡਸਟਰੀ ਪਛੜੇਗੀ :

ਹਿਮਾਚਲ, ਜੰਮੂ-ਕਸ਼ਮੀਰ ਵਿਚ ਟੈਕਸ ਮੁਆਫ਼ੀ ਪੈਕੇਜ ਨਾਲ ਅਤੇ ਪੰਜਾਬ ਸਰਕਾਰ ਦੀ ਨਵੀਂ ਉਦਯੋਗਿਕ ਨੀਤੀ ਵਿਚ ਸਿਰਫ਼ ਨਵੇਂ ਨਿਵੇਸ਼ 'ਤੇ ਐਸਜੀਟੀਐਸਟੀ ਮੁਆਫ਼ ਹੋਣ ਨਾਲ ਪੰਜਾਬ ਦੀ ਮੌਜੂਦਾ ਇੰਡਸਟਰੀ ਪੱਛੜ ਜਾਵੇਗੀ। ਮੌਜੂਦਾ ਇੰਡਸਟਰੀ ਨੂੰ ਉਭਾਰਨ ਲਈ ਨਵੀਂ ਪਾਲਸੀ ਵਿਚ ਟੈਕਸ ਰਿਆਇਤਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ।

**ਐਸ.ਸੀ. ਰਲਹਨ,**
**ਫੈਡਰੇਸ਼ਨ ਆਫ਼ ਇੰਡੀਅਨ ਐਕਸਪੋਰਟਰਸ ਆਰਗੇਨਾਈਜੇਸ਼ਨ ਦੇ ਮੁਖੀ**

# ਪਹਾੜਾਂ ਦੀ ਠੰਢਕ ਨੇ ਪਸੀਨੇ ਪਸੀਨੇ ਕੀਤੀ ਪੰਜਾਬ ਦੀ ਸਨਅਤ

**ਕੇਂਦਰ ਦੀਆਂ ਸਰਕਾਰਾਂ ਵਲੋਂ ਪੰਜਾਬ ਨਾਲ ਲੰਬੇ ਸਮੇਂ ਤੋਂ ਕੀਤੇ ਜਾ ਰਹੇ ਵਿਤਕਰੇ ਕਾਰਨ ਇਸ ਦੀ ਸਨਅਤ ਹੋਰ ਤੇਜ਼ੀ ਨਾਲ ਨਿਘਰਦੀ ਜਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਲੇ ਨਵੀਂ ਸਨਅਤੀ ਨੀਤੀ ਘੜਨੀ ਸੀ ਪਰ ਕੇਂਦਰ ਵਿਚਲੀ ਮੋਦੀ ਸਰਕਾਰ ਨੇ ਪਹਾੜੀਆਂ ਸੂਬਿਆਂ ਨੂੰ ਹੋਰ ਰਿਆਇਤਾਂ ਦੇ ਕੇ ਪੰਜਾਬ ਨਾਲ ਵੱਡੀ ਮਾਰ ਕੀਤੀ ਹੈ। ਪੰਜਾਬ ਦੇ ਸਨਅਤਕਾਰ ਪਹਾੜੀ ਸੂਬਿਆਂ ਨੂੰ ਰਿਆਇਤਾਂ ਦੇ ਵਿਰੋਧੀ ਨਹੀਂ, ਪਰ ਸਮੇਂ ਸਮੇਂ ’ਤੇ ਕਦੇ ’47 ਦੀ ਵੰਡ, ਕਦੇ 1984, ਕਦੇ ਖੇਤੀ ਸੰਕਟ, ਕਦੇ ਨਸ਼ਿਆਂ ਵਿਚ ਗਰਕ ਹੋ ਰਹੀ ਜਵਾਨੀ ਕਾਰਨ ਦਰਦ ਹੰਢਾਉਂਦੇ ਆ ਰਹੇ ਪੰਜਾਬ ਨੂੰ ਵੀ ਓਨੀਆਂ ਹੀ ਰਿਆਇਤਾਂ ਦੀ ਲੋੜ ਸੀ। ਕੇਂਦਰ ਦੀ ਸ਼ਾਤਰਾਨਾ ਚਾਲ ਨਾਲ ਪੰਜਾਬ ਦੀ ਸਨਅਤ ’ਤੇ ਕੀ ਅਸਰ ਪਏਗਾ, ਪੇਸ਼ ਹੈ ਸੀਨੀਅਰ ਪੱਤਰਕਾਰਾਂ ਦੀ ਵਿਸ਼ੇਸ਼ ਰਿਪੋਰਟ। ‘ਪੰਜਾਬੀ ਟ੍ਰਿਬਿਊਨ’ ਤੋਂ ਧੰਨਵਾਦ ਸਹਿਤ।**

## ਹੁਣ ਤਕ 18 ਹਜ਼ਾਰ ਤੋਂ ਵੱਧ ਸਨਅਤੀ ਇਕਾਈਆਂ ਨੇ ਪਹਾੜੀ ਰਾਜਾਂ ਵੱਲ ਕੂਚ ਕੀਤਾ

**ਗਗਨਦੀਪ ਅਰੋੜਾ**

ਕੇਂਦਰ ਸਰਕਾਰ ਦਾ ਪਹਾੜੀ ਸੂਬਿਆਂ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਤੇ ਉਤਰਾਖੰਡ ਦੀਆਂ ਸਨਅਤਾਂ ਨੂੰ 10 ਸਾਲਾਂ ਲਈ ਵਿਸ਼ੇਸ਼ ਰਾਹਤ ਪੈਕੇਜ ਦਾ ਐਲਾਨ ਪੰਜਾਬ ਦੀ ਸਨਅਤ ਲਈ ਆਫ਼ਤ ਬਣ ਕੇ ਆਇਆ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪਹਾੜੀ ਰਾਜਾਂ ਨੂੰ ਸਨਅਤਾਂ ਲਈ ਵਿਸ਼ੇਸ਼ ਆਰਥਿਕ ਛੋਟਾਂ ਦਿੱਤੇ ਜਾਣ ਕਾਰਨ ਹੁਣ ਤਕ 18 ਹਜ਼ਾਰ ਤੋਂ ਵੱਧ ਸਨਅਤੀ ਇਕਾਈਆਂ ਗੁਆਂਢੀ ਪਹਾੜੀ ਰਾਜਾਂ ਵਿੱਚ ਕੂਚ ਕਰ ਗਈਆਂ ਹਨ। ਕੇਵਲ ਲੁਧਿਆਣਾ ਦੇ ਹੀ ਵੱਡੇ ਉਦਯੋਗਿਕ ਘਰਾਣਿਆਂ ਦੇ 800 ਦੇ ਕਰੀਬ ਯੂਨਿਟ ਪਹਾੜੀ ਰਾਜਾਂ ਵਿੱਚ ਚਲੇ ਗਏ ਹਨ। ਲੁਧਿਆਣਾ ਦੀ ਓਸਵਾਲ ਇੰਡਸਟਰੀ, ਟਰਾਈਡੈਂਟ, ਹੀਰੋ, ਏਵਨ, ਭੂਸ਼ਨ ਸਟੀਲ, ਆਰਤੀ ਸਟੀਲ, ਨਿਊ ਸਵਾਨ, ਅੱਪੂ ਇੰਟਰਨੈਸ਼ਨਲ ਆਦਿ ਨੇ ਪਹਾੜੀ ਰਾਜਾਂ ਵੱਲ ਚੜ੍ਹਾਈ ਕੀਤੀ ਹੈ। ਇਸ ਤੋਂ ਇਲਾਵਾ ਕਈ ਹੋਰ ਫਰਮਾਂ ਨੇ ਵੀ ਹਿਮਾਚਲ ਵਿੱਚ ਯੂਨਿਟ ਲਾਏ ਹਨ। ਸਨਅਤਕਾਰਾਂ ਨੇ ਕਿਹਾ ਕਿ ਜੀਐਸਟੀ ਲਾਉਂਦੇ ਸਮੇਂ ਸਰਕਾਰ ਨੇ ‘ਇੱਕ ਦੇਸ਼, ਇੱਕ ਟੈਕਸ’ ਦਾ ਨਾਅਰਾ ਦਿੱਤਾ ਸੀ ਪਰ ਹੁਣ ਕੇਂਦਰ ਸਰਕਾਰ ਪਹਾੜੀ ਰਾਜਾਂ ਦੀਆਂ ਸਨਅਤਾਂ ਨੂੰ ਵਿਸ਼ੇਸ਼ ਰਿਆਇਤਾਂ ਦੇ ਕੇ ਬਾਕੀ ਸੂਬਿਆਂ ਨਾਲ ਧੱਕਾ ਕਰ ਰਹੀ ਹੈ। ਜੇਕਰ ਪੰਜਾਬ ਨੂੰ ਵੀ ਸਰਹੱਦੀ ਸੂਬਾ ਹੋਣ ਕਾਰਨ ਪੈਕੇਜ ਨਹੀਂ ਮਿਲਿਆ ਤਾਂ ਇੱਥੋਂ ਦੀ ਇੰਡਸਟਰੀ ਤੇ ਵਪਾਰ ਬਿਲਕੁਲ ਤਬਾਹ ਹੋ ਜਾਵੇਗਾ। ਲੁਧਿਆਣਾ ਸ਼ਹਿਰ ਦੇ ਫਾਰਮਾ, ਸਟੀਲ, ਇਲੈਕਟ੍ਰਾਨਿਕਸ, ਕੈਮੀਕਲ ਤੇ ਸਪਿਨਿੰਗ ਮਿੱਲਾਂ ਦੇ ਯੂਨਿਟ ਹਿਮਾਚਲ ਵਿੱਚ ਚਲੇ ਗਏ ਹਨ। ਉਤਰਾਖੰਡ ਵਿੱਚ ਆਟੋ ਤੇ ਫਾਰਮਾ, ਖੇਡ ਸਨਅਤਾਂ ਜੰਮੂ ਕਸ਼ਮੀਰ ਵਿੱਚ ਪਹੁੰਚ ਗਈਆਂ ਹਨ। ਲੁਧਿਆਣਾ ਦੇ ਉੱਘੇ ਸਨਅਤਕਾਰ ਤੇ ਫੈਡਰੇਸ਼ਨ ਆਫ ਪੰਜਾਬ ਸਮਾਲ ਇੰਡਸਟਰੀ ਐਸੋਸੀਏਸ਼ਨ ਦੇ ਪ੍ਰਧਾਨ ਬਦੀਸ਼ ਜਿੰਦਲ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਪਹਾੜੀ ਸੂਬਿਆਂ ਦੀਆਂ ਸਨਅਤਾਂ ਨੂੰ ਕਰ ਵਿੱਚ ਵਿਸ਼ੇਸ਼ ਛੋਟ ਦੇਣਾ ਤੇ ਸਰਹੱਦੀ ਸੂਬੇ ਪੰਜਾਬ ਦੀਆਂ ਸਨਅਤਾਂ ਨੂੰ ਖ਼ਤਮ ਕਰਨ ਬਰਾਬਰ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਅੰਕੜਿਆਂ ਮੁਤਾਬਕ ਹੁਣ ਤਕ 18 ਹਜ਼ਾਰ ਤੋਂ ਵੱਧ ਸਨਅਤੀ ਯੂਨਿਟ ਪਹਾੜੀ ਤੇ ਉੱਤਰ ਪੂਰਬੀ ਰਾਜਾਂ ਨੂੰ ਵਿਸ਼ੇਸ਼ ਸਨਅਤੀ ਪੈਕੇਜ ਕਾਰਨ ਪੰਜਾਬ ਵਿਚੋਂ ਸ਼ਿਫਟ ਹੋ ਚੁੱਕੇ ਹਨ। ਇਸ ਕਾਰਨ ਸਿਰਫ਼ ਲੁਧਿਆਣਾ ਤੋਂ ਹੀ 800 ਤੋਂ ਵੱਧ ਸਨਅਤਾਂ ਨੇ ਹਿਮਾਚਲ, ਉਤਰਾਖੰਡ ਤੇ ਜੰਮੂ ਕਸ਼ਮੀਰ ਵਿਚ ਆਪਣੇ ਯੂਨਿਟ ਲਗਾ ਲਏ ਹਨ, ਜਿਨ੍ਹਾਂ ਵਿੱਚ



ਲੁਧਿਆਣਾ ਦੀ ਸਾਈਕਲ ਸਨਅਤ ਅੰਦਰਲਾ ਦ੍ਰਿਸ਼।

ਫਾਰਮਾ ਸਨਅਤ, ਸਟੀਲ ਉਦਯੋਗ, ਹੌਜ਼ਰੀ, ਆਟੋ ਸੈਕਟਰ ਤੇ ਸਪਿਨਿੰਗ ਮਿੱਲਾਂ ਸ਼ਾਮਲ ਹਨ। ਇਸ ਕਾਰਨ ਪੰਜਾਬ ਦੇ ਲੋਕਾਂ ਤੋਂ ਰੁਜ਼ਗਾਰ ਖੁੱਸਣ ਤੋਂ ਇਲਾਵਾ ਸੂਬੇ ਦੀ ਆਰਥਿਕਤਾ ਨੂੰ ਵੀ ਵੱਡੀ ਸੱਟ ਵੱਜੀ ਹੈ। ਸ੍ਰੀ ਜਿੰਦਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪਹਾੜੀ ਰਾਜਾਂ ਤੇ ਉੱਤਰ ਪੂਰਬੀ ਰਾਜਾਂ ਦੀਆਂ ਸਨਅਤਾਂ ਨੂੰ ਵਿਸ਼ੇਸ਼ ਪੈਕੇਜ ਦੇਣ ਦੇ ਲਈ 27 ਹਜ਼ਾਰ ਕਰੋੜ ਤੋਂ ਵੱਧ ਰਕਮ ਰੱਖੀ ਹੈ ਪਰ ਜਦੋਂ ਪੰਜਾਬ ਵਿਚ ਕਿਸੇ ਵਰਗ ਨੂੰ 10-20 ਕਰੋੜ ਰੁਪਏ ਦੀ ਰਾਹਤ ਦੇਣ ਦੀ ਗੱਲ ਆਉਂਦੀ ਹੈ ਤਾਂ ਕੇਂਦਰ ਸਰਕਾਰ ਹੱਥ ਪਿੱਛੇ ਖਿੱਚ ਲੈਂਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।

### ਪਹਾੜੀ ਰਾਜਾਂ ’ਚ ਬਿਜਲੀ, ਜ਼ਮੀਨ ਤੇ ਲੇਬਰ ਵੀ ਸਸਤੀ

ਨਿੱਟਵੀਅਰ ਕਲੱਬ ਦੇ ਚੇਅਰਮੈਨ ਵਿਨੋਦ ਥਾਪਰ ਤੇ ਜਨਰਲ ਸਕੱਤਰ ਚਰਨਜੀਵ ਸਿੰਘ ਨੇ ਕਿਹਾ ਕਿ ਪਹਿਲਾਂ ਨੋਟਬੰਦੀ ਤੇ ਹੁਣ ਜੀਐਸਟੀ ਨੇ ਪੰਜਾਬ ਦੇ ਕਾਰੋਬਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਅਜਿਹੇ ਵਿਚ ਗੁਆਂਢੀ ਸੂਬਿਆਂ ਨੂੰ ਪੈਕੇਜ ਮਿਲਣ ਬਾਅਦ ਪੰਜਾਬ ਦੇ ਕਾਰੋਬਾਰੀਆਂ ਲਈ ਉਨ੍ਹਾਂ ਦਾ ਮੁਕਾਬਲਾ ਕਰਨਾ ਔਖਾ ਹੋ ਜਾਵੇਗਾ ਕਿਉਂਕਿ ਨਿੱਟਵੀਅਰ ਦੇ ਜ਼ਿਆਦਾਤਰ ਪ੍ਰੋਡਕਟ ਜੀਐਸਟੀ ਦੀ 12 ਤੋਂ 18 ਫੀਸਦ ਸਲੈਬ ਵਿਚ ਆ ਜਾਣ ਕਾਰਨ ਕਾਰੋਬਾਰ ਨਾਂ ਦੇ ਬਰਾਬਰ ਰਹਿ ਗਿਆ ਹੈ। ਪਹਾੜੀ ਸੂਬਿਆਂ ਵਿੱਚ ਜਾਣ ਵਾਲੇ ਸਨਅਤਕਾਰਾਂ ਦਾ ਮੰਨਣਾ ਹੈ ਕਿ ਪੰਜਾਬ ਦੇ ਮੁਕਾਬਲੇ ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਵਿੱਚ ਜ਼ਮੀਨ, ਬਿਜਲੀ ਤੇ ਮਜ਼ਦੂਰੀ ਸਸਤੀ ਹੈ। ਹਿਮਾਚਲ ਵਿੱਚ ਬਿਜਲੀ ਦੇ ਰੇਟ ਘੱਟ ਹਨ ਤੇ ਬਿਜਲੀ ਸਰਪਲੱਸ ਹੈ। ਇਸ ਤੋਂ ਇਲਾਵਾ ਉਥੇ ਪੰਜਾਬ ਮੁਕਾਬਲੇ ਭ੍ਰਿਸ਼ਟਾਚਾਰ ਬਹੁਤ ਘੱਟ ਹੈ।

## ਡੇਰਾਬਸੀ ਤੇ ਲਾਲੜੂ ਸਨਅਤੀ ਖੇਤਰ ਦੇ ਸਾਹ ਸੁੱਕੇ

**ਹਰਜੀਤ ਸਿੰਘ**

ਕੇਂਦਰ ਸਰਕਾਰ ਵੱਲੋਂ ਪਹਾੜੀ ਰਾਜਾਂ ਦੀਆਂ ਸਨਅਤਾਂ ਲਈ ਟੈਕਸ ਛੋਟ ਦੀ ਮਿਆਦ ਵਧਾਉਣ ਨਾਲ ਪੰਜਾਬ ਦੀਆਂ ਸਨਅਤਾਂ ਨੂੰ ਵੱਡੀ ਢਾਹ ਲੱਗੇਗੀ। ਕੇਂਦਰ ਦੇ ਇਸ ਫ਼ੈਸਲੇ ਨੂੰ ਜਿੱਥੇ ਸਿਆਸੀ ਆਗੂ ਪੰਜਾਬ ਨਾਲ ਵਿਤਕਰਾ ਦੱਸ ਰਹੇ ਹਨ, ਉਥੇ ਪੰਜਾਬ ਦੇ ਉਦਯੋਗਪਤੀਆਂ ਅਤੇ ਲੋਕਾਂ ਵਿੱਚ ਕੇਂਦਰ ਸਰਕਾਰ ਖ਼ਿਲਾਫ਼ ਭਾਰੀ ਰੋਸ ਹੈ। ਕੇਂਦਰ ਦੇ ਇਸ ਫ਼ੈਸਲੇ ਨਾਲ ਸਭ ਤੋਂ ਵੱਡਾ ਝਟਕਾ ਹਿਮਾਚਲ ਪ੍ਰਦੇਸ਼ ਨਾਲ ਲੱਗਦੇ ਡੇਰਾਬਸੀ ਤੇ ਲਾਲੜੂ ਸਨਅਤੀ ਖੇਤਰ ਨੂੰ ਲੱਗਿਆ ਹੈ। ਡੇਰਾਬਸੀ ਤੇ ਲਾਲੜੂ ਦੀਆਂ ਸਨਅਤਾਂ ਪਹਾੜੀ ਰਾਜਾਂ ਨੂੰ 18 ਸਾਲਾਂ ਤੋਂ ਮਿਲੀ ਛੋਟ ਕਾਰਨ ਵੱਡੀ ਗਿਣਤੀ ਵਿੱਚ ਇੱਥੋਂ ਤਬਦੀਲ ਹੋ ਚੁੱਕੀਆਂ ਹਨ ਤੇ ਹੁਣ ਇਸ ਛੋਟ ਦੀ ਮਿਆਦ ਦਸ ਸਾਲ ਹੋਰ ਵਧਣ ਨਾਲ ਡੇਰਾਬਸੀ ਤੇ ਲਾਲੜੂ ਦੀਆਂ ਸਨਅਤ ਇਕਾਈਆਂ ਬੰਦ ਹੋਣ ਦੇ ਕੰਢੇ ਪੁੱਜ ਜਾਣਗੀਆਂ।

ਜਾਣਕਾਰੀ ਅਨੁਸਾਰ ਡੇਰਾਬਸੀ ਅਤੇ ਲਾਲੜੂ ਖੇਤਰ ਵਿੱਚ ਕਿਸੇ ਵੇਲੇ ਕੌਮਾਂਤਰੀ, ਕੌਮੀ ਤੇ ਸੂਬਾ ਪੱਧਰ ਦੀਆਂ ਵੱਡੀਆਂ-ਛੋਟੀਆਂ ਸੈਂਕੜੇ ਸਨਅਤਾਂ ਸਨ, ਜਿੱਥੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਸੀ, ਪਰ ਲੰਘੇ ਸਮੇਂ ਦੌਰਾਨ ਕੌਮਾਂਤਰੀ ਪੱਧਰ ’ਤੇ ਚੱਲ ਰਹੇ ਆਰਥਿਕ ਮੰਦੇ ਅਤੇ 18 ਸਾਲਾਂ ਤੋਂ ਪਹਾੜੀ ਰਾਜਾਂ ਨੂੰ ਕੇਂਦਰ ਸਰਕਾਰ ਵੱਲੋਂ ਦਿੱਤੀ ਜਾ ਰਹੀ ਟੈਕਸ ਛੋਟ ਕਾਰਨ ਵੱਡੀ ਗਿਣਤੀ ਉਦਯੋਗ ਜਾਂ ਤਾਂ ਬੰਦ ਹੋ ਚੁੱਕੇ ਹਨ ਜਾਂ ਪਹਾੜੀ ਰਾਜਾਂ ਵਿੱਚ ਚਲੇ ਗਏ ਹਨ। ਜਿਹੜੇ ਉਦਯੋਗ ਇੱਥੇ ਰਹਿ ਗਏ ਹਨ, ਉਨ੍ਹਾਂ ਦੇ ਪ੍ਰਬੰਧਕਾਂ ਆਪਣੇ ਮੁੱਖ ਯੂਨਿਟ ਪਹਾੜੀ ਰਾਜਾਂ ਵਿੱਚ ਸਥਾਪਿਤ ਕਰ ਕੇ ਇੱਥੇ ਸਿਰਫ਼ ਦਿਖਾਵੇ ਵਜੋਂ ਕੰਮ ਕਰ ਰਹੇ ਹਨ। ਹੁਣ 18 ਸਾਲਾਂ ਤੋਂ ਚੱਲਦੀ ਆ ਰਹੀ ਰਿਆਇਤ ਖ਼ਤਮ ਹੋਣ ਨਾਲ ਆਸ ਕੀਤੀ ਜਾ ਰਹੀ ਸੀ ਕਿ ਪਹਿਲਾਂ ਤੋਂ ਤਬਦੀਲ ਹੋ ਚੁੱਕੇ ਉਦਯੋਗ ਇੱਥੇ ਮੁੜ ਆਪਣੇ ਯੂਨਿਟ ਚਾਲੂ ਕਰਨਗੇ ਪਰ ਦਸ



ਡੇਰਾਬਸੀ ਸਨਅਤੀ ਖੇਤਰ ਦੀ ਤਸਵੀਰ।

ਸਾਲਾਂ ਦੀ ਹੋਰ ਰਿਆਇਤ ਮਿਲਣ ਨਾਲ ਸਥਾਨਕ ਲੋਕਾਂ ਦੀ ਆਸ ਖਤਮ ਹੋ ਗਈ ਹੈ। ਪੰਜਾਬ ਸਰਕਾਰ ਵੱਲੋਂ ਭਾਵੇਂ ਸੂਬੇ ਵਿੱਚ ਉਦਯੋਗਾਂ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਸਨਅਤੀ ਨੀਤੀ ਬਣਾਉਣ ਤੋਂ ਇਲਾਵਾ ਸਸਤੀ ਬਿਜਲੀ ਦੇਣ ਅਤੇ ਹੋਰ ਸਹੂਲਤਾਂ ਦਾ ਐਲਾਨ ਕੀਤਾ ਗਿਆ ਹੈ, ਪਰ ਕੇਂਦਰ ਦੇ ਫ਼ੈਸਲੇ ਨਾਲ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਝੱਟਕਾ ਲੱਗਿਆ ਹੈ। ਇੰਡਸਟਰੀਜ਼ ਐਸੋਸੀਏਸ਼ਨ ਦੇ ਪ੍ਰਧਾਨ ਵਿਜੈ ਮਿੱਤਲ ਨੇ ਕਿਹਾ ਕਿ ਡੇਰਾਬਸੀ ਤੇ ਲਾਲੜੂ ਖੇਤਰ ਹਿਮਾਚਲ ਪ੍ਰਦੇਸ਼ ਨਾਲ ਜੁੜਦਾ ਹੈ, ਜਿਸ ਕਾਰਨ ਨਵੇਂ ਉਦਯੋਗਿਕ ਘਰਾਣੇ ਇੱਥੇ ਸਨਅਤ ਲਾਉਣ ਦੀ ਥਾਂ ਹਿਮਾਚਲ ਦੇ ਬੱਦੀ ਅਤੇ ਕਾਲਾ ਅੰਬ ਦੇ ਸਨਅਤੀ ਖੇਤਰ ਨੂੰ ਤਰਜੀਹ ਦਿੰਦੇ ਹਨ। ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਕੇਵਲ ਗਰਗ ਨੇ ਕਿਹਾ ਕਿ ਇਸ ਖੇਤਰ ਵਿੱਚੋਂ ਪੇਪਰ, ਪਲਾਸਟਿਕ, ਧਾਗਾ, ਲੋਹਾ ਤੇ ਕੈਮੀਕਲ ਸਮੇਤ ਹੋਰ ਵੱਡੇ ਉਦਯੋਗਿਕ ਯੂਨਿਟ ਹਿਮਾਚਲ ਦੇ ਬੱਦੀ ਜਾਂ ਕਾਲਾ ਅੰਬ ਵਿੱਚ ਲੱਗ ਗਏ ਹਨ। ਹੁਣ ਕੇਂਦਰ ਦੇ ਫ਼ੈਸਲੇ ਨਾਲ ਜਿਹੜੇ ਉਦਯੋਗ ਰਹਿ ਗਏ ਹਨ, ਉਹ ਵੀ ਇੱਥੋਂ ਤਬਦੀਲ ਹੋਣ ਦਾ ਖ਼ਦਸ਼ਾ ਹੈ। ਇਸ ਸਬੰਧੀ ਉਦਯੋਗਪਤੀ ਡੀ. ਡੀ. ਗਰਗ ਨੇ ਕਿਹਾ ਕਿ ਕੇਂਦਰ ਦੇ ਫ਼ੈਸਲੇ ਨਾਲ ਪੰਜਾਬ ਖ਼ਾਸ ਕਰ ਕੇ ਡੇਰਾਬਸੀ ਖੇਤਰ ਵਿੱਚ ਬੇਰੁਜ਼ਗਾਰੀ ਵਧੇਗੀ।

## ਬਟਾਲਾ ਦੀਆਂ ਸਨਅਤਾਂ ਤੋਂ ਸਰਕਾਰਾਂ ਨੇ ਵੱਟਿਆ ਟਾਲਾ

**ਦਲਬੀਰ ਸੱਖੋਵਾਲੀਆ**

ਕਿਸੇ ਵੇਲੇ ਦੇਸ਼ ਦੇ ਉੱਘੇ ਉਦਯੋਗਾਂ ਵਿੱਚ ਸ਼ੁਮਾਰ ਬਟਾਲਾ ਸਨਅਤ ਅੱਜ ਆਖ਼ਰੀ ਸਾਹਾਂ ’ਤੇ ਹੈ। ਸਨਅਤਕਾਰ ਬਟਾਲਾ ਦੇ ਉਦਯੋਗਾਂ ਦੀ ਮਾੜੀ ਹਾਲਤ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਸਨਅਤਕਾਰਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਹਾੜੀ ਸੂਬਿਆਂ ਦੀ ਤਰਜ਼ ’ਤੇ ਬਟਾਲਾ ਉਦਯੋਗ ਨੂੰ ਵੀ ਸਹੂਲਤਾਂ ਦਿੱਤੀਆਂ ਜਾਣ, ਕਿਉਂਕਿ ਬਟਾਲਾ ਉਦਯੋਗ ਕੌਮਾਂਤਰੀ ਸੀਮਾ ਨਾਲ ਲੱਗਦਾ ਹੈ ਤੇ ਸੈਕਟਰ ਡੇਰਾ ਬਾਬਾ ਨਾਨਕ ਅਧੀਨ ਆਉਂਦਾ ਹੈ।

ਫਾਊਂਡਰੀਜ਼ ਐਂਡ ਇੰਡਸਟਰੀਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਜੇ ਐੱਸ ਨਾਗੀ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪਹਾੜੀ ਰਾਜਾਂ ਨੂੰ ਦਹਾਕੇ ਭਰ ਲਈ ਦਿੱਤੀਆਂ ਸਹੂਲਤਾਂ ਪੰਜਾਬ ਦੇ ਉਦਯੋਗਾਂ ’ਤੇ ਵੱਡਾ ਹਮਲਾ ਕਰਨ ਦੇ ਬਰਾਬਰ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਕੌਮਾਂਤਰੀ ਸੀਮਾ ਨਾਲ ਲੱਗਦੇ ਜ਼ਿਲ੍ਹੇ ਗੁਰਦਾਸਪੁਰ, ਅੰਮ੍ਰਿਤਸਰ ਤੇ ਫਿਰੋਜ਼ਪੁਰ ਦੇ ਸਨਅਤਕਾਰਾਂ ਨੂੰ ਅਜਿਹੀਆਂ ਸਹੂਲਤਾਂ ਘੱਟੋ-ਘੱਟ ਪੰਜ ਸਾਲ ਲਈ ਦਿੱਤੀਆਂ ਜਾਣ। ਇਸੇ ਤਰ੍ਹਾਂ ਪੰਜਾਬ ਵੇਜਿੰਗ ਮਸ਼ੀਨਜ਼ ਮੈਨੂਫੈਕਚਰਿੰਗ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਵੀ ਐੱਮ ਗੋਇਲ ਨੇ ਦੱਸਿਆ ਕਿ ਦਹਾਕਾ ਪਹਿਲਾਂ ਇੱਥੇ 1200 ਦੇ ਕਰੀਬ ਛੋਟੇ-ਵੱਡੇ ਯੂਨਿਟ ਸਨ, ਪਰ ਅੱਜ 400 ਤੋਂ 450 ਦੇ ਕਰੀਬ ਯੂਨਿਟ ਹੀ ਹਨ। ਇਨ੍ਹਾਂ ਵਿੱਚੋਂ ਵੀ ਕਈ ਕੰਮ ਨਹੀਂ ਕਰ

ਬਾਕੀ ਸਫ਼ਾ 32 ’ਤੇ

## ਸ੍ਰੀ ਗੁਰੂ ਰਾਮ ਦਾਸ ਵਲੋਂ ਵਸਾਈ ਨਗਰੀ ਦੇ ਕਾਰੋਬਾਰੀ ਉਜਾੜੇ ਦੀ ਰਾਹ

**ਜਗਤਾਰ ਸਿੰਘ ਲਾਂਬਾ**

ਕੇਂਦਰ ਸਰਕਾਰ ਨੇ ਪੰਜਾਬ ਦੇ ਗੁਆਂਢੀ ਪਹਾੜੀ ਰਾਜਾਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿੱਚ ਸਨਅਤਾਂ ਨੂੰ ਉਤਸ਼ਾਹਿਤ ਕਰਨ ਲਈ ਪਹਿਲਾਂ ਦਿੱਤੇ ਵਿਸ਼ੇਸ਼ ਪੈਕੇਜ ਨੂੰ ਅਗਲੇ ਦਸ ਸਾਲਾਂ ਲਈ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਪੰਜਾਬ ਵਿੱਚ ਨਵੀਆਂ ਸਨਅਤਾਂ ਲੱਗਣ ਦੀ ਸੰਭਾਵਨਾ ਮੁੜ ਮੱਧਮ ਪੈ ਗਈ ਹੈ। ਇਸ ਵੇਲੇ ਪੰਜਾਬ ਦਾ ਖੇਤੀ ਖੇਤਰ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਕਾਰਨ ਆਏ ਦਿਨ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਸਾਲ 1999 ਵਿੱਚ ਸ੍ਰੀ ਵਾਜਪਾਈ ਦੀ



ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪਹਾੜੀ ਰਾਜਾਂ ਵਾਸਤੇ ਵਿਸ਼ੇਸ਼ ਸਨਅਤੀ ਪੈਕੇਜ ਐਲਾਨੇ ਸਨ, ਜਿਸ ਤਹਿਤ ਨਵੀਆਂ ਸਨਅਤਾਂ ਨੂੰ ਕੇਂਦਰੀ ਟੈਕਸ ਤੋਂ ਮੁਕਤੀ, ਸਸਤੀ ਤੇ ਨਿਰੰਤਰ ਬਿਜਲੀ, ਸਸਤੀਆਂ ਜ਼ਮੀਨਾਂ ਸਮੇਤ ਹੋਰ ਕਈ ਸਹੂਲਤਾਂ ਦਿੱਤੀਆਂ ਸਨ। ਇਸ ਕਾਰਨ ਪੰਜਾਬ ਦੀਆਂ ਅਹਿਮ ਸਨਅਤਾਂ ਨੇ ਹਿਮਾਚਲ ਵਿੱਚ ਨਵੇਂ ਯੂਨਿਟ ਲਾਉਣ ਨੂੰ ਤਰਜੀਹ ਦਿੱਤੀ ਹੈ। ਮਾਝੇ ਦੇ ਅੰਮ੍ਰਿਤਸਰ ਤੇ ਤਰਨ ਤਾਰਨ ਸਰਹੱਦੀ ਜ਼ਿਲ੍ਹਿਆਂ ਵਿੱਚ ਵੱਡੀਆਂ ਤੇ ਦਰਮਿਆਨੀਆਂ ਸਨਅਤਾਂ ਦੀ ਗਿਣਤੀ ਨਾਂਮਾਤਰ ਹੈ ਜਦੋਂ ਕਿ ਲਘੂ ਉਦਯੋਗ ਵਿੱਚ ਲਗਭਗ 11 ਹਜ਼ਾਰ ਸਨਅਤਾਂ ਹਨ। ਇਨ੍ਹਾਂ ਵਿੱਚ ਉਤਪਾਦਨ ਤੇ ਸਰਵਿਸ ਖੇਤਰ ਦੋਵਾਂ ਦੇ ਯੂਨਿਟ ਸ਼ਾਮਲ ਹਨ।

ਬਾਕੀ ਸਫ਼ਾ 32 ’ਤੇ

## ਪੰਜਾਬ ਤੋਂ ਹਿਮਾਚਲ ਗਏ ਸਨਅਤਕਾਰਾਂ ਨੇ ਬਦਲਿਆ ਘਰ ਵਾਪਸੀ ਦਾ ਇਰਾਦਾ

**ਹਰਪ੍ਰੀਤ ਕੌਰ**

ਪਿਛਲੇ ਕੁਝ ਦਹਾਕਿਆਂ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਨੇ ਇੰਨੀ ਤਰੱਕੀ ਨਹੀਂ ਕੀਤੀ, ਜਿੰਨੀ ਇੱਥੋਂ ਦੇ ਬਾਸ਼ਿੰਦਿਆਂ ਦੇ ਸਿਰ ’ਤੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਨੇ ਕੀਤੀ ਹੈ। ਬੇਸ਼ੱਕ ਪੰਜਾਬ ਦੇ ਕਈ ਸ਼ਹਿਰਾਂ ਅਤੇ ਹੋਰ ਰਾਜਾਂ ਦੇ ਸਨਅਤਕਾਰਾਂ ਨੇ ਵੀ ਸਰਕਾਰੀ ਰਿਆਇਤਾਂ ਦਾ ਫ਼ਾਇਦਾ ਉਠਾਉਣ ਲਈ ਹਿਮਾਚਲ ਵਿੱਚ ਤੰਬੂ ਗੱਡ ਲਏ ਪਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਨਿਵੇਸ਼ਕਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ, ਜਿਨ੍ਹਾਂ ਨੇ ਪਹਾੜੀ ਖਿੱਤੇ ਨੂੰ ਆਪਣੀ ਕਰਮ ਭੂਮੀ ਬਣਾ ਲਿਆ। ਇਸ ਜ਼ਿਲ੍ਹੇ ਵਿੱਚ ਬੁਨਿਆਦੀ ਢਾਂਚੇ ਦੀ ਘਾਟ ਉਦਯੋਗਾਂ ਦੇ ਪਲਾਇਨ ਦਾ ਮੁੱਖ ਕਾਰਨ ਰਿਹਾ, ਪਰ ਹਿਮਾਚਲ ਪ੍ਰਦੇਸ਼ ਨੂੰ ਮਿਲਦੀਆਂ ਵਿਸ਼ੇਸ਼

ਬਾਕੀ ਸਫ਼ਾ 32 ’ਤੇ

## *ਕੈਪਟਨ ਦੇ ਸਨਅਤਕਾਰਾਂ ਨੂੰ ਪੰਜਾਬ ਵੱਲ ਖਿੱਚਣ ਦੇ ਯਤਨਾਂ ਨੂੰ ਲੱਗੀ ਢਾਹ*

**ਤਰਲੋਚਨ ਸਿੰਘ**

ਕੇਂਦਰ ਸਰਕਾਰ ਵੱਲੋਂ ਪਹਾੜੀ ਰਾਜਾਂ ਦੀਆਂ ਸਨਅਤਾਂ ਲਈ ਟੈਕਸ ਛੋਟ ਦੀ ਮਿਆਦ ਮਾਰਚ 2027 ਤੱਕ ਵਧਾਉਣ ਨਾਲ ਪੰਜਾਬ ਸਰਕਾਰ ਕਸੂਤੀ ਫਸ ਗਈ ਹੈ, ਕਿਉਂਕਿ ਕੈਪਟਨ ਸਰਕਾਰ ਇਸ ਵੇਲੇ ਸੂਬੇ ਵਿੱਚ ਉਦਯੋਗਾਂ ਨੂੰ ਹੁਲਾਰਾ ਦੇਣ ਲਈ ਸਨਅਤੀ ਨੀਤੀ ਬਣਾ ਰਹੀ ਹੈ ਤੇ ਕੇਂਦਰ ਦੇ ਫ਼ੈਸਲੇ ਨਾਲ ਸਨਅਤੀ ਨੀਤੀ ਦੇ ਖਾਕੇ ਨੂੰ ਨਵਾਂ ਰੂਪ ਦੇਣਾ ਪਵੇਗਾ। -ਸੂਤਰਾਂ ਅਨੁਸਾਰ ਕੇਂਦਰ ਸਰਕਾਰ ਵੱਲੋਂ ਪਹਾੜੀ ਰਾਜਾਂ ਨੂੰ 10 ਸਾਲ ਹੋਰ ਵਿਸ਼ੇਸ਼ ਰਿਆਇਤਾਂ ਦੇਣ ਦੇ ਫ਼ੈਸਲੇ ਕਾਰਨ ਸੂਬੇ ਲਈ ਬਣਾਈ ਜਾ ਰਹੀ ਉਦਯੋਗਿਕ ਨੀਤੀ ਨੂੰ ਮੁੱਢ ਤੋਂ ਘੋਖਿਆ ਜਾ ਸਕਦਾ ਹੈ, ਕਿਉਂਕਿ ਪੰਜਾਬ ਸਰਕਾਰ ਨਵੀਂ ਉਦਯੋਗਿਕ ਨੀਤੀ ਲਿਆ ਕੇ ਦੇਸ਼ ਭਰ ਦੇ ਸਨਅਤਕਾਰਾਂ ਨੂੰ ਪੰਜਾਬ ਵੱਲ ਖਿੱਚਣ ਦੇ ਯਤਨਾਂ ਵਿੱਚ ਸੀ,

ਬਾਕੀ ਸਫ਼ਾ 32 ’ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES
23 ਅਗਸਤ 2017 ਤੋਂ 29 ਅਗਸਤ 2017

### ‘ਤਲਾਕ’ ਉੱਤੇ ਰੋਕ ਦਾ ਫੈਸਲਾ

## ਸਮਾਜਿਕ ਸਰੋਕਾਰ ਤੇ ਸਿਆਸੀ ਲਾਹਾ

ਪਤੀਆਂ ਵਲੋਂ ‘ਤਲਾਕ’ ਸ਼ਬਦ ਨੂੰ ਲਗਾਤਾਰ ਤਿੰਨ ਵਾਰ ਬੋਲਣ ਨਾਲ ਮੁਸਲਿਮ ਔਰਤਾਂ ਦੇ ਵਸਦੇ ਰਸਦੇ ਘਰਾਂ ’ਚੋਂ ‘ਬੇਘਰ’ ਹੋਣ ਦੇ ਭਿਆਨਕ ਕਰਮ ਨੂੰ ਸਦਾ ਸਦਾ ਲਈ ਰੋਕਣ ਲਈ ਭਾਰਤ ਦੀ ਸੁਪਰੀਮ ਕੋਰਟ ਵਲੋਂ ਮੰਗਲਵਾਰ ਨੂੰ ਦਿੱਤਾ ਬੇਹੱਦ ਮਹੱਤਵਪੂਰਨ ਫੈਸਲਾ ਇਤਿਹਾਸਕ ਵੀ ਹੈ ਤੇ ਮੁਸਲਿਮ ਭਾਈਚਾਰੇ ਲਈ ਸਮਾਜਿਕ ਬੁਰਾਈਆਂ ਬਾਰੇ ਗੰਭੀਰਤਾ ਨਾਲ ਵਿਚਾਰਣ ਦਾ ਸਪਸ਼ਟ ਸੁਨੇਹਾ ਵੀ। ਇਹ ਮਾਮਲਾ ਹੈ ਹੀ ਅਜਿਹਾ ਸੀ ਕਿ ਚੀਫ਼ ਜਸਜਿਸ ਜੇ.ਐਸ. ਖੇਹਰ, ਜਸਟਿਸ ਐਸ. ਅਬਦੁਲ ਨਜ਼ੀਰ, ਜਸਟਿਸ ਕੁਰੀਅਨ ਜੌਸਫ਼, ਜਸਟਿਸ ਰੋਹਿਨਤਨ ਐਫ ਨਰੀਮਨ ਅਤੇ ਉਦੈ ਉਮੇਸ਼ ਲਲਿਤ ਉੱਤੇ ਆਧਾਰਤ ਪੰਜ ਮੈਂਬਰੀ ਸੰਵਿਧਾਨਕ ਬੈਂਚ ਇਸ ਬੇਹੱਦ ਨਾਜ਼ੁਕ ਮੁੱਦੇ ਬਾਰੇ ਫੈਸਲਾ ਕਰਨ ਸਮੇਂ ਸਰਬਸੰਮਤੀ ਨਹੀਂ ਬਣਾ ਸਕਿਆ। ਇਸ ਲਈ ਅੰਤਮ ਫੈਸਲਾ 3-2 ਦੀ ਬਹੁਸੰਮਤੀ ਨਾਲ ਲਿਖਿਆ ਗਿਆ।

‘ਤਲਾਕ, ਤਲਾਕ, ਤਲਾਕ’ ਅਜਿਹਾ ਖ਼ਤਰਨਾਕ ਵਰਤਾਰਾ ਸੀ ਜਿਸ ਤੋਂ ਮੁਸਲਿਮ ਔਰਤਾਂ ਹਰ ਪਲ ਖੌਫਜ਼ਦਾ ਰਹਿੰਦੀਆਂ ਸਨ। ਕੀ ਪਤਾ ਕਦ ਉਨ੍ਹਾਂ ਦਾ ਸ਼ੌਹਰ ਇਹ ਸ਼ਬਦ ਤਿੰਨ ਵਾਰ ਉਚਾਰ ਕੇ ਉਸ ਨੂੰ ਪਤਨੀ ਦੇ ਤੌਰ ਉੱਤੇ ਬੇਦਖ਼ਲ ਕਰ ਦੇਵੇ। ਵੈਸੇ ਹਰ ਸਭਿਅਕ ਸਮਾਜ ਅੰਦਰ ਮਰਦ-ਔਰਤ ਦੇ ਪਤੀ-ਪਤਨੀ ਵਜੋਂ ਰਿਸ਼ਤੇ ਨੂੰ ਸਮਾਜਿਕ ਦੇ ਨਾਲ ਨਾਲ ਕਾਨੂੰਨੀ ਮਾਨਤਾ ਮਿਲੀ ਹੋਣ ਕਾਰਨ ਅਲਹਿਦਾ ਹੋਣ ਲਈ ਤਲਾਕ ਦੀ ਰੀਤ ਤੇ ਸਹੂਲਤ ਹੈ। ਪਰ ਕਿਸੇ ਵੀ ਮਰਦ ਜਾਂ ਇੱਥੋਂ ਤੱਕ ਕਿ ਔਰਤ ਨੂੰ ਇੱਕ-ਦੂਜੇ ਨਾਲ ਆਪਸੀ ਰਿਸ਼ਤਾ ਅਸਹਿ ਲੱਗਣ ਤੇ ਇਕੱਠਿਆਂ ਰਹਿਣਾ ਦੁੱਭਰ ਲਗਣ ਦੀ ਸੂਰਤ ਵਿੱਚ ਪੱਕੇ ਤੌਰ ਉੱਤੇ ਅਲਹਿਦਾ ਹੋਣ ਲਈ ਆਪਸੀ ਸਹਿਮਤੀ ਨਾ ਹੋਣ ਦੀ ਸੂਰਤ ਵਿੱਚ ਕਾਨੂੰਨੀ ਤੌਰ ਉੱਤੇ ਤਲਾਕ ਲੈਣ ਦਾ ਹੱਕ ਹੈ। ਇਸ ਤਰ੍ਹਾਂ ਦੋਵਾਂ ਧਿਰਾਂ ਨੂੰ ਅਪਣਾ ਪੱਖ ਪੇਸ਼ ਕਰਨ ਦਾ ਕਾਨੂੰਨੀ ਤੌਰ ਉੱਤੇ ਅਧਿਕਾਰ ਹੈ। ਪਰ ਮੁਸਲਿਮ ਸਮਾਜ ਵਿੱਚ ਔਰਤਾਂ ਦੀ ਕੋਈ ਸੁਣਵਾਈ ਨਹੀਂ ਸੀ।

‘ਤਲਾਕ’ ਦਾ ਮੁੱਦਾ ਬਹੁਤ ਪੇਚੀਦਾ ਹੋਣ ਅਤੇ ਮੁਸਲਿਮ ਭਾਈਚਾਰੇ ਵਲੋਂ ਇਸ ਸਬੰਧ ਵਿੱਚ ਕਿਸੇ ਵੀ ਕਿਸਮ ਦੇ ਬਾਹਰੀ ਜਾਂ ਸਰਕਾਰੀ ਦਬਾਅ ਨੂੰ ਆਪਣੇ ਧਾਰਮਿਕ ਅਕੀਦਿਆਂ ਵਿੱਚ ਦਖ਼ਲ ਸਮਝ ਕੇ ਸੰਭਾਵੀ ਟਕਰਾਅ ਦੇ ਮੱਦੇਨਜ਼ਰ ਚੀਫ਼ ਜਸਜਿਸ ਜੇ.ਐਸ. ਖੇਹਰ ਅਤੇ ਜਸਟਿਸ ਐਸ ਅਬਦੁਲ ਨਜ਼ੀਰ ਦੀ ਰਾਇ ਅਸਲ ਵਿੱਚ ਭਾਰਤ ਵਿੱਚ ਘੱਟਗਿਣਤੀਆਂ ਪ੍ਰਤੀ ਬਹੁਗਿਣਤੀ ਹਿੰਦੂ ਭਾਈਚਾਰੇ ਦੇ ਦਿਨੋਂ ਦਿਨ ਵੱਧ ਰਹੇ ‘ਹਮਲਾਵਰ ਰੁਖ਼’ ਪ੍ਰਤੀ ਅਸਿੱਧੇ ਤੌਰ ਉੱਤੇ ਸੰਕੇਤਕ ਸੰਵੇਦਨਸ਼ੀਲਤਾ ਪ੍ਰਗਟ ਕਰਨ ਵਾਲੀ ਸੀ। ਇਸ ਲਈ ਦੋਵੇਂ ਜੱਜ ‘ਤਲਾਕ’ ਨੂੰ ਇੱਕੋ ਝਟਕੇ ਨਾਲ ‘ਕਤਲ’ ਕਰਨ ਦੀ ਬਜਾਏ ਇਸ ਉੱਤੇ 6 ਮਹੀਨਿਆਂ ਲਈ ਰੋਕ ਲਾਉਣ ਦੇ ਹੱਕ ਵਿੱਚ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਵੱਖ ਵੱਖ ਫਿਰਕਿਆਂ ਦੇ ਪਰਸਨਲ ਲਾਅ ਸਿਲਸਿਲੇ ਨੂੰ ਧਿਆਨ ਵਿੱਚ ਰੱਖਦਿਆਂ ਬੇਹਤਰ ਹੋਵੇਗਾ ਕਿ ਸਾਰੀਆਂ ਰਾਜਸੀ ਪਾਰਟੀਆਂ ਖ਼ਾਸ ਕਰ ਮੁਸਲਿਮ ਸਮਾਜ ਅੰਦਰ ਇਸ ਮਸਲੇ ਦੇ ਵੱਖ ਵੱਖ ਪਹਿਲੂਆਂ ਸਬੰਧੀ ਗੰਭੀਰਤਾ ਨਾਲ ਵਿਚਾਰ ਵਟਾਂਦਰੇ ਬਾਅਦ ਪਾਰਲੀਮੈਂਟ ਰਾਹੀਂ ਢੁਕਵਾਂ ਕਾਨੂੰਨ ਬਣਾਉਣ ਦਾ ਅਮਲ ਅਪਣਾ ਕੇ ਅੰਤਮ ਫੈਸਲਾ ਲਿਆ ਜਾਵੇ। ਪਰ ਬਾਕੀ ਦੇ ਤਿੰਨ ਜੱਜਾਂ ਦੀ ਰਾਇ ਸੀ ਕਿ ਮਸਲੇ ਨੂੰ ਹੋਰ ਲਮਕਾਉਣ/ਉਲਝਾਉਣ ਦੀ ਬਜਾਇ ਇਸ ਬਾਰੇ ਤੁਰੰਤ ਫੈਸਲਾ ਲੈਣਾ ਹੀ ਬੇਹਤਰ ਹੋਵੇਗਾ। 5 ਜੱਜਾਂ ਵਾਲੇ ਬੈਂਚ ਵਿੱਚ ਦੋ ਰਾਵਾਂ ਹੋਣ ਦੇ ਬਾਵਜੂਦ ਆਖ਼ਰਕਾਰ ਬਹੁਸੰਮਤੀ ਵਾਲੇ ਫੈਸਲੇ ਵਜੋਂ ਲਿਖਤੀ ਰੂਪ ਦਿੰਦੇ ਹੋਏ ‘ਤਲਾਕ’ ਨੂੰ ਗੈਰਸੰਵਿਧਾਨਕ ਕਰਾਰ ਦੇਣ ਦੇ ਨਾਲ ਕੇਂਦਰ ਸਰਕਾਰ ਨੂੰ ਇਸ ਸਬੰਧੀ ਢੁਕਵਾਂ ਕਾਨੂੰਨ ਬਣਾਉਣ ਦਾ ਆਦੇਸ਼ ਵੀ ਦਿੱਤਾ ਗਿਆ ਹੈ।

ਤਲਾਕ ਦੇ ਮੁੱਦੇ ਦਾ ਢੁਕਵਾਂ ਹੱਲ ਲੱਭਣ ਲਈ ਬੜੇ ਭਰਵੇਂ ਵਿਚਾਰ ਵਟਾਂਦਰੇ ਅਤੇ ਗੰਭੀਰ ਯਤਨ ਵੀ ਗਾਹੇ ਬਗਾਹੇ ਹੁੰਦੇ ਰਹੇ ਹਨ ਪਰ ਮੁਸਲਿਮ ਮੁਲਾਣਿਆਂ ਦੇ ਕਟੜ ਰਵੱਈਏ ਅੱਗੇ ਠੀਕ ਅਤੇ ਅਗਾਂਹਵਧੂ ਸੋਚਣੀ ਵਾਲੇ ਮੁਸਲਿਮ ਆਗੂ ਤੇ ਸਿਧਾਂਤਕਾਰ ਬੇਵੱਸ ਹੋ ਜਾਂਦੇ ਸਨ। ਵੈਸੇ ਵੀ ਜਦੋਂ ਅਜਿਹੇ ਮਾਮਲੇ ਨਾਲ ਧਾਰਮਿਕ ਹਿੱਤਾਂ ਦੀ ਗੱਲ ਵੀ ਜੋੜ ਦਿੱਤੀ ਜਾਵੇ ਤਾਂ ਅਕਸਰ ਕੱਟੜਵਾਦੀਆਂ ਦੀ ਹੀ ਗੱਲ ਭਾਰੂ ਰਹਿੰਦੀ ਹੈ। ਭਾਰਤ ਵਿਚਲੇ ਮੁਸਲਮਾਨ ਭਾਈਚਾਰੇ ਨੂੰ ਵੀ ਇਸ ਸਥਿਤੀ ਵਿਚੋਂ ਗੁਜ਼ਰਨਾ ਪੈਂਦਾ ਰਿਹਾ ਹੈ।

ਵੈਸੇ ਵੀ ‘ਤਿੰਨ ਤਲਾਕ’ ਵਜੋਂ ਜਾਣੇ ਜਾਂਦੇ ਇਸ ਕਰਮ ਬਾਰੇ ਮੁਸਲਮਾਨ ਭਾਈਚਾਰੇ ਦੇ ਬਹੁਗਿਣਤੀ ਬੰਦੇ ਆਪਣੀ ਹਉਮੈ ਅਤੇ ਮਰਦ ਬਿਰਤੀ ਕਾਰਨ ਔਰਤਾਂ ਦੇ ਦਰਦ ਤੋਂ ਬੇਖ਼ਬਰ ਹੀ ਨਹੀਂ ਬਲਕਿ ‘ਬੇਦਰਦ’ ਰਹਿਣ ਨੂੰ ਜਾਣ ਬੁਝ ਕੇ ਪਹਿਲ ਦਿੰਦੇ ਸਨ।

ਇੱਕਪਾਸੜ ਤਲਾਕ ਲੈਣ ਦੇ ਇਸ ਪੱਖਪਾਤੀ ਢੰਗ ਨੂੰ ਬੰਦ ਕੀਤੇ ਜਾਣ ਦੇ ਮੁੱਦੇ ਬਾਰੇ ਬਹਿਸ ਨਵੀਂ ਨਹੀਂ। ਇਸ ਬਾਰੇ ਪਿਛਲੇ ਲਗਭਗ 40 ਸਾਲਾਂ ਤੋਂ ਕਿਸੇ ਨਾ ਕਿਸੇ ਢੰਗ ਰਾਹੀਂ ਬਹਿਸ ਚੱਲ ਰਹੀ ਸੀ। ਇਸ ਬਾਰੇ ਰਾਜਨੀਤੀ ਵੀ ਵੱਡੇ ਪੱਧਰ ਉੱਤੇ ਹੁੰਦੀ ਆ ਰਹੀ ਸੀ। ਫੈਸਲੇ ਬਾਅਦ ਸਗੋਂ ਹੋਰ ਰਾਜਨੀਤੀ ਹੋਣੀ ਹੈ ਜੋ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਦੇ ਫੈਸਲੇ ਦੇ ਤੁਰੰਤ ਬਾਅਦ ਕੀਤੇ ਜਾ ਰਹੇ ਪ੍ਰਤੀਕਰਮਾਂ ’ਚੋਂ ਸਾਫ਼ ਝਲਕਦੀ ਹੈ।

ਮੁਸਲਮਾਨ ਔਰਤਾਂ ਲਈ ਇਹ ਫੈਸਲਾ ਵੱਡੀ ਰਾਹਤ ਵਾਲਾ ਹੈ ਜਿਨ੍ਹਾਂ ਨੇ ਇਸ ਵਧੀਕੀ ਅਤੇ ਮਰਦ ਔਰਤ ਵਿਚਾਲੇ ਵਿਤਕਰੇ ਵਾਲੀ ਸਮਾਜਿਕ ਬੁਰਾਈ ਖ਼ਿਲਾਫ਼ ਲੰਮੀ ਲੜਾਈ ਲੜੀ ਹੈ ਜਦੋਂ ਕਿ ਮੁਸਲਿਮ ਧਾਰਮਿਕ ਆਗੂ ਮੁਲਾਣੇ ਤਲਾਕ ਦੇ ਹੱਕ ਵਿੱਚ ਸਨ।

ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਅਤੇ ਹੋਰ ਜਥੇਬੰਦੀਆਂ ਇਸ ਮਾਮਲੇ ਵਿੱਚ ਆਪੋ ਆਪਣੇ ਹਿੱਤਾਂ ਨੂੰ ਮੂਹਰੇ ਰੱਖਣ ਵਿੱਚ ਰੁਝੀਆਂ ਰਹਿਣ ਕਾਰਨ ਮੁਸਲਿਮ ਔਰਤਾਂ ਮਰਦਾਂ ਦੀ ਇਸ ਵਧੀਕੀ ਦਾ ਸ਼ਿਕਾਰ ਹੁੰਦੀਆਂ ਰਹੀਆਂ। ਵੈਸੇ ਹੈਰਾਨੀ ਦੀ ਗੱਲ ਇਹ ਹੈ ਕਿ ਪਾਕਿਸਤਾਨ, ਬੰਗਲਾਦੇਸ਼ ਸਮੇਤ ਕਿੰਨੇ ਹੀ ਮੁਸਲਿਮ ਮੁਲਕ ‘ਤਲਾਕ’ ਉੱਤੇ ਪਾਬੰਦੀ ਲਾ ਚੁੱਕੇ ਹਨ ਜਦੋਂ ਕਿ ਭਾਰਤ ਵਿੱਚ ਇਹ ਪ੍ਰਥਾ ਕਈ ਪਾਸਿਆਂ ਤੋਂ ਵਿਰੋਧ ਦੇ ਬਾਵਜੂਦ ਜਾਰੀ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਸ ਫੈਸਲੇ ਤੋਂ ਤੁਰੰਤ ਬਾਅਦ ਇਸ ਨੂੰ ਇਤਿਹਾਸਕ ਕਰਾਰ ਦੇਣਾ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵਲੋਂ ਇਸ ਨੂੰ ਪ੍ਰਧਾਨ ਮੰਤਰੀ ਦਾ ਮੁਸਲਿਮ ਔਰਤਾਂ ਲਈ ਵੱਡਾ ਤੋਹਫ਼ਾ ਕਹਿ ਕੇ ਢੰਡੋਰਾ ਪਿਟਣ ਪਿੱਛੇ ਰਾਜਸੀ ਹਿੱਤ ਸਪਸ਼ਟ ਨਜ਼ਰ ਆ ਰਹੇ ਹਨ। ਇਸੇ ਗੱਲ ਤੋਂ ਮੁਸਲਿਮ ਭਾਈਚਾਰੇ ਦੇ ਰਾਜਸੀ ਤੇ ਧਾਰਮਿਕ ਆਗੂ ਚਿੰਤਤ ਸਨ। ਉਹ ਅਜਿਹੇ ਕਿਸੇ ਵੀ ਫੈਸਲੇ ਨੂੰ ਆਪਣੇ ਭਾਈਚਾਰੇ ਦੀ ਹਾਰ ਜਾਂ ਇਸ ਨੂੰ ਰਾਜਸੀ ਹਥਿਆਰ ਵਜੋਂ ਵਰਤੇ ਜਾਣ ਬਾਰੇ ਚੌਕਸ ਸਨ। ਇਸੇ ਲਈ ਭਾਜਪਾਈਆਂ ਵਜੋਂ ਦੂਸਰੇ ਧਾਰਮਿਕ ਫਿਰਕੇ ਦੇ ਸਮਾਜਕਿ ਮਾਮਲੇ ’ਚ “ਕੱਛਾਂ ਵਜਾਉਣ ਦਾ ਕਰਮ” ਨਵਾਂ ਨਹੀਂ ਪਰ ਇਹ ਨਿਰਸੰਸੇਹ ਹੀ ਭਾਰਤ ਵਿਚਲੇ ਸਾਰੇ ਘੱਟ ਗਿਣਤੀ ਭਾਈਚਾਰਿਆਂ ਲਈ ਫ਼ਿਕਰ ਦਾ ਸੰਕੇਤ ਹੋਣਾ ਸੁਭਾਵਕ ਹੈ।

# ਸਵਾਮੀਨਾਥਨ ਸਿਫ਼ਾਰਸ਼ਾਂ ਬਾਰੇ ਸਰਕਾਰੀ ਬੇਰੁਖ਼ੀ ਕਿਉਂ ?

**ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਉਲਟ ਬਦਲ ਬਦਲ ਕੇ ਬਣਦੀਆਂ ਸਰਕਾਰਾਂ ਖੇਤੀ ਅਤੇ ਫ਼ਸਲਾਂ ਦੇ ਵਪਾਰ ਨੂੰ ਦੇਸੀ ਵਿਦੇਸ਼ੀ ਵੱਡੀਆਂ ਕੰਪਨੀਆਂ ਦੇ ਹਵਾਲੇ ਕਰ ਰਹੀਆਂ ਹਨ। ਉਹ ਸਵਾਮੀਨਾਥਨ ਦੀਆਂ ਸਿਫ਼ਾਰਿਸ਼ਾਂ ਅਨੁਸਾਰ ਬਾਜਰੇ ਅਤੇ ਹੋਰ ਮੋਟੇ ਪੌਸ਼ਟਿਕ ਅਨਾਜ ਨੂੰ ਜਨਤਕ ਵੰਡ ਪ੍ਰਣਾਲੀ ਵਿਚ ਸ਼ਾਮਲ ਕਰਨ ਦੀ ਬਜਾਏ ਜਨਤਕ ਵੰਡ ਪ੍ਰਣਾਲੀ ਦਾ ਹੀ ਭੋਗ ਪਾ ਰਹੀਆਂ ਹਨ। ਉਹ ਖੇਤੀਬਾੜੀ ਵਿਚ ਖੇਤੀ ਦੀ ਉਤਪਾਦਕਤਾ ਵਧਾਉਣ ਅਤੇ ਫ਼ਸਲਾਂ ਵਿੱਚ ਵਿਭਿੰਨਤਾ ਲਿਆਉਣ ਲਈ ਕਹਿ ਰਹੀਆਂ ਹਨ। ਪੰਜਾਬ ਦੇ ਕਿਸਾਨਾਂ ਨੇ ਉਤਪਾਦਕਤਾ ਅਤੇ ਫ਼ਸਲਾਂ ਵਿੱਚ ਵਿਭਿੰਨਤਾ ਵੀ ਲਿਆ ਕੇ ਦੇਖ ਲਈ ਹੈ।**

**ਮੋਹਨ ਸਿੰਘ (ਡਾ.)**
ਮੋਬਾਈਲ : 78883-2769

ਬਰਤਾਨੀਆ ਦੇ ਪ੍ਰਸਿੱਧ ਅਧਿਕਾਰੀ ਐੱਮ. ਐੱਲ. ਡਾਰਲਿੰਗ ਨੇ ਬਰਤਾਨਵੀ ਰਾਜ ਸਮੇਂ ਕਿਸਾਨਾਂ ਸਿਰ ਕਰਜ਼ੇ ਬਾਰੇ ਕਿਹਾ ਸੀ ਕਿ ਪੰਜਾਬ ਦੀ ਕਿਸਾਨੀ ਕਰਜ਼ੇ ਥੱਲੇ ਜੰਮਦੀ, ਕਰਜ਼ੇ ਥੱਲੇ ਪਲ਼ਦੀ ਅਤੇ ਕਰਜ਼ਾ ਛੱਡ ਕੇ ਮਰ ਜਾਂਦੀ ਹੈ। ਪਰ ਅੱਜ ਭਾਰਤ ਦੀ ਕਿਸਾਨੀ ਦੀ ਹਾਲਤ ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਨਾਲੋਂ ਵੀ ਭੈੜੀ ਹੈ। ਸਰਕਾਰ ਦੀਆਂ ਉਦਾਰਵਾਦੀ ਨੀਤੀਆਂ ਕਾਰਨ ਦੇਸ਼ ਦੇ ਕਿਸਾਨਾਂ ਸਿਰ ਕਰਜ਼ਾ ਤੇਜ਼ੀ ਨਾਲ ਵਧ ਰਿਹਾ ਹੈ। ਖੇਤੀਬਾੜੀ ਰਾਜ ਮੰਤਰੀ ਪ੍ਰਸ਼ੋਤਮ ਰੁਪਾਲਾ ਅਨੁਸਾਰ ਦੇਸ਼ ਦੇ ਕਿਸਾਨਾਂ ਸਿਰ ਸਤੰਬਰ 20 16 ਤਕ 12.60 ਲੱਖ ਕਰੋੜ ਰੁਪਏ ਕਰਜ਼ਾ ਹੋ ਚੁੱਕਾ ਸੀ। ਸੂਦਖੋਰਾਂ ਦਾ ਕਰਜ਼ਾ ਇਸ ਤੋਂ ਇਲਾਵਾ ਹੈ। ਇਸ ਕਰਜ਼ੇ ਵਿਚੋਂ ਮੱਧ ਪ੍ਰਦੇਸ਼ ਸਰਕਾਰ ਨੇ 1000 ਕਰੋੜ ਰੁਪਏ, ਮਹਾਰਾਸ਼ਟਰ ਨੇ 30 ਹਜ਼ਾਰ ਕਰੋੜ, ਕਰਨਾਟਕ ਨੇ 8165 ਕਰੋੜ, ਤਾਮਿਲ ਨਾਡੂ ਨੇ 5789 ਕਰੋੜ, ਯੂਪੀ ਨੇ 36,359 ਕਰੋੜ, ਪੰਜਾਬ ਨੇ 9,500 ਕਰੋੜ, ਆਂਧਰਾ ਪ੍ਰਦੇਸ਼ ਨੇ 22,000 ਕਰੋੜ ਅਤੇ ਤਿਲੰਗਾਨਾ ਨੇ 17,000 ਕਰੋੜ ਰੁਪਏ ਮੁਆਫ਼ ਕਰਨ ਦੇ ਐਲਾਨ ਕੀਤੇ ਹਨ। ਇਹ ਕੁੱਲ ਰਕਮ 1.40 ਲੱਖ ਕਰੋੜ ਰੁਪਏ ਬਣਦੀ ਹੈ ਜੋ ਕੁੱਲ ਕਰਜ਼ੇ 12.60 ਲੱਖ ਕਰੋੜ ਦਾ ਸਿਰਫ਼ 12 ਪ੍ਰਤੀਸ਼ਤ ਹੀ ਹੈ। ਮੁੱਖ ਤੌਰ ’ਤੇ ਕਰਜ਼ੇ ਕਾਰਨ ਹੀ 1995 ਤੋਂ 2013 ਤਕ ਤਿੰਨ ਲੱਖ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਦੁਨੀਆ ਦੇ 8 ਹਜ਼ਾਰ ਸਾਲ ਦੇ ਖੇਤੀਬਾੜੀ ਦੇ ਇਤਿਹਾਸ ਵਿਚ ਲੋਕ ਮਹਾਂਮਾਰੀਆਂ ਜਾਂ ਕਾਲਾਂ ਨਾਲ ਮਰਦੇ ਕਿਸਾਨ ਤਾਂ ਸੁਣੇ ਸਨ ਏਨੀ ਵੱਡੀ ਪੱਧਰ ’ਤੇ ਖ਼ੁਦਕੁਸ਼ੀਆਂ ਨਾਲ ਮਰਦੇ ਨਹੀਂ ਸੁਣੇ ਗਏ। ਵੈਸੇ ਤਾਂ ਜਦੋਂ ਜਗੀਰਦਾਰੀ ਤੋਂ ਪੂੰਜੀਵਾਦ ਵਿੱਚ ਤਬਦੀਲੀ ਹੋ ਰਹੀ ਹੁੰਦੀ ਹੈ ਤਾਂ ਪੂੰਜੀਵਾਦ ਹਰ ਦੇਸ਼ ਵਿੱਚ ਕਿਸਾਨਾਂ ਲਈ ਤ੍ਰਾਸਦੀ ਪੈਦਾ ਕਰਦਾ ਹੈ। ਇੰਗਲੈਂਡ ਵਿੱਚ ਸ਼ਾਹੀ ਫ਼ੌਜ ਨਾਲ ਰਲ ਕੇ ਪੂੰਜੀਪਤੀਆਂ ਨੇ ਕਿਸਾਨਾਂ ਨੂੰ ਜਬਰੀ ਉਜਾੜ ਕੇ ਮੰਗਤੇ, ‘ਅਪਰਾਧੀ’ ਅਤੇ ਵੱਡੀ ਪੱਧਰ ’ਤੇ ਪਾਗ਼ਲ ਕਰਨ ਦੀ ਬਹੁਤ ਹੀ ਦਰਦਨਾਕ ਅਤੇ ਲੂ ਕੰਡੇ ਖੜ੍ਹੀ ਵਾਲੀ ਭਿਆਨਕ ਹਾਲਤ ਬਣਾ ਦਿੱਤੀ ਸੀ, ਪਰ ਉੱਥੇ ਵੀ ਕਿਸਾਨਾਂ ਨੇ ਏਡੀ ਵੱਡੀ ਪੱਧਰ ’ਤੇ ਖ਼ੁਦਕੁਸ਼ੀਆਂ ਨਹੀਂ ਕੀਤੀਆਂ ਸਨ। ਸਾਡੇ ਦੇਸ਼ ਵਿੱਚ ਕਿਸਾਨੀ ਦੀ ਇਸ ਭਿਆਨਕ ਤਸਵੀਰ ਦੇ ਬਾਵਜੂਦ ਦੇਸ਼ ਦੇ ਆਗੂਆਂ ਨੂੰ ਕਿਸਾਨਾਂ ਨਾਲ ਹਮਦਰਦੀ ਤਾਂ ਕੀ ਹੋਣੀ ਹੈ ਸਗੋਂ (ਹੁਣ) ਉਪ ਰਾਸ਼ਟਰਪਤੀ ਬਣੇ ਵੈਂਕਈਆ ਨਾਇਡੂ ਨੇ ਕੁਝ ਮਹੀਨੇ ਪਹਿਲਾਂ ਕਿਹਾ ਸੀ ਕਿ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨਾ ਫੈਸ਼ਨ ਬਣ ਗਿਆ ਹੈ। ਕਿਸਾਨ ਦਾ ‘ਪੁੱਤ’ ਸ਼ਿਵਰਾਜ ਚੌਹਾਨ ਕਹਿ ਰਿਹਾ ਹੈ ਕਿ ਕਿਸਾਨ ਕਰਜ਼ੇ ਕਾਰਨ ਨਹੀਂ ਸਗੋਂ ਸ਼ਰਾਬ ਪੀਣ ਕਾਰਨ ਖ਼ੁਦਕੁਸ਼ੀਆਂ ਕਰ ਰਹੇ ਹਨ। ਭਾਜਪਾ ਦੇ ਅਰਥਸ਼ਾਸਤਰੀ ਅਰਵਿੰਦ ਪਾਨਾਗੜ੍ਹੀਆ ਅਤੇ ਜਗਦੀਸ਼ ਭਗਵਤੀ ਕਹਿ ਰਹੇ ਹਨ ਕਿ ਭਾਰਤ ਵਰਗੇ ਵੱਡੇ ਦੇਸ਼ ਵਿੱਚ ਤਿੰਨ ਲੱਖ ਖ਼ੁਦਕੁਸ਼ੀਆਂ ਕੋਈ ਵੱਡਾ ਅੰਕੜਾ ਨਹੀਂ। ਦੇਸ਼ ਵਿਚ ਸਭ ਤੋਂ ਵੱਧ ਖ਼ੁਦਕੁਸ਼ੀਆਂ ਉਨ੍ਹਾਂ ਰਾਜਾਂ ਵਿਚ ਹੋ ਰਹੀਆਂ ਹਨ, ਜਿੱਥੇ ਜ਼ਿਆਦਾ ਨਗਦੀ ਫ਼ਸਲਾਂ ਹੁੰਦੀਆਂ ਹਨ ਅਤੇ ਕਰਜ਼ਾ ਚੁੱਕ ਕੇ ਖੇਤੀ ਕੀਤੀ ਜਾਂਦੀ ਹੈ। ਖ਼ੁਦਕੁਸ਼ੀਆਂ ਦੇ ਜ਼ਿਆਦਾ ਕੇਸ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਿਲੰਗਾਨਾ, ਕਰਨਾਟਕ, ਕੇਰਲਾ, ਪੰਜਾਬ, ਰਾਜਸਥਾਨ, ਓੜੀਸਾ ਅਤੇ ਮੱਧ ਪ੍ਰਦੇਸ਼ ਵਿਚ ਹੋ ਰਹੇ ਹਨ। ਸਵਾਮੀਨਾਥਨ ਕਮਿਸ਼ਨ ਨੇ ਖ਼ੁਦਕੁਸ਼ੀਆਂ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ ’ਤੇ ਨਜਿੱਠਣ ਨੂੰ ਮੁੱਖ ਟੀਚਾ ਬਣਾਇਆ ਸੀ। ਯੂਪੀਏ ਸਰਕਾਰ ਵੱਲੋਂ 18 ਨਵੰਬਰ 2004 ਨੂੰ ਡਾ. ਸਵਾਮੀਨਾਥਨ ਦੀ ਅਗਵਾਈ ’ਚ ਬਣਾਏ ‘ਕਿਸਾਨਾਂ ਲਈ ਕੌਮੀ ਕਮਿਸ਼ਨ’ ਨੇ ਡੂੰਘੀ ਖੋਜ ਪੜਤਾਲ ਕਰਕੇ ਜ਼ਰੱਈ ਸੰਕਟ ਨੂੰ ਨਜਿੱਠਣ ਲਈ ਅਕਤੂਬਰ 2006 ਵਿਚ ਆਪਣੀਆਂ ਨੌਂ ਨੁਕਾਤੀ ਸਿਫ਼ਾਰਸ਼ਾਂ ਪੇਸ਼ ਕੀਤੀਆਂ ਸਨ। ਹੋਰਨਾਂ ਸੁਝਾਵਾਂ ਤੋਂ ਇਲਾਵਾ ਉਸ ਦੇ ਕੁਝ ਸੁਝਾਅ ਕਿਸਾਨਾਂ ਨੂੰ ਬਚਾਉਣ ਲਈ ਉਨ੍ਹਾਂ ਦੀਆਂ ਫ਼ਸਲਾਂ ਦੀ ਉਤਪਾਦਕਤਾ ਵਿਚ ਵਾਧੇ ਦੇ ਸੁਧਾਰ ਨਾਲ ਮੰਡੀਯੋਗ ਵਾਧੂ ਉਪਜ ਨੂੰ ਯਕੀਨੀ ਬਣਾ ਕੇ ਲਾਭਕਾਰੀ ਮੰਡੀ ਮੌਕਿਆਂ ਨਾਲ ਜੋੜਨ, ਫ਼ਸਲ-ਆਧਾਰਿਤ ਕਿਸਾਨ ਕੋਆਪਰੇਟਿਵ ਬਣਾਉਣ, ਘੱਟੋਘੱਟ ਸਮੱਰਥਨ ਮੁੱਲ ਨੂੰ ਲਾਗੂ ਕਰਨ ਵਿਚ ਸੁਧਾਰ ਕਰਕੇ ਕਣਕ ਅਤੇ ਝੋਨੇ ਤੋਂ ਅੱਗੇ ਹੋਰ ਫ਼ਸਲਾਂ ਵੀ ਇਸ ਦੇ ਘੇਰੇ ਵਿਚ ਲਿਆਉਣ, ਬਾਜਰਾ ਤੇ ਹੋਰ ਮੋਟੇ ਪੌਸ਼ਟਿਕ ਅਨਾਜ ਨੂੰ ਵੀ ਪੱਕੇ ਤੌਰ ’ਤੇ ਜਨਤਕ ਵੰਡ ਪ੍ਰਣਾਲੀ ਵਿਚ ਸ਼ਾਮਲ ਕਰਨ, ਖੇਤੀਬਾੜੀ ਪੈਦਾਵਾਰ ਮੰਡੀਕਰਨ ਕਾਨੂੰਨ (ਏਪੀਐੱਮਸੀਏ) ਨੂੰ ਹੋਰ ਅਸਰਕਾਰੀ ਬਣਾਉਣ ਦੇ ਸੁਝਾਅ ਦਿੱਤੇ ਸਨ। ਉਸ ਦਾ ਸਭ ਤੋਂ ਅਹਿਮ ਸੁਝਾਅ ਘੱਟੋ-ਘੱਟ ਸਮੱਰਥਨ ਮੁੱਲ (ਐਮਐਸਪੀ) ਫ਼ਸਲਾਂ ਦੀ ਲਾਗਤ ਦਾ 50 ਪ੍ਰਤੀਸ਼ਤ ਵੱਧ ਕਰਨ ਬਾਰੇ ਸੀ।

ਪਰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਉਲਟ ਬਦਲ ਬਦਲ ਕੇ ਬਣਦੀਆਂ ਸਰਕਾਰਾਂ ਖੇਤੀ ਅਤੇ ਫ਼ਸਲਾਂ ਦੇ ਵਪਾਰ ਨੂੰ ਦੇਸੀ ਵਿਦੇਸ਼ੀ ਵੱਡੀਆਂ ਕੰਪਨੀਆਂ ਦੇ ਹਵਾਲੇ ਕਰ ਰਹੀਆਂ ਹਨ। ਉਹ ਸਵਾਮੀਨਾਥਨ ਦੀਆਂ ਸਿਫ਼ਾਰਿਸ਼ਾਂ ਅਨੁਸਾਰ ਬਾਜਰੇ ਅਤੇ ਹੋਰ ਮੋਟੇ ਪੌਸ਼ਟਿਕ ਅਨਾਜ ਨੂੰ ਜਨਤਕ ਵੰਡ ਪ੍ਰਣਾਲੀ ਵਿਚ ਸ਼ਾਮਲ ਕਰਨ ਦੀ ਬਜਾਏ ਜਨਤਕ ਵੰਡ ਪ੍ਰਣਾਲੀ ਦਾ ਹੀ ਭੋਗ ਪਾ ਰਹੀਆਂ ਹਨ। ਉਹ ਖੇਤੀਬਾੜੀ ਵਿਚ ਖੇਤੀ ਦੀ ਉਤਪਾਦਕਤਾ ਵਧਾਉਣ ਅਤੇ ਫ਼ਸਲਾਂ ਵਿੱਚ ਵਿਭਿੰਨਤਾ ਲਿਆਉਣ ਲਈ ਕਹਿ ਰਹੀਆਂ ਹਨ। ਪੰਜਾਬ ਦੇ ਕਿਸਾਨਾਂ ਨੇ ਉਤਪਾਦਕਤਾ ਅਤੇ ਫ਼ਸਲਾਂ ਵਿੱਚ ਵਿਭਿੰਨਤਾ ਵੀ ਲਿਆ ਕੇ ਦੇਖ ਲਈ ਹੈ। ਪੰਜਾਬ ਦੀ ਖੇਤੀ ਦੀ ਉਤਪਾਦਿਕਤਾ ਵਿਕਸਤ ਦੇਸ਼ਾਂ ਦੇ ਮੁਕਾਬਲੇ ਦੀ ਹੈ। ਪੰਜਾਬ ਵਿੱਚ ਫ਼ਸਲੀ ਤੀਬਰਤਾ ਲਗਪਗ 1.90 ਹੈ ਅਤੇ ਪੰਜਾਬ ਦਾ 99 ਪ੍ਰਤੀਸ਼ਤ ਤੋਂ ਖੇਤਰ ਸਿੰਜਾਈ ਅਧੀਨ ਹੈ। ਮੌਜੂਦਾ ਤਕਨੀਕਾਂ ਨਾਲ ਨਾ ਪੰਜਾਬ ਦੀ ਫ਼ਸਲੀ ਤੀਬਰਤਾ, ਨਾ ਸਿੰਜਾਈ ਖੇਤਰ, ਨਾ ਰਸਾਇਣਾਂ ਅਤੇ ਮਸ਼ੀਨਰੀ ਦੀ ਹੋਰ ਵਰਤੋਂ ਨਾਲ ਅਤੇ ਨਾ ਹੀ ਜ਼ਮੀਨੀ ਸੁਧਾਰ ਕਰਕੇ ਖੇਤੀ ਦੀ ਉਤਪਾਦਕਤਾ ਹੋਰ ਵਧਾਈ ਜਾ ਸਕਦੀ ਹੈ। ਇਸ ਪੂੰਜੀਵਾਦੀ-ਸਾਮਰਾਜੀ ਵਿਵਸਥਾ ਵਿੱਚ ਇਹ ਵੱਧ ਤੋਂ ਵੱਧ ਹੋ ਚੁੱਕਾ ਹੈ। ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਸਿਰ 69 ਹਜ਼ਾਰ ਕਰੋੜ ਰੁਪਏ ਬੈਂਕਾਂ ਦਾ ਕਰਜ਼ਾ ਹੈ ਅਤੇ ਸ਼ਾਹੂਕਾਰਾਂ ਦਾ ਇਸ ਤੋਂ ਵੱਖਰਾ ਹੈ। ਇੱਥੋਂ ਦੇ ਕਿਸਾਨ-ਮਜ਼ਦੂਰ ਵੱਡੀ ਪੱਧਰ ’ਤੇ ਖ਼ੁਦਕੁਸ਼ੀਆਂ ਕਰ ਰਹੇ ਹਨ। ਪੰਜਾਬ ਦੇ ਕਿਸਾਨਾਂ ਨੇ ਅੰਗੂਰ, ਕਿੰਨੂ, ਆਲੂ, ਸੁਰਜਮੁਖੀ, ਬਾਸਮਤੀ, ਗੋਭੀ, ਮੱਕੀ, ਫ਼ਲ, ਫੁੱਲ ਬੀਜ ਕੇ ਵਿਭਿੰਨਤਾ ਕਰਕੇ ਵੀ ਤੌਬਾ ਕਰ ਲਈ ਹੈ। ਭਾਰਤ ਕੋਲ ਕੁੱਲ ਖੇਤੀ ਉਤਪਾਦ ਨੂੰ ਸਟੋਰ ਕਰਨ ਦੀ ਸਿਰਫ਼ 65 ਪ੍ਰਤੀਸ਼ਤ ਸਮਰੱਥਾ ਦੇ ਬਾਵਜੂਦ ਕੇਂਦਰ ਸਰਕਾਰ ਐਫ਼ਸੀਆਈ ਵਰਗੀਆਂ ਸਰਕਾਰੀ ਏਜੰਸੀਆਂ ਦਾ ਭੋਗ ਪਾਉਣ ਜਾ ਰਹੀ ਹੈ। ਕੇਂਦਰ ਸਰਕਾਰ ਸਾਉਣੀ ਅਤੇ ਹਾੜ੍ਹੀ ਦੀਆਂ 25 ਫ਼ਸਲਾਂ ਦਾ ਘੱਟੋ-ਘੱਟ ਸਮੱਰਥਨ ਮੁੱਲ ਤੈਅ ਕਰਕੇ ਖ਼ਰੀਦ ਸਿਰਫ਼ ਪੰਜਾਬ ਅਤੇ ਹਰਿਆਣੇ ਵਿਚ ਝੋਨੇ ਅਤੇ ਕਣਕ ਦੀ ਹੀ ਕਰਦੀ ਹੈ। ਕਿਸਾਨਾਂ ਦੀਆਂ 94 ਪ੍ਰਤੀਸ਼ਤ ਫ਼ਸਲਾਂ ਨਿੱਜੀ ਵਪਾਰੀਆਂ ਵੱਲੋਂ ਖ਼ਰੀਦੀਆਂ ਜਾਣ ਕਰਕੇ ਘੱਟੋ-ਘੱਟ ਸਮੱਰਥਨ ਮੁੱਲ ਤੋਂ ਵੀ ਆਮ ਤੌਰ ’ਤੇ ਥੱਲੇ ਵਿਕਦੀਆਂ ਹਨ। ਜਦੋਂ ਵੀ ਫ਼ਸਲਾਂ ਦੀ ਥੋੜ੍ਹੀ ਜਿਹੀ ‘ਵਾਧੂ ਪੈਦਾਵਾਰ’ ਹੋ ਜਾਂਦੀ ਹੈ ਇਹ ਰੁਲਣ ਲੱਗਦੀਆਂ ਹਨ ਜਾਂ ਕੌਡੀਆਂ ਭਾਅ ਖ਼ਰੀਦੀਆਂ ਜਾਂਦੀਆਂ ਹਨ, ਜਿਵੇਂ ਹੁਣ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਹੋਇਆ ਹੈ।

ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮੱਰਥਨ ਮੁੱਲ ਤੈਅ ਕਰਨ ਲਈ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (ਸੀਏਸੀਪੀ) ਬਣਾਇਆ ਹੋਇਆ ਹੈ। ਇਹ ਕਮਿਸ਼ਨ ਖੇਤੀ ਲਾਗਤਾਂ ਨੂੰ ਤਿੰਨ ਮਦਾਂ ਅਧੀਨ ਲੈਂਦਾ ਹੈ: (1) ਬੀਜ, ਖਾਦ, ਰਸਾਇਣ, ਵਹਾਈ , (2) ਪਰਿਵਾਰਕ ਅਤੇ ਹੋਰ ਖ਼ਰੀਦੀ ਗਈ ਲੇਬਰ, (3) ਜ਼ਮੀਨ ਦਾ ਲਗਾਨ ਅਤੇ ਖ਼ਰਚ ਕੀਤੀਆਂ ਲਾਗਤਾਂ ’ਤੇ ਪੈਣ ਵਾਲਾ ਵਿਆਜ। ਇਸ ਤੋਂ ਇਲਾਵਾ ਕੁਝ ਫ਼ਸਲਾਂ ’ਤੇ ਬੋਨਸ ਦਿੱਤਾ ਜਾਂਦਾ ਹੈ। ਪਰ ਕਮਿਸ਼ਨ ਵੱਲੋਂ ਆਮ ਤੌਰ ’ਤੇ ਫ਼ਸਲਾਂ ਦੀਆਂ ਕੀਮਤਾਂ ਖੇਤੀ ਲਾਗਤਾਂ ਤੋਂ ਘੱਟ ਤੈਅ ਕੀਤੀਆ ਜਾਂਦੀਆਂ ਹਨ। ‘ਸੀਏਸੀਪੀ’ ਵੱਲੋਂ 2017-18 ਦੇ ਫ਼ਸਲਾਂ ਦੇ ਘੱਟੋ-ਘੱਟ ਸਮੱਰਥਨ ਮੁੱਲ ਦੇ ਐਲਾਨ ਅਨੁਸਾਰ ਨਰਮੇ ਦਾ ਲਾਗਤ ਖ਼ਰਚਾ 4376 ਰੁਪਏ ਪ੍ਰਤੀ ਕੁਇੰਟਲ, ਰਾਗੀ ਦਾ 2351 ਰੁਪਏ ਅਤੇ ਜਵਾਰ ਦਾ ਲਾਗਤ ਖ਼ਰਚਾ 2089 ਰੁਪਏ ਪ੍ਰਤੀ ਕੁਇੰਟਲ ਗਿਣਿਆ ਗਿਆ ਹੈ। ਇਸ ਦੇ ਬਾਵਜੂਦ ਸੀਏਸੀਪੀ ਨੇ ਨਰਮੇ ਦਾ ਘੱਟੋ-ਘੱਟ ਸਮੱਰਥਨ ਮੁੱਲ 4020 ਰੁਪਏ, ਰਾਗੀ ਦਾ 1900 ਰੁਪਏ ਅਤੇ ਜਵਾਰ ਦਾ 1700 ਰੁਪਏ ਪ੍ਰਤੀ ਕਵਿੰਟਲ ਐਲਾਨ ਕੀਤਾ ਹੈ। ਇਸ ਤਰ੍ਹਾਂ ਕਿਸਾਨਾਂ ਦੀ ਫ਼ਸਲ ਜੇ ਘੱਟੋ-ਘੱਟ ਸਮਰਥਨ ਮੁੱਲ ਉੱਪਰ ਵਿਕ ਵੀ ਜਾਵੇ ਤਾਂ ਵੀ ਨਰਮੇ ’ਤੇ 356 ਰੁਪਏ, ਰਾਗੀ ’ਤੇ 451 ਰੁਪਏ ਅਤੇ ਜਵਾਰ ਵੇਚਣ ’ਤੇ 389 ਰੁਪਏ ਕੁਇੰਟਲ ਦਾ ਘਾਟਾ ਪਵੇਗਾ। ਜਿਵੇਂ ਅਸੀਂ ਪਹਿਲਾਂ ਦੱਸਿਆ ਹੈ ਕਿ ਡਾ. ਐੱਮ.ਐੱਸ. ਸਵਾਮੀਨਾਥਨ ਨੇ ਫ਼ਸਲਾਂ ਦੇ ਲਾਗਤ ਖ਼ਰਚੇ ’ਤੇ 50 ਪ੍ਰਤੀਸ਼ਤ ਮੁਨਾਫ਼ੇ ਦੀ ਸਿਫ਼ਾਰਸ਼ ਕੀਤੀ ਹੈ। ਯੂਪੀਏ ਸਰਕਾਰ ਨੇ ਖ਼ੁਦ ਸਵਾਮੀਨਾਥਨ ਕਮਿਸ਼ਨ ਬਣਾ ਕੇ ਇਸ ਦੀਆਂ ਸਿਫ਼ਾਰਸ਼ਾਂ ਲਾਗੂ ਨਹੀਂ ਕੀਤੀਆਂ। ਉਲਟਾ ਇਸ ਨੇ ਇਸ ਦੀਆਂ ਸਿਫ਼ਾਰਸ਼ਾਂ ਨੂੰ ਖੁੱਲ੍ਹੇ ਮੁਕਾਬਲੇ ਵਿਚ ਵਿਘਨ ਪਾਉਣ ਵਾਲਾ ਕਹਿ ਕੇ ਸੀਏਸੀਪੀ ਅਤੇ ਐੱਮਐੱਸਪੀ ਨੂੰ ਤੋੜਨ ਲਈ ਰਮੇਸ਼ ਚੰਦ ਕਮੇਟੀ ਦਾ ਗਠਨ ਕੀਤਾ। ਪਰ ਰਮੇਸ਼ ਚੰਦ ਕਮੇਟੀ ਨੇ ਯੂਪੀਏ ਸਰਕਾਰ ਦੀ ਇੱਛਾ ਦੇ ਉਲਟ ਐੱਮਐੱਸਪੀ ਤੈਅ ਕਰਨ ਵਾਲੇ ਸੀਏਸੀਪੀ ਨੂੰ ਤੋੜਨ ਦੀ ਬਜਾਏ ਇਸ ਨੂੰ ਹੋਰ ਕੁਸ਼ਲ ਬਣਾਉਣ, ਖੇਤੀ ਜੋਖ਼ਿਮ ਭਰਿਆ ਧੰਦਾ ਹੋਣ ਕਰਕੇ ਖੇਤੀ ਲਾਗਤ ’ਤੇ 10 ਪ੍ਰਤੀਸ਼ਤ ਪ੍ਰੀਮੀਅਮ ਦੇਣ, ਸਮੱਰਥਨ ਮੁੱਲ ਤੋਂ ਘੱਟ ’ਤੇ ਵਿਕਣ ਦੀ ਕਮੀ ਨੂੰ ਪੂਰਾ ਕਰਨ ਲਈ ਇਵਜ਼ਾਨਾ ਦੇਣ, ਵਢਾਈ ਬਾਅਦ ਦੇ ਖ਼ਰਚਿਆਂ ਨੂੰ ਖੇਤੀ ਲਾਗਤਾਂ ਵਿੱਚ ਸ਼ਾਮਲ ਕਰਨ, ਜ਼ਮੀਨ ਦਾ ਲਗਾਨ ਪ੍ਰਚਲਤ ਮੰਡੀ ਰੇਟ ਅਨੁਸਾਰ ਤੇ ਵਿਆਜ ਨੂੰ ਅਸਲੀ ਆਧਾਰ ’ਤੇ ਗਿਣਨ, ਸੀਏਸੀਪੀ ਨੂੰ ਲਾਗਤਾਂ ਤੇ ਕੀਮਤਾਂ ਤੋਂ ਅੱਗੇ ਖੇਤੀ ਖੇਤਰ ਲਈ ਨੀਤੀਆਂ ਘੜਨ ਵਾਲੇ ਅਦਾਰੇ ਦੇ ਤੌਰ ’ਤੇ ਬਣਾ ਕੇ ਇਸ ਦਾ ਨਾਂ ਖੇਤੀ ਲਾਗਤਾਂ, ਕੀਮਤਾਂ ਅਤੇ ਖੇਤੀ ਨੀਤੀ ਕਮਿਸ਼ਨ ਬਣਾਉਣ ਦੀਆਂ ਸਿਫ਼ਾਰਸ਼ਾਂ ਕੀਤੀਆਂ। ਹੋਰ ਸਿਫ਼ਾਰਸ਼ਾਂ ਵਿੱਚ ਸੀਏਸੀਪੀ ਨੂੰ ਇੱਕ ਸਾਲ ਬਾਅਦ ਖੇਤੀ ਲਾਗਤਾਂ ਅਤੇ ਕੀਮਤਾਂ ਦਾ ਰੀਵਿਊ ਪਾਰਲੀਮੈਂਟ ਵਿਚ ਅਤੇ ਤਿਮਾਹੀ ਬਾਅਦ ਕੈਬਨਿਟ ਅੱਗੇ ਰੱਖਣ, ਖੇਤੀ ਮਸ਼ੀਨਰੀ ਦੀ ਘਸਾਈ ਨੂੰ ਖੇਤੀ ਲਾਗਤਾਂ ਵਿੱਚ ਸ਼ਾਮਲ ਕਰਨ ਅਤੇ ਜ਼ਮੀਨ ਨੂੰ ਵਿਕਸਤ ਕਰਨ ਲਈ ਪੂੰਜੀ ਨਿਵੇਸ਼ ਨੂੰ ਖੇਤੀ ਲਾਗਤਾਂ ਵਿੱਚ ਗਿਣਨ ਵਰਗੇ ਸੁਝਾਅ ਸ਼ਾਮਲ ਸਨ। ਸਰਕਾਰ ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਸੀ, ਪਰ ਰਮੇਸ਼ ਚੰਦ ਕਮੇਟੀ ਦੀਆਂ ਸਿਫ਼ਾਰਸ਼ਾਂ ਨੇ ਭਾਰਤੀ ਸਰਕਾਰ ਦੀ ਅਮਰੀਕਾ ਅਤੇ ਵਿਸ਼ਵ ਵਪਾਰ ਸੰਸਥਾ ਅੱਗੇ ਜਵਾਬਦੇਹੀ ਲਈ ਹਾਲਤ ਹੋਰ ਵੀ ਕਸੂਤੀ ਬਣਾ ਦਿੱਤੀ। ਡਾ. ਸਵਾਮੀਨਾਥਨ ਨੇ ਪੁੱਛਣ ’ਤੇ ਕਿਹਾ ਸੀ “ਮੈਂ ਕੇਵਲ 50 ਪ੍ਰਤੀਸ਼ਤ ਦੀ ਹੀ ਸਿਫ਼ਾਰਸ਼ ਕੀਤੀ ਹੈ, ਦਵਾਈ ਕੰਪਨੀਆਂ 500 ਪ੍ਰਤੀਸ਼ਤ ਮੁਨਾਫ਼ੇ ’ਤੇ ਕੰਮ ਕਰਦੀਆਂ ਹਨ। ਕੋਈ ਵੀ ਕਾਰੋਬਾਰ 50 ਪ੍ਰਤੀਸ਼ਤ ਮੁਨਾਫ਼ੇ ਤੋਂ ਘੱਟ ’ਤੇ ਚੱਲ ਨਹੀਂ ਸਕਦਾ। ਇਸ ਲਈ ਸਾਰਾ ਕਸ਼ਟ ਕਿਸਾਨ ਕਿਉਂ ਝੱਲਣ ?” ਕਿਸਾਨ ਪਰਿਵਾਰਾਂ ਨੂੰ ਮਹਿੰਗਾਈ ਦੇ ਦੌਰ ਅੰਦਰ ਭੋਜਨ, ਕੱਪੜੇ, ਘਰ ਬਣਾਉਣ, ਘਰਾਂ ਦੀ ਮੁਰੰਮਤ ਕਰਨ, ਖੇਤੀ ਧੰਦੇ ਨੂੰ ਵਿਕਸਤ ਕਰਨ ਲਈ ਨਿਵੇਸ਼ ਕਰਨ, ਸਮਾਜਿਕ ਅਤੇ ਜ਼ਿੰਦਗੀ ਜਿਉਣ, ਸਿੱਖਿਆ, ਸਿਹਤ ਉੱਪਰ ਖ਼ਰਚ ਲਈ ਫ਼ਸਲਾਂ ਦੀ ਵਾਜਬ ਕੀਮਤ ਚਾਹੀਦੀ ਹੈ ਅਤੇ ਇਹ ਸਾਰੇ ਖ਼ਰਚੇ ਕਰਨ ਲਈ ਕਿਸਾਨਾਂ ਲਈ 50 ਪ੍ਰਤੀਸ਼ਤ ਮੁਨਾਫ਼ਾ ਬਹੁਤ ਹੀ ਵਾਜਬ ਮੰਗ ਹੈ। ਪਰ ਬਦਲ ਬਦਲ ਕੇ ਬਣ ਰਹੀਆਂ ਭਾਰਤੀ ਸਰਕਾਰਾਂ ਨਵਉਦਾਰਵਾਦੀ ਨੀਤੀਆਂ ’ਤੇ ਚੱਲ ਰਹੀਆਂ ਹਨ। ਇਨ੍ਹਾਂ ਨੀਤੀਆਂ ’ਤੇ ਚੱਲ ਕੇ ਇਹ ਦੇਸੀ ਵਿਦੇਸ਼ੀ ਕਾਰਪੋਰੇਟਾਂ ਪੱਖੀ ਨੀਤੀਆਂ ਅਪਣਾ ਰਹੀਆਂ ਹਨ। ਇਹ ਨੀਤੀਆਂ ਮਜ਼ਦੂਰਾਂ ਅਤੇ ਕਿਸਾਨਾਂ ਉਲਟ ਭੁਗਤ ਰਹੀਆਂ ਹਨ। ਉਂਜ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਤਾਮਿਲ ਨਾਡੂ ਦੇ ਕਿਸਾਨਾਂ ਨੇ ਸਾਰੇ ਦੇਸ਼ ਅੰਦਰ ਕਿਸਾਨੀ ਨੂੰ ਜਾਗ ਲਾ ਦਿੱਤਾ ਹੈ ਅਤੇ ਹੁਣ ਸਾਰੇ ਭਾਰਤ ਦੇ ਕਿਸਾਨ ਆਪਣੇ ਹੱਕਾਂ ਲਈ ਇਕੱਠੇ ਹੋ ਰਹੇ ਹਨ।

**ਪੰਜਾਬੀ ਲੇਖਕ ਬਲਦੇਵ ਸਿੰਘ ਸੜਕਨਾਮਾ ਵਲੋਂ ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖਿਆ ਨਾਵਲ ਸੂਰਜ ਦੀ ਅੱਖ ਉਸ ਲਿਖਤ ਵਿੱਚ ਪੇਸ਼ ਤੱਥਾਂ ਕਾਰਨ ਪਿਛਲੇ ਦਿਨੀਂ ਕਾਫ਼ੀ ਵਿਵਾਦ ਦਾ ਕੇਂਦਰ ਬਣਿਆ ਰਿਹਾ ਹੈ। ਖ਼ਾਸ ਕਰ ਸਿੱਖਾਂ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਸਬੰਧੀ ਫਿਲਮ ਦ ਬਲੈਕ ਪ੍ਰਿੰਸ ਦੇ ਰਿਲੀਜ ਹੋਣ ਬਾਅਦ ਸੂਰਜ ਦੀ ਅੱਖ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸ਼ੀਅਤ ਨੂੰ ਠੀਕ ਤਰ੍ਹਾਂ ਨਾਲ ਪੇਸ਼ ਨਾ ਕੀਤੇ ਜਾਣ ਸਬੰਧੀ ਸਿੱਖ ਹਲਕਿਆਂ ਵਲੋਂ ਤਿੱਖਾ ਪ੍ਰਤੀਕਰਮ ਵੇਖਣ ਨੂੰ ਮਿਲਿਆ। ਬੇਸ਼ੱਕ ਕੁਝ ਤੱਤੇ ਸੁਭਾਅ ਵਾਲੇ ਸਿੱਖਾਂ ਵਲੋਂ ਲੇਖਕ ਨੂੰ ਧਮਕੀਆਂ ਦੇਣ ਜਾਂ ਪਰਿਵਾਰ ਬਾਰੇ ਇਤਰਾਜ਼ ਟਿਪਣੀਆਂ ਦਾ ਸਾਰੇ ਸੂਝਵਾਨ ਸਿੱਖਾਂ ਨੇ ਬੁਰਾ ਮਨਾਇਆ ਪਰ ਨਾਵਲ ਵਿਚਲੀਆਂ ਬਹੁਤ ਸਾਰੀਆਂ ਗੱਲਾਂ ਬਲਦੇਵ ਸਿੰਘ ਸੜਕਨਾਮਾ ਦੀ ਇੱਕਪਾਸੜ ਸੋਚ ਦਾ ਪ੍ਰਤੱਖ ਸਬੂਤ ਹਨ। ਨਿਰਸੰਦੇਹ ਉਸਨੇ ਸਿੱਖ ਇਤਿਹਾਸ ਦੇ ਉਸ ਸੁਨਹਿਰੀ ਕਾਲ ਨੂੰ ਗੈਰ ਸੰਜੀਦਗੀ ਨਾਲ ਪੇਸ਼ ਕਰਦਿਆਂ ਜਾਣੇ-ਅਣਜਾਣੇ ਖਾਲਸਾ ਰਾਜ ਦੇ ਬਾਨੀ ਦੀ ਸ਼ਾਨ ਨੂੰ ਢਾਹ ਲਾਈ ਹੈ। ਇਸ ਨਾਵਲ ਬਾਰੇ ਪੰਜਾਬੀ ਦੇ ਸਾਹਿਤਕ ਹਲਕਿਆਂ ਵਿੱਚ ਕਾਫ਼ੀ ਕੁਝ ਕਿਹਾ ਤੇ ਲਿਖਿਆ ਜਾ ਚੁੱਕਾ ਹੈ। ਅਸੀਂ ਸੀਨੀਅਰ ਪੱਤਰਕਾਰ ਤੇ ਵਿਲੱਖਣ ਲੇਖਣੀ ਵਾਲੇ ਸਿੱਖ ਚਿੰਤਕ ਕਰਮਜੀਤ ਸਿੰਘ ਦਾ ਇਹ ਆਰਟੀਕਲ ਅਪਣੇ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ-ਸੰਪਾਦਕ**

# ਦਾਰਸ਼ਨਿਕ ਨੀਝ ਤੋਂ ਸੱਖਣਾ ਨਾਵਲ 'ਸੂਰਜ ਦੀ ਅੱਖ'

**ਕਰਮਜੀਤ ਸਿੰਘ, ਚੰਡੀਗੜ੍ਹ**
ਸੰਪਰਕ: 99150-91063

ਬਲਦੇਵ ਸਿੰਘ (ਸੜਕਨਾਮਾ) ਆਪਣੇ ਨਾਵਲ ਵਿੱਚ ਇਤਿਹਾਸਕ ਦੌਰ ਦੇ ਉਸ ਮਹੱਤਵਪੂਰਨ, ਯਾਦਗਾਰੀ ਅਤੇ ਸਰਸਬਜ਼ ਪਹਿਲੂ ਨੂੰ ਰੂਹ ਦੇ ਜ਼ੋਰ ਨਾਲ ਆਪਣੇ ਅੰਦਰ ਰਚਾ ਨਹੀਂ ਸਕੇ ਜੋ ਕਿਸੇ ਕੌਮ ਦੀ ਮੁੱਖ ਧਾਰਾ ਹੁੰਦੀ ਹੈ, ਉਸ ਦਾ ਕੇਂਦਰ ਬਿੰਦੂ ਹੁੰਦਾ ਹੈ ਜਾਂ ਅਸੀਂ ਉਸ ਨੂੰ ਸਿੱਖ-ਰੂਹ ਵੀ ਕਹਿ ਸਕਦੇ ਹਾਂ। ਅਸੀਂ ਅੱਜ ਕੀ ਹਾਂ, ਉਸ ਦਾ ਵੱਡਾ ਹਿੱਸਾ ਉਸੇ ਦੌਰ ਦੀ ਯਾਦਗਾਰ ਹੈ। ਖ਼ਾਲਸੇ ਦੇ ਸਿਦਕ ਦਾ ਇਮਤਿਹਾਨ ਵੀ ਉਸੇ ਦੌਰ ਵਿੱਚ ਹੋਇਆ, ਹਾਲਾਂਕਿ ਕਮਜ਼ੋਰੀਆਂ ਵੀ ਸਾਡੇ ਨਾਲ-ਨਾਲ ਸਫ਼ਰ ਕਰਦੀਆਂ ਰਹੀਆਂ। ਇਸ ਲਈ ਕਿਸੇ ਵੀ ਲੇਖਕ ਨੂੰ ਉਸ ਸ਼ਾਨਾਮੱਤੇ ਸਮੇਂ ਦਾ ਜ਼ਿਕਰ ਕਰਨ ਲੱਗਿਆਂ ਬਹੁਤ ਸੰਭਲ-ਸੰਭਲ ਕੇ ਤੁਰਨਾ ਪੈਂਦਾ ਹੈ, ਪਰ ਬਲਦੇਵ ਸਿੰਘ ਉਨ੍ਹਾਂ ਗੁੰਝਲਦਾਰ ਸਮਿਆਂ ਦੇ ਪਾਂਧੀ ਨਹੀਂ ਬਣ ਸਕੇ। ਆਪਣੀ ਸਫ਼ਾਈ ਵਿੱਚ ਉਨ੍ਹਾਂ ਕਿਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਬਾਰੇ ਇਤਿਹਾਸਕ ਪੁਸਤਕਾਂ 'ਕੁਝ ਹੋਰ' ਕਹਿੰਦੀਆਂ ਹਨ ਅਤੇ ਲੋਕ ਮਨ 'ਕੁਝ ਹੋਰ' ਕਹਿੰਦੇ ਹਨ। ਇਹ ਅੱਧਾ ਤੇ ਅਧੂਰਾ ਸੱਚ ਹੈ ਜਦੋਂਕਿ ਇਤਿਹਾਸਕ ਪੁਸਤਕਾਂ ਨੇ ਦੋਵੇਂ ਗੱਲਾਂ ਕੀਤੀਆਂ ਹਨ ਅਤੇ ਇਸ ਵਿੱਚ ਉਹ ਇਤਿਹਾਸ ਵੀ ਸ਼ਾਮਲ ਹੈ, ਜਿਸ ਨੂੰ ਸਾਈਕੋ-ਹਿਸਟਰੀ ਕਹਿੰਦੇ ਹਨ ਜੋ ਲੋਕਾਂ ਦੇ ਦਿਲਾਂ ਵਿੱਚ ਵਸਿਆ ਹੁੰਦਾ ਹੈ ਅਤੇ ਨਿਕਲ ਸਕਦਾ ਹੀ ਨਹੀਂ ਅਤੇ ਕਈ ਵਾਰ ਸੈਂਕੜੇ ਤੱਥਾਂ ਦੇ ਮਿਲਾਪ ਤੋਂ ਵੀ ਕਿਤੇ ਵੱਧ ਬਲਵਾਨ, ਕਿਤੇ ਵੱਧ ਜ਼ੋਰਾਵਰ ਹੁੰਦਾ ਹੈ। ਇਤਿਹਾਸਕ ਨਾਵਲ ਲਿਖਣ ਵਾਲੇ ਮਹਾਨ ਲੇਖਕ ਦਿਲਾਂ ਉੱਤੇ ਰਾਜ ਕਰਨ ਵਾਲੇ ਇਨ੍ਹਾਂ ਤੱਥਾਂ ਨੂੰ ਨਜ਼ਰ-ਅੰਦਾਜ਼ ਹੀ ਨਹੀਂ ਕਰ ਸਕਦੇ। ਪਰ ਸਾਡਾ ਇਹ ਲੇਖਕ ਓਧਰ ਵੱਲ ਨੂੰ ਫੇਰਾ ਹੀ ਨਹੀਂ ਪਾ ਸਕਿਆ। ਇਸ ਨਾਲ ਨਾਵਲ ਦਾਰਸ਼ਨਿਕ ਨੀਝ ਤੋਂ ਸੱਖਣਾ ਹੋ ਗਿਆ ਹੈ।



ਕੀ ਇਸ ਤਰ੍ਹਾਂ ਕਹਿ ਲਿਆ ਜਾਵੇ ਕਿ ਬਲਦੇਵ ਸਿੰਘ ਅਤੇ ਉਨ੍ਹਾਂ ਦੇ ਧੁਰ ਅੰਦਰਲੀ 'ਮੈਂ ਨੇ ਰਲ ਕੇ ਪਹਿਲਾਂ ਹੀ ਧਾਰ ਲਿਆ ਸੀ ਕਿ ਉਹ ਉਹੋ ਕੁਝ ਕਹਿਣਗੇ ਜੋ ਉਹ ਕਹਿਣਾ ਚਾਹੁੰਦੇ ਹਨ? ਕੀ ਲੇਖਕ ਨੇ ਆਪਣੀ ਮਨਮਰਜ਼ੀ ਕਰਨ ਲਈ ਆਪਣੀ ਮਨਭਾਉਂਦੀ ਗੱਲ ਕਹਿਣ ਵਾਸਤੇ ਪ੍ਰੋਫੈਸਰ ਕੌਤਕੀ ਨਾਂ ਦੇ ਪਾਤਰ ਦੀ ਸਿਰਜਣਾ ਕੀਤੀ ਕਿਉਂਕਿ ਇਉਂ ਕਰਨ ਨਾਲ ਉਨ੍ਹਾਂ ਲਈ ਆਪਣੇ ਆਪ ਨੂੰ ਦੋਸ਼ ਮੁਕਤ ਸਿੱਧ ਕਰਨ ਲਈ ਰਸਤੇ ਸੁਖਾਲੇ ਹੋ ਜਾਂਦੇ ਸਨ? ਕੀ ਇਸ ਲਿਹਾਜ਼ ਨਾਲ ਇਤਿਹਾਸਕ ਹਕੀਕਤਾਂ ਉਨ੍ਹਾਂ ਲਈ ਮਹਿਜ਼ ਇੱਕ ਸਾਧਨ, ਇੱਕ ਜ਼ਰੀਆ ਹੀ ਬਣ ਕੇ ਰਹਿ ਗਈਆਂ ਸਨ? ਗਹੁ ਨਾਲ ਪੜ੍ਹਦਿਆਂ ਇਨ੍ਹਾਂ ਸਵਾਲਾਂ ਵਿੱਚ ਵਜ਼ਨ ਲੱਗਦਾ ਹੈ।

ਮਿਸਾਲ ਵਜੋਂ ਇੱਕ ਅੰਗਰੇਜ਼ ਸੈਲਾਨੀ ਜਾਰਜ ਫੌਰਸਟਰ 18ਵੀਂ ਸਦੀ ਦੌਰਾਨ ਪੰਜਾਬ ਦਾ ਦੌਰਾ ਕਰਦਾ ਹੈ। ਨਾਵਲ ਦੇ ਪੰਨਾ 33-34 ਉੱਤੇ ਇਹ ਸੈਲਾਨੀ ਇੱਕ ਸਿੱਖ ਘੋੜ ਸਵਾਰ ਅੱਗੇ ਸਵਾਲ ਕਰਦਾ ਹੈ ਕਿ 'ਤੂੰ ਕਿਸ ਦਾ ਨੌਕਰ ਹੈਂ?" ਅੱਗੋਂ ਘੋੜ ਸਵਾਰ ਦਾ ਮੂੰਹ ਗੁੱਸੇ ਨਾਲ ਲਾਲ ਹੋ ਜਾਂਦਾ ਹੈ। ਉਸਦਾ ਹੱਥ ਤਲਵਾਰ ਦੇ ਮੁੱਠੇ ਵੱਲ ਚਲੇ ਜਾਂਦਾ ਹੈ ਤੇ ਦੂਜੇ ਹੱਥ ਨਾਲ ਉਸ ਦੀ ਉਂਗਲੀ ਅਸਮਾਨ ਵੱਲ ਹੁੰਦੀ ਹੈ, ਤੇ ਆਖਦਾ ਹੈ ਕਿ "ਮੈਂ ਅਕਾਲ ਪੁਰਖ ਦਾ ਨੌਕਰ ਹਾਂ ਤੇ ਉਹੀ ਮੇਰਾ ਮਾਲਕ ਹੈ।" ਭਲਾ ਇਨ੍ਹਾਂ ਸੰਖੇਪ ਜਿਹੇ ਸ਼ਬਦਾਂ ਦੇ ਡੂੰਘੇ ਅਤੇ ਬਹੁ-ਪਰਤੀ ਅਰਥ ਕੀ ਹਨ? ਕੀ ਇਹ ਸ਼ਬਦ ਕਿਸੇ ਮਹਾਨ ਵਿਚਾਰਧਾਰਕ ਤੱਥ ਵੱਲ ਇਸ਼ਾਰਾ ਨਹੀਂ ਸਕਦੇ? ਕੀ ਇਸ ਦੇ ਪਿੱਛੇ ਦਸ ਗੁਰੂ ਸਾਹਿਬਾਨ ਨਹੀਂ ਖੜ੍ਹੇ ਅਤੇ ਕੀ ਇਨ੍ਹਾਂ ਸ਼ਬਦਾਂ ਪਿੱਛੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਣ-ਦਿਸਦਾ ਪਹਿਰਾ ਨਹੀਂ ਹੈ? ਸੱਚ ਤਾਂ ਇਹ ਹੈ ਕਿ ਇਨ੍ਹਾਂ ਸ਼ਬਦਾਂ ਵਿੱਚ 250 ਸਾਲਾਂ ਦਾ ਗੁਰ-ਇਤਿਹਾਸ ਸਮਾਇਆ ਹੋਇਆ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਕਿਸੇ ਸੱਜਰੀ ਸਵੇਰ ਵਾਂਗ ਚਮਕਦੇ ਨਜ਼ਰ ਆਉਂਦੇ ਹਨ। ਪਰ ਬਲਦੇਵ ਸਿੰਘ ਆਪਣੇ ਨਾਵਲ ਵਿੱਚ ਇਹੋ ਜਿਹਾ ਕੋਈ ਪਾਤਰ ਨਹੀਂ ਸਿਰਜ ਸਕੇ, ਜਿਸ ਰਾਹੀਂ ਉਹ ਇਨ੍ਹਾਂ ਜਜ਼ਬਿਆਂ ਦੀ ਵਿਆਖਿਆ ਕਰ ਸਕਦੇ, ਜਿਨ੍ਹਾਂ ਨੇ ਉਸ ਬਿਖੜੇ ਦੌਰ ਵਿੱਚ ਪੰਜਾਬ ਦੀ ਸਰਜ਼ਮੀਨ 'ਤੇ ਮਾਰਚ ਕੀਤਾ ਅਤੇ ਜਿਸ ਨੂੰ ਡਾ. ਹਰੀ ਰਾਮ ਗੁਪਤਾ ਤੇ ਹੋਰ ਇਤਿਹਾਸਕ ਸਲਾਮ ਕਰਦੇ ਹਨ।

ਇਹ ਹੈਰਾਨੀ ਹੀ ਹੁੰਦੀ ਹੈ ਕਿ ਨਾ ਤਾਂ ਉਨ੍ਹਾਂ ਦੇ ਅੰਦਰ ਖ਼ਾਲਸੇ ਵੱਲੋਂ ਕਾਇਮ ਕੀਤੀ 'ਸਰਬੱਤ ਖ਼ਾਲਸੇ' ਦੀ ਸੰਸਥਾ ਕੋਈ ਧੂਹ ਪਾਉਂਦੀ ਹੈ ਅਤੇ ਨਾ ਹੀ ਹਰਿਮੰਦਰ ਸਾਹਿਬ ਦੇ ਰੋਲ ਦੀ ਉਨ੍ਹਾਂ ਨੂੰ ਸਮਝ ਪੈਂਦੀ ਹੈ, ਜਿਸ ਨੇ ਸਾਰੇ ਪੰਜਾਬ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਸੀ। ਅਜਿਹੇ ਮਹਾਨ ਪਾਤਰਾਂ ਦੀ ਉਹ ਸਿਰਜਣਾ ਹੀ ਨਹੀਂ ਕਰ ਸਕੇ ਜੋ ਖ਼ਾਲਸੇ ਉੱਤੇ ਬਣੀ ਭੀੜ ਵਿੱਚ ਵੀ ਅਡੋਲ ਤੇ ਦ੍ਰਿੜ ਰਹੇ। ਇਹ ਕੀ ਕਾਰਨ ਸੀ ਕਿ ਬਲਦੇਵ ਸਿੰਘ ਲਈ ਹਰਿਮੰਦਰ ਸਾਹਿਬ ਵਿੱਚ ਹੋਣ ਵਾਲੀਆਂ ਦੀਵਾਲੀਆਂ ਤੇ ਵਿਸਾਖੀਆਂ ਕੋਈ ਮਹੱਤਤਾ ਹੀ ਨਹੀਂ ਰੱਖਦੀਆਂ ਜਿੱਥੇ ਖ਼ਾਲਸੇ ਦਾ ਸ਼ਖ਼ਸੀ-ਅਮਲ ਤੇ ਸਮੂਹਿਕ-ਅਮਲ ਇੱਕ ਹੋ ਕੇ ਏਸ਼ੀਆ ਦੇ ਇਤਿਹਾਸ ਨੂੰ ਨਵੇਂ ਅਰਥ ਦੇ ਰਿਹਾ ਸੀ। ਆਖਰੀ ਕਾਂਡ ਵਿੱਚ ਜਿਵੇਂ ਉਹ ਇਹ ਦਾਅਵਾ ਕਰ ਰਹੇ ਹਨ ਕਿ ਉਹ ਆਪਣੇ ਪਾਤਰਾਂ ਨਾਲ ਗੱਲਾਂ ਕਰਦੇ ਰਹੇ ਹਨ, ਹਕੀਕਤਾਂ ਦੀ ਕਸਵੱਟੀ 'ਤੇ ਇਹ ਦਾਅਵਾ ਪੂਰਾ ਨਹੀਂ ਉੱਤਰਦਾ। ਕੀ ਗੱਲਾਂ ਕਰਦਿਆਂ ਕਿਸੇ ਵੀ ਪਾਤਰ ਨੇ ਉਨ੍ਹਾਂ ਨੂੰ ਟੋਕਣ ਜਾਂ ਸਹੀ ਮਾਰਗ 'ਤੇ ਪਾਉਣ ਦੀ ਹਿੰਮਤ ਨਹੀਂ ਕੀਤੀ? ਜਿਵੇਂ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਕਮਜ਼ੋਰੀਆਂ ਨੂੰ ਸੰਵਾਰ ਕੇ, ਸ਼ਿੰਗਾਰ ਕੇ ਪੇਸ਼ ਕਰਨ ਲੱਗਿਆਂ ਆਪਣੀ ਕਲਾ ਦੇ ਜੌਹਰ ਵਿਖਾਏ, ਉਸ ਤੋਂ ਤਾਂ ਕਈ ਵਾਰ ਇਹ ਜਾਪਿਆ ਜਿਵੇਂ ਉਹ ਚਸਕੇ ਲੈ ਰਹੇ ਹੋਣ ਜਾਂ ਗੱਲ ਨੂੰ ਕਰਾਰੀ ਜਾਂ ਮਸਾਲੇਦਾਰ ਬਣਾਉਣ ਲਈ ਉਹ ਪਾਠਕਾਂ ਲਈ ਨਵੀਂ ਕਿਸਮ ਦਾ ਮਨੋਰੰਜਨ ਪਰੋਸ ਕੇ ਦੇ ਰਹੇ ਹੋਣ।

ਕੀ ਮਹਾਰਾਜਾ ਰਣਜੀਤ ਸਿੰਘ ਤੇ ਹੋਰ ਸਿੱਖ ਨਾਇਕ ਉਹੋ ਹੀ ਸਨ ਜੋ ਲੇਖਕ ਨੂੰ ਜਾਪਦੇ ਹਨ? ਉੱਤਰੀ ਭਾਰਤ ਦੇ ਇੱਕ ਵੱਡੇ ਖਿੱਤੇ ਵਿੱਚ ਇੱਕ ਅਜਿਹਾ ਇਤਿਹਾਸ ਵਜੂਦ ਵਿੱਚ ਆ ਰਿਹਾ ਸੀ, ਜਿਸ ਦੀ ਸਿਰਜਣਾ ਕਰਨ ਵਾਲੇ ਸਿੰਘ ਆਪਣੇ ਸੀਮਤ ਜਿਹੇ ਸਾਧਨਾਂ ਅਤੇ ਟੁੱਟੇ-ਫੁੱਟੇ ਹਥਿਆਰਾਂ ਨਾਲ ਅੰਦਰਲੇ ਤੇ ਬਾਹਰਲੇ ਦੁਸ਼ਮਣਾਂ ਦਾ ਟਾਕਰਾ ਕਰ ਰਹੇ ਸਨ। ਪਿਛਲੇ ਦੋ ਹਜ਼ਾਰ ਸਾਲਾਂ ਤੋਂ ਇਸ ਧਰਤੀ ਨੇ ਕੀ ਸਿੰਘ ਇਨਕਲਾਬ ਤੋਂ ਬਿਨਾਂ ਕਿਸੇ ਹੋਰ ਇਨਕਲਾਬ ਨੂੰ ਦੇਖਿਆ ਸੀ? ਇਹ 18ਵੀਂ ਸਦੀ ਅਤੇ 19ਵੀਂ ਸਦੀ ਦੇ ਪਹਿਲੇ ਅੱਧ ਵਿੱਚ ਹੀ ਵਜੂਦ ਵਿੱਚ ਆਇਆ। ਪਰ ਬਲਦੇਵ ਸਿੰਘ ਹੁਰਾਂ ਦੀ ਅੰਤਰ-ਦ੍ਰਿਸ਼ਟੀ ਇਨ੍ਹਾਂ ਮਹਾਨ ਤੋਂ ਸੁੱਚੇ ਤੱਥਾਂ ਨੂੰ ਡੂੰਘੇ ਚਿੰਤਨ ਵਿੱਚ ਸਾਂਭ ਕਿਉਂ ਨਾ ਸਕੀ?

ਇਹ ਠੀਕ ਹੈ ਕਿ ਸਿੱਖਾਂ ਦੀ ਨਿਰਮਲ-ਮਾਨਸਿਕਤਾ ਨੇ ਮਹਾਰਾਜੇ ਦੀ ਸ਼ਖ਼ਸੀਅਤ ਵਿੱਚ ਆਏ ਭਿਆਨਕ ਵਿਗਾੜਾਂ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ, ਪਰ ਵੱਡਾ ਸਵਾਲ ਤਾਂ ਇਹ ਹੈ ਕਿ ਜੇ ਦੂਰ ਕਾਬੁਲ ਤਕ ਕੇਸਰੀ ਨਿਸ਼ਾਨ ਝੁੱਲੇ ਸਨ ਅਤੇ ਜੇ ਇਹ ਠੀਕ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਚੀਨ ਨਾਲ ਗੱਲਬਾਤ ਦੌਰਾਨ ਉਨ੍ਹਾਂ ਵੱਲੋਂ ਦੱਬੇ ਇਲਾਕਿਆਂ ਉੱਤੇ ਭਾਰਤ ਦਾ ਹੱਕ ਜਤਾਉਣ ਲਈ ਮਹਾਰਾਜਾ ਰਣਜੀਤ ਸਿੰਘ ਨਾਲ ਹੋਈਆਂ ਸੰਧੀਆਂ ਦਾ ਹਵਾਲਾ ਦਿੱਤਾ ਤਾਂ ਫਿਰ ਇਹ ਵੱਡੀਆਂ ਤੇ ਇਤਿਹਾਸਕ ਪ੍ਰਾਪਤੀਆਂ ਤਾਂ ਹੀ ਹਾਸਲ ਹੋ ਸਕੀਆਂ ਸਨ, ਕਿਉਂਕਿ ਕਮਜ਼ੋਰੀਆਂ ਦੀਆਂ ਲਹਿਰਾਂ ਦੇ ਬਾਵਜੂਦ ਖ਼ਾਲਸਾ ਜੱਦੋਜਹਿਦ ਦਾ ਕੇਂਦਰੀ ਸ਼ੁੱਧ-ਖ਼ਾਲਸ-ਨਿਰਮਲ ਸਰੂਪ ਜ਼ਿੰਦਗੀ ਦੇ ਵਰਤਾਰਿਆਂ ਵਿੱਚ ਆਰ-ਪਾਰ ਛਾਇਆ ਹੋਇਆ ਸੀ। ਬਲਦੇਵ ਸਿੰਘ ਦੀ ਵਿਸ਼ਾਲ-ਦ੍ਰਿਸ਼ਟੀ ਨੇ ਇਨ੍ਹਾਂ ਤੱਥਾਂ ਨੂੰ ਅਣਗੌਲਿਆ ਕਿਉਂ ਕਰ ਦਿੱਤਾ ਅਤੇ ਕਿਉਂ ਉਨ੍ਹਾਂ ਨੇ ਕਮਜ਼ੋਰੀਆਂ ਦਾ ਗੁੱਡਾ ਬੰਨ੍ਹਣ ਨੂੰ ਹੀ ਵਧੇਰੇ ਤਰਜੀਹ ਦਿੱਤੀ?




ਗੁਜਰਾਤ ਦੀ ਲੜਾਈ ਦਾ ਜ਼ਿਕਰ ਕਰਦਿਆਂ ਬਲਦੇਵ ਸਿੰਘ ਲਿਖਦੇ ਹਨ ਕਿ ਹਾਰ ਜਾਣ ਦੇ ਬਾਵਜੂਦ ਸਿੱਖ ਫ਼ੌਜੀ ਹਥਿਆਰ ਨਹੀਂ ਸਨ ਸੁੱਟ ਰਹੇ। ਪਰ ਜਦੋਂ ਉਨ੍ਹਾਂ ਨੇ ਹਥਿਆਰ ਸੁੱਟੇ ਤਾਂ ਕੁਝ ਰੋਂਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ: "ਅੱਜ ਰਣਜੀਤ ਸਿੰਘ ਮਰਿਆ ਹੈ।" ਆਖਰੀ ਕਾਂਡ ਵਿੱਚ ਪ੍ਰੋ. ਕੌਤਕੀ ਵੀ ਇੱਕ ਨਿਵੇਕਲੇ ਅੰਦਾਜ਼ ਵਿੱਚ ਇਨ੍ਹਾਂ ਸ਼ਬਦਾਂ ਨੂੰ ਨਵੇਂ ਅਰਥ ਦੇ ਰਿਹਾ ਹੈ। ਜੇ ਦਿਲ-ਦਿਮਾਗ਼ ਉੱਤੇ ਰਤਾ ਵੀ ਬੋਝ ਪਾਇਆ ਜਾਏ ਤਾਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਲੇਖਕ ਦੇ ਆਪਣੇ ਕਹਿਣ ਮੁਤਾਬਕ ਕਿ ਇੱਕ-ਦੋ ਰੁਪਏ ਮਹੀਨਾ ਤਨਖਾਹ ਲੈਣ ਵਾਲਿਆਂ ਵਿੱਚ ਵੀ ਰਣਜੀਤ ਸਿੰਘ ਦੇ ਮਰਨ ਦੇ ਕੀ ਅਰਥ ਸਨ? ਉਹ ਜਿਵੇਂ ਕਹਿ ਰਹੇ ਹੋਣ ਕਿ ਰਣਜੀਤ ਸਿੰਘ ਬਿਨਾਂ ਜੀਵਨ ਕਾਹਦਾ? ਇੱਥੇ ਸਪੇਨ ਦੇ ਮਹਾਨ ਚਿੱਤਰਕਾਰ ਸਲਵਾਡੋਰ ਡਾਲੀ ਦਾ ਜ਼ਿਕਰ ਕਰਨਾ ਬਣਦਾ ਹੈ ਜੋ ਸੁੱਚੇ ਮਾਣ ਵਿੱਚ ਕਿਹਾ ਕਰਦਾ ਸੀ ਕਿ "ਡਾਲੀ ਤੋਂ ਬਿਨਾਂ ਸਪੇਨ ਕਿਸ ਕੰਮ ਦਾ ਹੈ?" ਸਿੱਖ ਮਾਨਸਿਕਤਾ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਕੁਝ ਇਸ ਤਰ੍ਹਾਂ ਹੀ, ਅਤੇ ਅਜੇ ਤਕ ਵੀ ਆਪਣੀਆਂ ਯਾਦਾਂ ਵਿੱਚ ਸੰਭਾਲਿਆ ਹੋਇਆ ਹੈ। ਪਰ ਬਲਦੇਵ ਸਿੰਘ ਇਹੋ ਜਿਹੇ ਤੱਥਾਂ ਦੀ ਵਿਆਖਿਆ ਤੇ ਵਿਸ਼ਲੇਸ਼ਣ ਆਪਣੇ ਪਾਤਰਾਂ ਵਿੱਚ ਕਿਉਂ ਨਹੀਂ ਭਰ ਸਕੇ?

ਮਹਾਰਾਜਾ ਰਣਜੀਤ ਸਿੰਘ ਨੂੰ ਇਹ ਕਿੰਨੀ ਵੱਡੀ ਸ਼ਰਧਾਂਜਲੀ ਹੈ, ਜਦੋਂ ਇਸਲਾਮ ਦਾ ਢਾਡੀ ਅਤੇ ਮਹੀਨ ਜਜ਼ਬਿਆਂ ਦਾ ਸ਼ਾਇਰ ਡਾਕਟਰ ਇਕਬਾਲ ਕਹਿੰਦਾ ਹੈ ਕਿ ਪੰਜਾਬ ਵਿੱਚ ਖ਼ਾਲਸੇ ਨੇ ਮੁਸਲਮਾਨ ਕੋਲੋਂ ਸ਼ਮਸ਼ੀਰ ਅਤੇ ਕੁਰਾਨ ਦੋਵੇਂ ਹੀ ਖੋਹ ਲਏ ਸਨ। ਇਸ ਕਥਨ ਦੇ ਡੂੰਘੇ ਅਰਥ ਇਹੋ ਕਹਿੰਦੇ ਹਨ ਕਿ ਖ਼ਾਲਸਾ ਉਨ੍ਹਾਂ ਦਿਨਾਂ ਵਿੱਚ ਪਵਿੱਤਰ ਕੁਰਾਨ ਦੀ ਰੂਹਾਨੀਅਤ ਦਾ ਵਾਰਸ ਬਣ ਗਿਆ ਸੀ। ਕੀ ਇਹੋ ਜਿਹੇ ਕਥਨ ਸੈਂਕੜੇ ਪਾਤਰਾਂ ਨੂੰ ਸਿਰਜਣ ਵਾਲੀ ਕਲਾ ਤੇ ਕਲਾਕਾਰਾਂ ਨੂੰ ਆਵਾਜ਼ਾਂ ਨਹੀਂ ਮਾਰਦੇ?

ਮੈਂ ਸੁਰਜੀਤ ਪਾਤਰ ਦੀ ਇਸ ਧਾਰਨਾ ਨਾਲ ਸਹਿਮਤ ਹਾਂ ਕਿ ਬਲਦੇਵ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਜ਼ਮਤ ਨੂੰ ਮਹਿਸੂਸ ਕੀਤਾ ਹੈ, ਪਰ ਇਸ ਕਥਨ ਨਾਲ ਸਹਿਮਤ ਨਹੀਂ ਕਿ ਉਸ ਨੇ ਮਹਿਸੂਸ ਕਰਵਾਇਆ ਵੀ ਹੈ। ਮਹਿਸੂਸ ਕਰਵਾਉਣ ਲਈ ਤੁਹਾਨੂੰ ਇਤਿਹਾਸ ਤੇ ਕਲਾ ਦੇ ਉੱਚੇ-ਸੁੱਚੇ ਅਭਿਆਸ ਦੇ ਵਿੰਗ-ਤੜਿੰਗੇ ਰਾਹਾਂ ਵਿੱਚੋਂ ਲੰਘਣਾ ਹੁੰਦਾ ਹੈ। ਸਿਰਫ਼ ਇੱਕ ਥਾਂ 'ਤੇ ਉਨ੍ਹਾਂ ਦੀ ਕਲਾ ਇੱਕ ਉੱਚਤਮ ਸਰੂਪ ਵਿੱਚ ਜ਼ਾਹਿਰ ਹੁੰਦੀ ਹੈ ਜਦੋਂ ਰਣਜੀਤ ਸਿੰਘ ਹਿਰਨ ਦਾ ਸ਼ਿਕਾਰ ਕਰਦਿਆਂ ਰਾਹ ਭੁੱਲ ਜਾਂਦੇ ਹਨ ਤੇ ਦੁਸ਼ਮਣ ਹਸ਼ਮਤ ਚੱਠਾ ਦੇ ਇਲਾਕੇ ਵਿੱਚ ਆ ਜਾਂਦੇ ਹਨ। 78-79-80-81 ਪੰਨੇ 'ਤੇ ਆਹਮੋ-ਸਾਹਮਣੇ ਹੋਈ ਟੱਕਰ ਤੇ ਗੱਲਬਾਤ ਵਿੱਚ ਸਿੱਖ ਸਿਧਾਂਤ, ਬਹਾਦਰੀ, ਹਾਜ਼ਰ ਜਵਾਬੀ, ਖੁੱਲ੍ਹਦਿਲੀ, ਨਿਰਭਉ ਤੇ ਨਿਰਵੈਰਤਾ ਦੇ ਗੁਣ ਪੂਰੇ ਜਲੌਅ ਵਿੱਚ ਪ੍ਰਗਟ ਹੁੰਦੇ ਹਨ। ਇੱਥੇ ਸਿੰਘ-ਆਦਰਸ਼ ਦਾ ਚਮਤਕਾਰ ਪ੍ਰਤੱਖ ਜ਼ਾਹਿਰ ਹੁੰਦਾ ਹੈ, ਪਰ ਛੇਤੀ ਹੀ ਲੇਖਕ ਅੰਦਰ ਕਮਜ਼ੋਰੀਆਂ ਦੱਸਣ ਲਈ ਉਲਾਰ ਹੋਣ ਦਾ ਸ਼ੌਕ ਜਾਗ ਉੱਠਦਾ ਹੈ। 21ਵੇਂ ਕਾਂਡ ਵਿੱਚ ਲੇਖਕ ਮੋਰਾਂ ਪ੍ਰਤੀ ਮਹਾਰਾਜਾ ਰਣਜੀਤ ਸਿੰਘ ਦੀ ਖਿੱਚ ਦੇ ਦ੍ਰਿਸ਼ ਵਿੱਚ ਪਾਠਕਾਂ ਨੂੰ ਚਸਕੇ ਦਾ ਰਸ ਪਿਆ ਰਿਹਾ ਹੈ ਤੇ ਪੀ ਵੀ ਰਿਹਾ ਹੈ। ਇੱਥੇ ਕਿਸੇ ਦੀ ਕਮਜ਼ੋਰੀ ਲੇਖਕ ਦੀ ਕਮਜ਼ੋਰੀ ਵੀ ਬਣ ਗਈ ਹੈ।

ਸੋਸ਼ਲ ਮੀਡੀਆ ਤੇ ਬਲਦੇਵ ਸਿੰਘ ਖ਼ਾਸ ਕਰਕੇ ਉਨ੍ਹਾਂ ਦੇ ਪਰਿਵਾਰ ਬਾਰੇ ਵਰਤੀ ਘਟੀਆ ਸ਼ਬਦਾਵਲੀ ਇਹ ਦੱਸਦੀ ਹੈ ਕਿ ਕੁਝ ਲੋਕਾਂ ਕੋਲ ਕੇਵਲ ਡਾਂਗ ਦੀ ਹੀ ਦਲੀਲ ਹੈ। ਇਹੋ ਜਿਹੀ ਪਹੁੰਚ ਦੀ ਜਿੰਨੀ ਨਿੰਦਾ ਕੀਤੀ ਜਾਏ, ਥੋੜ੍ਹੀ ਹੈ। ਪਰ ਇਸ ਦੇ ਬਾਵਜੂਦ ਨਾਵਲ ਦੀ ਆਲੋਚਨਾ ਦੇ ਸਬੰਧ ਵਿੱਚ ਸੋਸ਼ਲ ਮੀਡੀਆ 'ਤੇ ਪਈਆਂ ਕੁਝ ਪੋਸਟਾਂ ਇਹ ਸੰਕੇਤ ਵੀ ਦਿੰਦੀਆਂ ਹਨ ਕਿ ਖੱਬੇ-ਪੱਖੀ ਆਲੋਚਕਾਂ ਤੇ ਆਲੋਚਨਾ ਦੇ ਮੁਕਾਬਲੇ ਇੱਕ ਸਾਮਾਨੰਤਰ ਆਲੋਚਨਾ ਵੀ ਉੱਭਰ ਰਹੀ ਹੈ। ਆਲੋਚਨਾ ਦੇ ਖੇਤਰ ਵਿੱਚ ਇੱਕ ਧਿਰ ਦੀ ਅਜਾਰੇਦਾਰੀ ਦਾ ਦੌਰ, ਮਿਆਰ ਤੇ ਗਰਾਫ ਹੇਠਾਂ ਵੱਲ ਜਾ ਰਿਹਾ ਹੈ ਅਤੇ ਨਵੇਂ-ਨਵੇਂ ਰੁਝਾਨ ਅਤੇ ਇਨ੍ਹਾਂ ਰੁਝਾਨਾਂ ਨਾਲ ਜੁੜੇ ਨੌਜਵਾਨ ਆਪਣੇ ਪੈਰ ਪਸਾਰ ਰਹੇ ਹਨ।

ਇਹੋ ਜਿਹੀ ਆਲੋਚਨਾ ਵਿੱਚ ਦਾਨਾ-ਬੀਨਾ ਬਿਰਤੀ ਵੇਖਣ ਵਿੱਚ ਆ ਰਹੀ ਹੈ ਅਤੇ ਇਸ ਦਾ ਸਵਾਗਤ ਕਰਨਾ ਬਣਦਾ ਹੈ। ਦੂਜੇ ਪਾਸੇ ਕੁਝ ਜਥੇਬੰਦੀਆਂ, ਸੰਸਥਾਵਾਂ ਤੇ ਵਿਅਕਤੀਆਂ ਵੱਲੋਂ ਨਾਵਲ ਦੇ ਹੱਕ ਵਿੱਚ ਛਪੀਆਂ ਖ਼ਬਰਾਂ ਤੇ ਉਨ੍ਹਾਂ ਖ਼ਬਰਾਂ ਦੀ ਸ਼ਬਦਾਵਲੀ ਲਿਖਣ-ਬੋਲਣ ਦੀ ਆਜ਼ਾਦੀ ਦੀ ਖੁੱਲ੍ਹ ਦੇ ਨਾਂ ਹੇਠਾਂ ਹੋਰ ਬਹੁਤ ਸਾਰੀਆਂ ਖੁੱਲ੍ਹਾਂ ਵੀ ਲੈਣਾ ਚਾਹੁੰਦੀ ਹੈ, ਜਿਨ੍ਹਾਂ ਦਾ ਬਣਦਾ ਵਿਰੋਧ ਕਰਨਾ ਸੁਭਾਵਿਕ ਹੀ ਹੈ।

# ਉਤਰਾਖੰਡ ਦੇ ਮੁੱਖ ਮੰਤਰੀ ਨੇ ਗੁਰਦੁਆਰਾ ਗਿਆਨ ਗੋਦੜੀ ਮਾਮਲਾ ਹੱਲ ਕਰਨ ਲਈ ਬਣਾਈ ਕਮੇਟੀ

**ਜਲੰਧਰ/ਬਿਊਰੋ ਨਿਊਜ਼ :**

ਕਈ ਦਹਾਕੇ ਪਹਿਲਾਂ ਢਾਹੇ ਗਏ ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਦੇ ਮਾਮਲੇ ਨੂੰ ਹੱਲ ਕਰਨ ਲਈ ਉਤਰਾਖੰਡ ਦੇ ਮੁੱਖ ਮੰਤਰੀ ਤਰਵਿੰਦਰ ਸਿੰਘ ਨੇ ਆਪਣੇ ਇੱਕ ਮੰਤਰੀ ਦੀ ਅਗਵਾਈ ਹੇਠ 14 ਮੈਂਬਰੀ ਕਮੇਟੀ ਬਣਾਈ ਹੈ। ਉਤਰਾਖੰਡ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਹਰਿ ਕੀ ਪਉੜੀ ਤੇ ਗਿਆਨ ਗੋਦੜੀ ਬਾਰੇ ਸਥਾਨਕ ਸਮਾਜ ਵਿਚ ਪੈਦਾ ਹੋਏ ਵਿਵਾਦ ਨੂੰ ਹੱਲ ਕਰਨ ਲਈ 17 ਅਗਸਤ ਨੂੰ ਕਮੇਟੀ ਬਣਾਈ ਗਈ। ਇਸ ਕਮੇਟੀ ਦੇ ਮੁਖੀ ਉਤਰਾਖੰਡ ਦੇ ਮੰਤਰੀ ਸ੍ਰੀ ਮਦਨ ਕੌਸ਼ਿਕ ਹੋਣਗੇ। ਇਸ ਕਮੇਟੀ ਦੇ ਬਾਕੀ ਮੈਂਬਰਾਂ ਵਿੱਚ ਕਾਸ਼ੀ ਦੇ ਵਿਧਾਇਕ ਹਰਭਜਨ ਸਿੰਘ ਚੀਮਾ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਰਜਿੰਦਰ ਪੰਕਜ, ਨਿਰਮਲਾ ਪੰਚਾਇਤੀ ਅਖਾੜਾ ਹਰਿਦੁਆਰ ਦੇ ਮੁਖੀ ਸ੍ਰੀਮਹੰਤ ਗਿਆਨ ਦੇਵ ਸਿੰਘ, ਰਾਸ਼ਟਰੀ ਸਿੱਖ ਸੰਗਤ ਦੇ ਕੌਮੀ ਪ੍ਰਧਾਨ ਗੁਰਚਰਨ ਸਿੰਘ ਗਿੱਲ, ਗੁਰਦੁਆਰਾ ਨਾਨਕ ਮੱਤਾ ਸਾਹਿਬ ਦੇ ਬਾਬਾ ਤਰਸੇਮ ਸਿੰਘ, ਰਾਸ਼ਟਰੀ ਸਿੱਖ ਸੰਗਤ ਦੇ ਸੂਬਾ ਜਨਰਲ ਸਕੱਤਰ ਸੁਰਿੰਦਰ ਸਿੰਘ ਨਾਮਧਾਰੀ, ਪ੍ਰਧਾਨ ਗੁਰਦੁਆਰਾ ਗਿਆਨ ਗੋਦੜੀ, ਜਗਬੀਰ ਸਿੰਘ ਸ਼ਾਸਤਰੀ, ਸਤਪਾਲ ਸਿੰਘ ਚੌਹਾਨ, ਹਰਿਦੁਆਰ ਦੇ ਮੇਅਰ, ਜ਼ਿਲ੍ਹਾ ਅਧਿਕਾਰੀ, ਸੀਨੀਅਰ ਪੁਲੀਸ ਅਧਿਕਾਰੀ ਅਤੇ ਗੰਗਾ ਸਭਾ ਹਰਿ ਕੀ ਪਉੜੀ ਹਰਿਦੁਆਰ ਦੇ ਪ੍ਰਧਾਨ ਸ਼ਾਮਲ ਹਨ। ਮੁੱਖ ਸਕੱਤਰ ਐਮ. ਰਾਮਾ ਸਵਾਮੀ ਦੇ ਦਸਤਖਤਾਂ ਹੇਠ ਜਾਰੀ ਇਸ ਹੁਕਮ ਵਿੱਚ ਕਿਹਾ ਗਿਆ ਹੈ ਕਿ ਇਹ ਕਮੇਟੀ ਗਿਆਨ ਗੋਦੜੀ ਸਮਾਜ, ਹਰਿ ਕੀ ਪਉੜੀ, ਗੰਗਾ ਸਭਾ ਅਤੇ ਹੋਰ ਸਬੰਧਤ ਵਿਅਕਤੀਆਂ ਅਤੇ ਸੰਗਠਨਾਂ ਨਾਲ ਵਿਚਾਰ-ਵਟਾਂਦਰਾ ਕਰੇਗੀ ਤੇ ਇਸ ਸਮੱਸਿਆ ਦੇ ਸਥਾਈ ਹੱਲ ਲਈ ਜ਼ਰੂਰੀ ਕਾਰਵਾਈ ਕਰੇਗੀ।

# ਅਕਾਲੀਆਂ ਤੇ ਕਾਂਗਰਸੀਆਂ ਨੇ ਮਨਾਈ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ

## ਅਮਨ-ਸ਼ਾਂਤੀ ਭੰਗ ਕਰਨ ਵਾਲੀਆਂ ਤਾਕਤਾਂ ਨੇ ਸੰਤ ਲੌਂਗੋਵਾਲ ਨੂੰ ਸ਼ਹੀਦ ਕੀਤਾ : ਕਾਂਗਰਸ




ਸੰਤ ਲੌਂਗੋਵਾਲ ਦੇ ਬਰਸੀ ਸਮਾਗਮ ਵਿੱਚ ਮੌਜੂਦ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਵਿਧਾਇਕ ਵਿਜੈਇੰਦਰ ਸਿੰਗਲਾ, ਦਲਵੀਰ ਸਿੰਘ ਗੋਲਡੀ ਤੇ ਹੋਰ।

**ਸੰਗਰੂਰ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 32ਵੀਂ ਬਰਸੀ ਮੌਕੇ ਸੂਬਾ ਪੱਧਰੀ ਸਮਾਗਮ ਇੱਥੋਂ ਦੀ ਅਨਾਜ ਮੰਡੀ ਵਿੱਚ ਕਰਾਇਆ ਗਿਆ। ਇਸ ਸਮਾਗਮ ਵਿੱਚ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਤੋਂ ਇਲਾਵਾ ਵਿਧਾਇਕ ਵਿਜੈਇੰਦਰ ਸਿੰਗਲਾ ਅਤੇ ਦਲਵੀਰ ਸਿੰਘ ਗੋਲਡੀ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿੱਚ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਵੀ ਪੁੱਜਣਾ ਸੀ ਪਰ ਉਹ ਸਮਾਗਮ ਵਿੱਚ ਹਾਜ਼ਰ ਨਹੀਂ ਹੋਏ। ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਉਸ ਸਮੇਂ ਪੰਜਾਬ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਆਪਣੀ ਸ਼ਹਾਦਤ ਦਿੱਤੀ, ਜਦੋਂ ਸੂਬਾ ਖ਼ੂਨ ਦੀ ਲੜਾਈ ਲੜ ਰਿਹਾ ਸੀ। ਸੰਤ ਲੌਂਗੋਵਾਲ ਨੇ ਰਾਜੀਵ-ਲੌਂਗੋਵਾਲ ਸਮਝੌਤਾ ਕਰ ਕੇ ਪੰਜਾਬ ਅਤੇ ਪੰਜਾਬੀਅਤ ਦੀ ਬਹਾਲੀ ਲਈ ਅਹਿਮ ਯੋਗਦਾਨ ਪਾਇਆ, ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਸੰਤ ਲੌਂਗੋਵਾਲ ਦੇ ਜੀਵਨ ਦਾ ਮਕਸਦ ਪੰਜਾਬ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣਾ ਸੀ ਪਰ ਉਸ ਸਮੇਂ ਅਮਨ-ਸ਼ਾਂਤੀ ਨੂੰ ਭੰਗ ਕਰਨ ਵਾਲੀਆਂ ਤਾਕਤਾਂ ਨੇ ਸੰਤ ਲੌਂਗੋਵਾਲ ਨੂੰ ਸ਼ਹੀਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਲੌਂਗੋਵਾਲ ਦੇ ਸਰਬਪੱਖੀ ਵਿਕਾਸ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਸਬੇ ਦੀ ਸਥਿਤੀ ਤੋਂ ਜਾਣੂ ਕਰਵਾਇਆ ਜਾਵੇਗਾ।

ਇਸ ਮਗਰੋਂ ਸ੍ਰੀ ਧਰਮਸੋਤ ਨੇ ਕਿਹਾ ਕਿ ਮਾਲੇਰਕੋਟਲਾ ਵਿੱਚ ਕੁਰਾਨ ਸ਼ਰੀਫ ਦੀ ਬੇਅਦਬੀ ਕਰਨ ਵਾਲੇ ਅਨਸਰਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਵਜ਼ੀਫ਼ੇ ਵਿੱਚ ਹੋਏ 700 ਕਰੋੜ ਦੇ ਘਪਲੇ ਨੂੰ ਛੇਤੀ ਉਜਾਗਰ ਕੀਤਾ ਜਾਵੇਗਾ, ਜਿਸ ਦੀ ਜਾਂਚ ਆਖ਼ਰੀ ਪੜਾਅ 'ਤੇ ਹੈ। ਇਸ ਮੌਕੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਰਾਜਿੰਦਰ ਸਿੰਘ ਰਾਜਾ, ਪੰਜਾਬ ਯੂਥ ਕਾਂਗਰਸ ਦੇ ਮੀਤ ਪ੍ਰਧਾਨ ਦਮਨ ਬਿੰਦ ਬਾਜਵਾ ਤੇ ਸਾਬਕਾ ਮੰਤਰੀ ਸੁਰਿੰਦਰ ਸਿੰਘ ਧੂਰੀ ਨੇ ਵੀ ਸ਼ਰਧਾਂਜਲੀ ਭੇਟ ਕੀਤੀ।

## ਕਾਂਗਰਸ ਨੇ ਸੰਤ ਲੌਂਗੋਵਾਲ ਨਾਲ ਧੋਖਾ ਕੀਤਾ : ਸੁਖਬੀਰ ਬਾਦਲ



ਸੰਤ ਲੌਂਗੋਵਾਲ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਸੁਖਬੀਰ ਸਿੰਘ ਬਾਦਲ।

**ਸੰਗਰੂਰ/ਬਿਊਰੋ ਨਿਊਜ਼ :**

ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਵੱਖਰਾ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਅਕਾਲੀ ਲੀਡਰਸ਼ਿਪ ਨੇ ਇਸ ਸਮਾਗਮ ਦੌਰਾਨ ਜਿੱਥੇ ਆਪਣੇ ਇੱਕ ਦਹਾਕੇ ਦੇ ਕਾਰਜਕਾਲ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ, ਉੱਥੇ ਪੰਜਾਬ ਦੀ ਕੈਪਟਨ ਸਰਕਾਰ ਨੂੰ ਨਿਕੰਮੀ ਸਰਕਾਰ ਗਰਦਾਨਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਪੰਜਾਬ ਭਾਜਪਾ ਦੇ ਪ੍ਰਧਾਨ ਤੇ ਕੇਂਦਰੀ ਮੰਤਰੀ ਵਿਜੇ ਸਾਂਪਲਾ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ। ਲੌਂਗੋਵਾਲ ਦੇ ਭਾਈ ਦਿਆਲਾ ਜੀ ਪਬਲਿਕ ਸਕੂਲ ਵਿੱਚ ਕਰਵਾਏ ਸਮਾਗਮ ਦੌਰਾਨ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵਿਜੇ ਸਾਂਪਲਾ ਨੇ ਕਿਹਾ ਕਿ ਸੰਤ ਲੌਂਗੋਵਾਲ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਆਪਣੀ ਸ਼ਹਾਦਤ ਦਿੱਤੀ। ਸੰਤ ਲੌਂਗੋਵਾਲ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਹੀ ਅਕਾਲੀ-ਭਾਜਪਾ ਦੀ ਸਾਂਝ ਮਜ਼ਬੂਤ ਹੈ। ਕੈਪਟਨ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਕੈਪਟਨ ਸਰਕਾਰ ਕਿਸਾਨਾਂ ਤੋਂ ਬੇਮੁੱਖ ਹੋ ਗਈ ਹੈ ਅਤੇ ਕਰਜ਼ਾ ਮੁਆਫ਼ੀ ਤੋਂ ਮੁੱਕਰ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਗਲੇ ਪੰਜ ਸਾਲਾਂ ਦੌਰਾਨ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਹਰ ਨਗਰ ਕੌਂਸਲ ਨੂੰ 21-21 ਕਰੋੜ ਰੁਪਏ ਤੇ ਹਰ ਪਿੰਡ ਨੂੰ 80-80 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੰਤ ਲੌਂਗੋਵਾਲ ਨੂੰ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਅਕਾਲੀ ਦਲ ਹੋਰ ਤਕੜਾ ਹੋਵੇ। ਕਾਂਗਰਸ ਸਰਕਾਰ ਦੀ ਆਲੋਚਨਾ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸ ਨੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਕੇ ਸਰਕਾਰ ਬਣਾ ਲਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪਹਿਲਾਂ ਸੰਤ ਲੌਂਗੋਵਾਲ ਨਾਲ ਧੋਖਾ ਕੀਤਾ ਤੇ ਹੁਣ ਕਿਸਾਨਾਂ ਅਤੇ ਨੌਜਵਾਨਾਂ ਨਾਲ ਝੂਠੇ ਵਾਅਦੇ ਕਰ ਕੇ ਉਨ੍ਹਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਅਕਾਲੀ ਵਰਕਰਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ, "ਜੇਕਰ ਕਿਸੇ ਵਰਕਰ 'ਤੇ ਕੋਈ ਜ਼ੁਲਮ ਹੋਵੇ ਤਾਂ ਥਾਣੇ ਦਾ ਘਿਰਾਓ ਕਰਕੇ ਬੈਠ ਜਾਓ 'ਤੇ ਮੈਨੂੰ ਫੋਨ ਕਰ ਦਿਓ।"

ਇਸ ਮੌਕੇ ਭਾਈ ਗੋਬਿੰਦ ਸਿੰਘ ਲੌਂਗੋਵਾਲ, ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ, ਸਾਬਕਾ ਸੰਸਦੀ ਸਕੱਤਰ ਬਲਵੀਰ ਸਿੰਘ ਘੁੰਨਸ, ਪ੍ਰਕਾਸ਼ ਚੰਦ ਗਰਗ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ।

### ਅਰਦਾਸ 'ਚ ਸ਼ਾਮਲ ਹੀ ਨਾ ਹੋਏ ਅਕਾਲੀ ਆਗੂ :

ਸ਼੍ਰੋਮਣੀ ਅਕਾਲੀ ਦਲ ਵੱਲੋਂ ਕਰਵਾਏ ਸ਼ਰਧਾਂਜਲੀ ਸਮਾਗਮ ਦੌਰਾਨ ਪੰਡਾਲ ਵਿੱਚ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਕੀਤਾ ਹੋਇਆ ਸੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਦੋਂ ਅਖ਼ੀਰ ਵਿੱਚ ਆਪਣਾ ਭਾਸ਼ਣ ਖ਼ਤਮ ਕੀਤਾ ਤਾਂ ਗ੍ਰੰਥੀ ਸਿੰਘ ਵੱਲੋਂ ਅਰਦਾਸ ਹੋਣ ਦਾ ਐਲਾਨ ਕੀਤਾ ਗਿਆ, ਪਰ ਅਕਾਲੀ ਲੀਡਰਸ਼ਿਪ ਅਰਦਾਸ ਹੋਣ ਤੋਂ ਪਹਿਲਾਂ ਹੀ ਖਾਣਾ ਖਾਣ ਚਲੀ ਗਈ।

## ਲੌਂਗੋਵਾਲ ਦਾ ਵਿਕਾਸ ਐਲਾਨ ਬਰਸੀ ਸਮਾਗਮਾਂ ਤੱਕ ਸੀਮਤ

**ਸੰਗਰੂਰ/ਬਿਊਰੋ ਨਿਊਜ਼ :**

ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰ ਸਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮਨਾਈ ਜਾਂਦੀ ਹੈ ਤੇ ਇੱਕ ਦਹਾਕੇ ਬਾਅਦ ਸੱਤਾ 'ਤੇ ਕਾਬਜ਼ ਹੋਈ ਕਾਂਗਰਸ ਸਰਕਾਰ ਵੱਲੋਂ ਵੀ ਅਨਾਜ ਮੰਡੀ ਲੌਂਗੋਵਾਲ ਵਿੱਚ ਸੂਬਾ ਪੱਧਰੀ ਸਮਾਗਮ ਕਰਵਾ ਕੇ ਸੰਤ ਲੌਂਗੋਵਾਲ ਦੀ ਬਰਸੀ ਮਨਾਈ ਜਾ ਰਹੀ ਹੈ। ਦੋਵੇਂ ਰਵਾਇਤੀ ਪਾਰਟੀਆਂ ਵੱਲੋਂ ਲੌਂਗੋਵਾਲ ਦੇ ਵਿਕਾਸ ਲਈ ਹਰ ਵਾਰ ਵੱਡੇ ਵੱਡੇ ਵਾਅਦੇ ਕੀਤੇ ਜਾਂਦੇ ਹਨ, ਇਸ ਦੇ ਬਾਵਜੂਦ ਇਹ ਕਸਬਾ ਲੋੜੀਂਦੀਆਂ ਸਹੂਲਤਾਂ ਤੋਂ ਵਾਂਝਾ ਹੈ।

ਤਤਕਾਲੀ ਅਕਾਲੀ ਸਰਕਾਰ ਵੇਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਲੌਂਗੋਵਾਲ ਵਿੱਚ ਸ਼ਹੀਦ ਭਾਈ ਮਨੀ ਸਿੰਘ ਦੀ ਯਾਦ ਵਿੱਚ ਲੜਕੀਆਂ ਦਾ ਕਾਲਜ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਾਲਜ ਦਾ ਨੀਂਹ ਪੱਥਰ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ 6 ਦਸੰਬਰ 2011 ਨੂੰ ਰੱਖਿਆ ਗਿਆ ਸੀ ਪਰ ਪਿਛਲੇ ਛੇ ਸਾਲਾਂ ਤੋਂ ਇਹ ਨੀਂਹ ਪੱਥਰ ਚਿੱਟਾ ਹਾਥੀ ਬਣਿਆ ਹੋਇਆ ਹੈ। ਇਹ ਕਸਬਾ ਬੱਸ ਸਟੈਂਡ ਦੀ ਸਹੂਲਤ ਤੋਂ ਵੀ ਵਾਂਝਾ ਹੈ। ਪਿਛਲਾ ਇੱਕ ਦਹਾਕਾ ਸੱਤਾ 'ਤੇ ਕਾਬਜ਼ ਰਹੀ ਅਕਾਲੀ-ਭਾਜਪਾ ਸਰਕਾਰ ਵੱਲੋਂ ਹਰ ਸਾਲ ਬੱਸ ਸਟੈਂਡ ਬਣਾਉਣ ਦਾ ਰਾਗ ਅਲਾਪਿਆ ਜਾਂਦਾ ਰਿਹਾ ਹੈ ਪਰ ਅਜੇ ਤੱਕ ਲੌਂਗੋਵਾਲ ਨੂੰ ਬੱਸ ਸਟੈਂਡ ਨਸੀਬ ਨਹੀਂ ਹੋਇਆ। ਲੌਂਗੋਵਾਲ ਵਿੱਚ 30 ਬਿਸਤਰਿਆਂ ਦਾ ਹਸਪਤਾਲ ਐਮਰਜੈਂਸੀ ਸੇਵਾਵਾਂ ਦੇਣ ਦੇ ਸਮਰੱਥ ਨਹੀਂ ਹੈ। ਇਸ ਕਸਬੇ ਵਿੱਚ ਸੀਵਰੇਜ ਪਾਇਆ ਜਾ ਚੁੱਕਿਆ ਹੈ ਪਰ ਇਹ ਸਹੀ ਤਰ੍ਹਾਂ ਚਾਲੂ ਨਹੀਂ ਹੋ ਸਕਿਆ। ਕਸਬੇ ਨੂੰ ਅਜੇ ਤੱਕ ਸਟੇਡੀਅਮ ਵੀ ਨਸੀਬ ਨਹੀਂ ਹੋਇਆ। ਪਟਵਾਰਖਾਨੇ ਦੀ ਨਵੀਂ ਇਮਾਰਤ ਬਣ ਚੁੱਕੀ ਹੈ ਪਰ ਅਜੇ ਵੀ ਦਫ਼ਤਰ ਪੁਰਾਣੀ ਅਤੇ ਡੂੰਘੀ ਇਮਾਰਤ ਵਿੱਚ ਚੱਲ ਰਿਹਾ ਹੈ। ਲੌਂਗੋਵਾਲ ਵਿੱਚ ਸੁਨਾਮ ਰੋਡ 'ਤੇ ਬਣੇ ਡਰੇਨ ਦੇ ਪੁਲ ਦੀ ਹਾਲਤ ਵੀ ਠੀਕ ਨਹੀਂ ਹੈ। ਕਈ ਮਹੀਨਿਆਂ ਤੋਂ ਟੁੱਟੀ ਰੇਲਿੰਗ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਬਰਸੀ ਦੇ ਮੱਦੇਨਜ਼ਰ ਡਰੇਨ ਪੁਲ ਅਤੇ ਮੰਡੀ ਦੀਆਂ ਟੁੱਟੀਆਂ ਸੜਕਾਂ ਨੂੰ 'ਟਾਕੀਆਂ' ਲਾ ਕੇ ਡੰਗ ਸਾਰਿਆ ਗਿਆ ਹੈ। ਲੜਕਿਆਂ ਦੇ ਸਕੂਲ ਵਿੱਚ ਪ੍ਰਿੰਸੀਪਲ ਸਮੇਤ ਦਰਜਨਾਂ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਲੌਂਗੋਵਾਲ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਸੰਤ ਲੌਂਗੋਵਾਲ ਨੂੰ ਸੱਚੀ ਸ਼ਰਧਾਂਜਲੀ ਦੇਣੀ ਚਾਹੁੰਦੀ ਹੈ ਤਾਂ ਕਸਬੇ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਾਈਆਂ ਜਾਣ।

# ਸਿਟੀ ਸੈਂਟਰ ਘੁਟਾਲਾ : ਕਲੀਨ ਚਿੱਟ ਦੇ ਬਾਵਜੂਦ ਨਹੀਂ ਘਟੀਆਂ ਕੈਪਟਨ ਦੀਆਂ ਮੁਸ਼ਕਲਾਂ

## ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮੰਗੀ ਐਫਆਈਆਰ ਤੇ ਚਲਾਨ ਦੀ ਕਾਪੀ

**ਲੁਧਿਆਣਾ/ਬਿਊਰੋ ਨਿਊਜ਼ :**

ਲੁਧਿਆਣਾ ਦੇ ਬਹੁਕਰੋੜੀ ਸਿਟੀ ਸੈਂਟਰ ਘੁਟਾਲਾ ਮਾਮਲੇ ਵਿੱਚ ਵਿਜੀਲੈਂਸ ਨੇ ਭਾਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਲੀਨ ਚਿੱਟ ਦਿੱਤੀ ਹੈ ਪਰ ਇਸ ਮਾਮਲੇ ਵਿੱਚ ਮੁੱਖ ਮੰਤਰੀ ਦੀਆਂ ਮੁਸ਼ਕਲਾਂ ਹਾਲੇ ਖ਼ਤਮ ਨਹੀਂ ਹੋਈਆਂ। ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਇਸ ਮਾਮਲੇ ਵਿੱਚ 2013 ਵਿੱਚ ਦਰਜ 'ਐਨਫੋਰਸਮੈਂਟ ਕੇਸ ਇਨਫਰਮੇਸ਼ਨ ਰਿਪੋਰਟ' (ਈਸੀਆਈਆਰ) ਬਰਕਰਾਰ ਹੈ। ਈਡੀ ਨੇ ਇਸੇ ਸਾਲ ਲੁਧਿਆਣਾ ਅਦਾਲਤ ਵਿੱਚ ਪਟੀਸ਼ਨ ਦਾਇਰ ਕਰ ਕੇ ਵਿਜੀਲੈਂਸ ਵੱਲੋਂ ਐਫਆਈਆਰ ਤੇ ਚਲਾਨ ਦੀ ਕਾਪੀ ਨਾ ਦੇਣ ਸਬੰਧੀ ਦੱਸਿਆ ਸੀ। ਹੁਣ ਈਡੀ ਇਸ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਕੋਲ ਪਹੁੰਚ ਕਰਨ ਦੀ ਤਿਆਰੀ ਵਿੱਚ ਹੈ।



ਦੱਸਣਯੋਗ ਹੈ ਕਿ 2002 ਤੋਂ 2007 ਦੇ ਆਪਣੇ ਕਾਰਜਕਾਲ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੁਧਿਆਣਾ ਦੇ ਸਿਟੀ ਸੈਂਟਰ ਨੂੰ ਆਪਣਾ ਡਰੀਮ ਪ੍ਰਾਜੈਕਟ ਆਖਿਆ ਸੀ ਪਰ ਮੁੱਖ ਮੰਤਰੀ ਪਿਛਲੇ 10 ਸਾਲਾਂ ਤੋਂ ਇਸ ਕੇਸ ਵਿੱਚ ਫਸੇ ਹੋਏ ਹਨ। ਹੁਣ ਵਿਜੀਲੈਂਸ ਨੇ ਮੁੱਖ ਮੰਤਰੀ ਨੂੰ ਰਾਹਤ ਦਿੱਤੀ ਹੈ ਪਰ ਇਸ ਮਾਮਲੇ ਵਿੱਚ ਲੱਗੀ ਈਡੀ ਹਾਲੇ ਪਿੱਛੇ ਹਟਦੀ ਨਜ਼ਰ ਨਹੀਂ ਆ ਰਹੀ। ਇਸ ਕੇਸ ਦੀ ਐਫਆਈਆਰ ਤੇ ਚਲਾਨ ਦੀ ਕਾਪੀ ਈਡੀ ਲੰਬੇ ਸਮੇਂ ਤੋਂ ਮੰਗ ਰਹੀ ਹੈ ਪਰ ਵਿਜੀਲੈਂਸ ਨੇ ਕਾਪੀ ਨਹੀਂ ਦਿੱਤੀ, ਜਿਸ ਤੋਂ ਬਾਅਦ ਈਡੀ ਹੁਣ ਇਸ ਲਈ ਹਾਈ ਕੋਰਟ ਵਿੱਚ ਪਹੁੰਚ ਕਰ ਰਹੀ ਹੈ। ਬੀਤੇ ਦਿਨੀਂ ਵਿਜੀਲੈਂਸ ਨੇ ਸਿਟੀ ਸੈਂਟਰ ਘੁਟਾਲੇ ਦੀ ਐਫ਼ਆਈਆਰ ਵਿੱਚ ਨਾਮਜ਼ਦ ਕੁੱਲ 32 ਮੁਲਜ਼ਮਾਂ ਨੂੰ ਕਲੀਨ ਚਿੱਟ ਦਿੰਦੇ ਹੋਏ ਸਬੰਧਤ ਐਫ਼ਆਈਆਰ ਰੱਦ ਕਰਨ ਦੀ ਅਰਜ਼ੀ ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿੱਚ ਦਾਖ਼ਲ ਕੀਤੀ ਹੈ, ਜਿਸ ਦੀ ਸੁਣਵਾਈ ਹੁਣ 2 ਸਤੰਬਰ ਨੂੰ ਹੋਵੇਗੀ।

ਜ਼ਿਕਰਯੋਗ ਹੈ ਕਿ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਿਟੀ ਸੈਂਟਰ ਦੀ ਉਸਾਰੀ 10 ਸਾਲਾਂ ਤੋਂ ਬੰਦ ਪਈ ਹੈ, ਇਸ ਜ਼ਮੀਨ 'ਤੇ ਉਸਾਰੀ ਅਧੀਨ ਸਾਰਾ ਸਾਮਾਨ ਕੇਸ ਪ੍ਰਾਪਰਟੀ ਬਣ ਚੁੱਕਿਆ ਸੀ। ਹੁਣ ਇਸ ਮਾਮਲੇ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਲੀਨ ਚਿੱਟ ਮਿਲਣ ਤੋਂ ਬਾਅਦ ਸਿਟੀ ਸੈਂਟਰ ਦੀ ਉਸਾਰੀ ਦੁਬਾਰਾ ਸ਼ੁਰੂ ਹੋਣ ਦੀ ਚਰਚਾ ਹੈ।

## ਸੁਖਪਾਲ ਖਹਿਰਾ ਬੋਲੇ- ਕੈਪਟਨ ਦਾ ਬਾਦਲਾਂ ਨਾਲ ਦੋਸਤਾਨਾ ਮੈਚ



ਲੁਧਿਆਣਾ : ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਸਿਟੀ ਸੈਂਟਰ ਘੁਟਾਲੇ ਦੇ ਮਾਮਲੇ ਵਿੱਚ ਵਿਜੀਲੈਂਸ ਤੋਂ ਕਲੀਨ ਚਿੱਟ ਲੈ ਲਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬਣਨ ਤੋਂ ਬਾਅਦ ਕਾਂਗਰਸੀ ਗੁੰਡਾਗਰਦੀ 'ਤੇ ਉਤਰ ਆਏ ਹਨ। ਉਹ ਕਾਂਗਰਸੀਆਂ ਵੱਲੋਂ ਜ਼ਖ਼ਮੀ ਕੀਤੇ 'ਆਪ' ਨੇਤਾ ਅਮਰ ਸਿੰਘ ਉਰਫ਼ ਹੈਪੀ ਸੇਖੋਂ ਤੇ ਉਸ ਦੇ ਭਰਾ ਦਾ ਹਾਲ ਜਾਣਨ ਲਈ ਡੀਐਮਸੀ ਹਸਪਤਾਲ ਪੁੱਜੇ ਸਨ। ਇਸ ਦੌਰਾਨ ਉਨ੍ਹਾਂ ਨਾਲ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਸਮੇਤ ਹੋਰ ਆਗੂ ਵੀ ਹਾਜ਼ਰ ਸਨ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਸਰਕਾਰ ਆਉਣ ਤੋਂ ਬਾਅਦ ਕਾਂਗਰਸੀ ਗੁੰਡਾਗਰਦੀ ਕਰਨ ਲੱਗੇ ਹਨ। ਖੰਨਾ ਵਿੱਚ ਗਾਂਧੀ ਗਰੁੱਪ ਦੇ ਮਨਵਿੰਦਰ ਗਾਂਧੀ ਦੇ ਕਤਲ ਤੋਂ ਸਾਫ਼ ਹੈ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਨਾਮ ਦੀ ਕੋਈ ਚੀਜ਼ ਨਹੀਂ ਹੈ। ਮੁੱਖ ਮੰਤਰੀ ਕਹਿੰਦੇ ਹਨ ਕਿ ਸਾਰੇ ਗੈਂਗਸਟਰ ਸੂਬਾ ਛੱਡ ਕੇ ਭੱਜ ਚੁੱਕੇ ਹਨ, ਕੈਪਟਨ ਨੂੰ ਉਨ੍ਹਾਂ ਗੈਂਗਸਟਰਾਂ ਦੇ ਨਾਮ ਦੱਸਣੇ ਚਾਹੀਦੇ ਹਨ। ਸਰਕਾਰ ਕਿਸਾਨਾਂ ਦੇ ਹਿੱਤ ਵਿੱਚ ਕੋਈ ਵੀ ਕਦਮ ਚੁੱਕਣ ਵਿੱਚ ਨਾਕਾਮ ਨਜ਼ਰ ਆ ਰਹੀ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਬਾਦਲਾਂ ਨੂੰ ਬਚਾਉਣ ਲਈ ਕੈਪਟਨ ਨੇ ਆਪਣੇ ਸਾਰੇ ਮੰਤਰੀਆਂ ਦੇ ਹੱਥ ਬੰਨ੍ਹ ਦਿੱਤੇ ਹਨ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਫਾਸਟਵੇਅ ਦਾ 20 ਹਜ਼ਾਰ ਕਰੋੜ ਦਾ ਘੁਟਾਲਾ ਸਾਹਮਣੇ ਲਿਆਂਦਾ ਹੈ ਪਰ ਕੈਪਟਨ ਬਾਦਲਾਂ ਨਾਲ ਦੋਸਤਾਨਾ ਮੈਚ ਖੇਡ ਰਹੇ ਹਨ। ਇਸ ਲਈ ਨਾ ਤਾਂ ਪੰਜਾਬ ਵਿੱਚ ਰੇਤ ਮਾਫ਼ੀਆ ਖ਼ਤਮ ਹੋ ਰਿਹਾ ਹੈ ਤੇ ਨਾ ਹੋਰ ਮਾਫ਼ੀਆ ਨੂੰ ਨੱਥ ਪਈ ਹੈ। ਉਨ੍ਹਾਂ ਮੰਗ ਕੀਤੀ ਕਿ ਸਿਟੀ ਸੈਂਟਰ ਮਾਮਲੇ ਦੀ ਕਿਸੇ ਹੋਰ ਏਜੰਸੀ ਤੋਂ ਜਾਂਚ ਕਰਵਾਈ ਜਾਵੇ।

ੴ ਵਾਹਿਗੁਰੂ ਜੀ ਕੀ ਫ਼ਤਹਿ

ਜੇ ਜੀਵੈ ਪਤਿ ਲਥੀ ਜਾਇ, ਸਭੁ ਹਰਾਮੁ ਜੇਤਾ ਕਿਛੁ ਖਾਇ।

# ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਰਜਿ.)

## ਗੁਰਦੁਆਰਾ ਸ੍ਰੀ ਹਰਗੋਬਿੰਦ ਸਾਹਿਬ ਗਰੀਨਵੁੱਡ, ਇੰਡਿਆਨਾ ਵਿਖੇ

# ਮਹਾਨ ਸ਼ਹੀਦੀ ਸਮਾਗਮ

## 27 ਅਗਸਤ 2017, ਦਿਨ ਐਤਵਾਰ




**ਮਹਾਨ ਯੋਧਿਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਸ਼ਹੀਦੀ ਸਮਾਗਮ ਵਿਚ ਪਹੁੰਚਣ ਲਈ ਸਨਿਮਰ ਬੇਨਤੀ**

ਭਾਰਤ ਦੀ ਜ਼ਾਲਮ ਹਕੂਮਤ ਦੀਆਂ ਬੇਇਨਸਾਫੀਆਂ, ਵਧੀਕੀਆਂ ਅਤੇ ਪਾਕਿ-ਪਵਿੱਤਰ ਗੁਰਧਾਮਾਂ ਦੀ ਬੇਅਦਬੀ ਤੋਂ ਤੰਗ ਆ ਕੇ ਜਦੋਂ ਸਾਡੇ ਮਹਾਨ ਯੋਧਿਆਂ ਨੇ ਆਪਣੇ ਵੱਖਰੇ ਦੇਸ਼ ਖਾਲਿਸਤਾਨ ਲਈ ਸੰਘਰਸ਼ ਆਰੰਭਿਆ ਤਾਂ ਉਸ ਵਿੱਚ ਗੁਰੀਲਾ ਸੰਘਰਸ਼ ਦੇ ਮੋਢੀ ਅਤੇ ਮਹਾਂਨਾਇਕ ਸ਼ਹੀਦ ਜਥੇਦਾਰ ਸੁਖਦੇਵ ਸਿੰਘ "ਬੱਬਰ", ਸ਼ਹੀਦ ਜਥੇਦਾਰ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਸ਼ਹੀਦ ਭਾਈ ਅਨੋਖ ਸਿੰਘ "ਬੱਬਰ", ਸ਼ਹੀਦ ਭਾਈ ਗੁਰਜੰਟ ਸਿੰਘ ਰਾਜਸਥਾਨੀ, ਸ਼ਹੀਦ ਭਾਈ ਦਿਲਾਵਰ ਸਿੰਘ "ਬੱਬਰ" ਅਤੇ ਹੋਰ ਹਜ਼ਾਰਾਂ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀ ਕੇ ਕੌਮ ਦਾ ਮਾਣਮੱਤਾ ਇਤਿਹਾਸ ਸਿਰਜਿਆ।

ਇਨ੍ਹਾਂ ਮਹਾਨ ਸਮੂਹ ਸ਼ਹੀਦਾਂ ਦੀ ਯਾਦ ਵਿਚ 27 ਅਗਸਤ ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗਰੀਨਵੁੱਡ ਇੰਡਿਆਨਾ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤ ਨੂੰ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ। ਇਸ ਦਿਨ ਆਪਣੀ ਸ਼ਮੂਲੀਅਤ ਕਰਕੇ ਬਾਹਰੋਂ ਆਏ ਪੰਥਕ ਵਿਦਵਾਨਾਂ ਦੇ ਵਿਚਾਰ ਸੁਣੀਏ ਅਤੇ ਕੌਮ ਦੇ ਮਹਾਨ ਸ਼ਹੀਦਾਂ ਨੂੰ ਆਪਣੇ ਚੇਤਿਆਂ ਵਿਚ ਵਸਾ ਕੇ ਉਨ੍ਹਾਂ ਵਲੋਂ ਆਰੰਭੇ ਕਾਰਜ ਨੂੰ ਜਾਰੀ ਰੱਖਣ ਦਾ ਅਹਿਦ ਲਈਏ।

**ਬੇਨਤੀ ਕਰਤਾ :**

## ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਰਜਿ.)

*ਜਾਰੀ ਕਰਤਾ : ਜਸਦੀਪ ਸਿੰਘ ਜੱਸੀ ਅਤੇ ਸੰਦੀਪ ਸਿੰਘ*

**ਸੰਪਰਕ** (317) 560-0019, (651) 274-9121

## ਪਹੁੰਚ ਰਹੇ ਪੰਥਕ ਵਿਦਵਾਨ



**ਭਾਈ ਦਵਿੰਦਰ ਸਿੰਘ ਕੈਲੀਫੋਰਨੀਆ**

ਮੁੱਖ ਬੁਲਾਰਾ ਏ.ਐਸ.ਓ.

ਵਿਸ਼ਾ : ਖ਼ਾਲਸਾ ਰਾਜ ਦੀ ਗੁਰਮਤਿ ਵਿਆਖਿਆ



**ਭਾਈ ਪ੍ਰਭਸ਼ਰਨਵੀਰ ਸਿੰਘ**

ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (ਕੈਨੇਡਾ)

ਵਿਸ਼ਾ : ਸ਼ਹੀਦ ਦਾ ਸੰਕਲਪ ਅਤੇ ਕੌਮ ਦਾ ਫਰਜ਼

# Sikh Gurdwara of Los Angeles [ Lankershim ]

## Celebrating Pratham Parkash Utsav of Shri Guru Granth Sahib Ji

On Labor Day Weekend [ Monday, Sept 4, 2017]



**Program 10:00 AM To 2:30 PM**

Asa Ki Vaar, Katha Kirtan By Various Ragis of Local Gurdwara's

Following Ragi Jathas will perform

- ☆ Bhai Raghubir Singh Ji (Walnut Gurdwara)
- ☆ Bhai Ravinder Singh Ji Rasia (Vermont Gurdwara)
- ☆ Bhai Gagandeep Singh Ji (Nanak Sadan Gurdwara)
- ☆ Bhai Kirtan Singh Ji (Guru Ramdass Ashram)
- ☆ Bhai Jatinder Singh Ji Jot (Hazoori Jatha Lankershim)
  Bhai Dalbir Singh Ji (Tarmala Wale)

Guru Ka Langar Seva By: Gurdas Singh & Family

We are celebrating 11th anniversary of Pratham Parkash Utsav along with Labor Day

You are requested to join us with your Family and Friends and recieve Guru's Blessings

Sikh Gurdwara Of Los Angeles
7640 Lankershim BLVD
North Hollywood, CA 91605
www.lankershimgurdwara.com

| | | | |
|---|---|---|---|
| Gurcharan Singh Bans | (661)-877-6461 | Ranjit Singh Kamboj | (626) 676-1664 |
| Inderbir Singh Nat | (818) 429-5313 | Paramjit S. Cheema | (661) 993-3369 |
| Charanjit S. Deol | (661) 839-5563 | Satgurjit S. Pawar | (714) 728-4653 |
| Harmander Sngh Grewal | (818) 606 7894 | Manjit Singh Pandher | (818)-398-9262 |



# Travel for Less Inc.

SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

- ASIANA AIRLINES
- CHINA AIRLINES
- BRITISH AIRWAYS
- CATHAY PACIFIC
- virgin atlantic
- SINGAPORE AIRLINES
- Emirates
- الاتحاد ETIHAD AIRWAYS
- Lufthansa
- QATAR AIRWAYS القطرية

BBB IATAN

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40

We have moved to

**Serving the Bay Area Since 1996**

**32116-Alvarado Blvd. Union City, CA-94587**

Email: info@travelforlessinc.com

**CALL 510-791-3300** Book online 24x7 @ www.Letsflyhome.com

# SIKH GURDWARA OF LOS ANGELES LANKERSHIM

CELEBRATING
BARSI OF SANT BABA ISHER SINGH JI (RARA SAHIB WALE)
BARSI OF SANT BABA MEEHAN SINGH JI (SIHAR WALE)
ON
AUGUST 27, 2017 [SUNDAY]
ਸਮਾਂ 10 ਵਜੇ ਤੋਂ 2.00 ਵਜੇ
Fri-Sat From 6.30pm - 8.30pm


SANT ISHER SINGH JI


SANT MEEHAN SINGH JI

PROGRAM DETAILS AS FOLLOWS:
Friday (Aug 25) Aarambh Shri Akhand Path Sahib 10:00 am
Sunday: (Aug 27) Bhog Shri Akhand Path Sahib 9:00 am

YOU ARE REQUESTED TO JOIN US WITH YOUR FAMILY AND FRIENDS AND RECIEVE GURU'S BLESSINGS

Guru ka langar Seva By: Manjit Singh Pandher

For More Information contact Manjit Singh Pandher At 818-398 9262


SANT ANOOP SINGH JI


SANT BABA AMREEK SINGH JI

SIKH GURDWARA OF LOS ANGELES
7640 LANKERSHIM BLVD
NORTH HOLLYWOOD, CA 91605
WWW.LANKERSHIMGURDWARA.COM

GURCHARAN SINGH BANS (661)-877-6461
CHARANJIT S. DEOL (661) 839-5563
INDERBIR SINGH NAT (818) 429 5313
PARAMJIT SINGH CHEEMA (661) 993 3369
RANJIT SINGH KAMBOJ (626) 676 1664
SATGURJIT S. PAWAR (714) 728-4653
HARMANDER S. GREWAL (818) 606 7894
MANJIT SINGH PANDHER (818) 398 9262



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

Now Open
Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet over 100 gallons
open 6am to midnight
Phone: 765-478-6300



NOW OPEN IN MODESTO/CERES


G.S. Pannu
Immigration Consultant-LDA

# PANNU'S
LEGAL SERVICES (Regd. & Bonded)
510.677.5200

IMMIGRATION
ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Releglous
  - ... & related matters

Family Petitions FREE

DIVORCE
- Petitions
- Child Support
- Child Visitation
- Child Custody
- Modification
...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307

# ‘ਪੰਜਾਬ ਰੈਫਰੈਂਡਮ-2020’ ਦੇ ਹੱਕ ਵਿੱਚ ਸਿੱਖ ਜਥੇਬੰਦੀਆਂ ਵੱਲੋਂ ਸੰਯੁਕਤ ਰਾਸ਼ਟਰ ਦੇ ਦਫ਼ਤਰ ਬਾਹਰ ਭਾਰਤ ਵਿਰੁਧ ਰੋਸ ਮੁਜ਼ਾਹਰਾ

**ਨਿਊਯਾਰਕ/ਬਿਊਰੋ ਨਿਊਜ਼:** ਮਨੁੱਖੀ ਅਧਿਕਾਰਾਂ ਲਈ ਸਰਗਰਮ ਅਤੇ ਖ਼ਾਲਿਸਤਾਨ ਦੀਆਂ ਹਮਾਇਤੀ ਜਥੇਬੰਦੀਆਂ ਵੱਲੋਂ ਨਿਊਯਾਰਕ ’ਚ ਸੰਯੁਕਤ ਰਾਸ਼ਟਰ ਦੇ ਦਫ਼ਤਰ ਦੇ ਬਾਹਰ ਭਾਰਤ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਨ੍ਹਾਂ ਸਿੱਖ ਜਥੇਬੰਦੀਆਂ ਵੱਲੋਂ ਸੰਯੁਕਤ ਰਾਸ਼ਟਰ ਸਮੇਤ ਮਾਨਵੀ ਅਧਿਕਾਰਾਂ ਨਾਲ ਸਬੰਧਿਤ ਵਿਸ਼ਵ ਪੱਧਰੀ ਸੰਗਠਨਾਂ ਨੂੰ ਅਪੀਲ ਕੀਤੀ ਕਿ ਉਹ ਖ਼ੁਦਮੁਖਤਿਆਰੀ ਦੇ ਲਈ ਰਾਏਸ਼ੁਮਾਰੀ ਨੂੰ ਸਮਰਥਨ ਦੇਣ।

ਰੋਸ ਮੁਜ਼ਾਹਰਾ ਕਰਨ ਮੌਕੇ ਸਿੱਖ ਕਾਰਕੁੰਨਾਂ ਦੇ ਇਕ ਵਫ਼ਦ ਨੇ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੂੰ ਇਕ ਰਿਪੋਰਟ ਸੌਂਪੀ, ਜਿਸ ਦਾ ਸਿਰਲੇਖ-ਏ ਕੇਸ ਫ਼ਾਰ ਪੰਜਾਬ ਰੈਫ਼ਰੈਂਡਮ 2020-ਸਿੱਖਸ ਰਾਈਟ ਟੂ ਸੈਲਫ਼-ਡੀਟਰਮੀਨੇਸ਼ਨ-ਵਾਏ ਐਂਡ ਹਾਓ ?’ ਹੈ। ਸਿੱਖਾਂ ਦੇ ਅਧਿਕਾਰਾਂ ਦੇ ਲਈ ਕੰਮ ਕਰਨ ਵਾਲੇ ਸੰਗਠਨ ਸਿੱਖਸ ਫ਼ਾਰ ਜਸਟਿਸ (ਐਸ. ਐਫ. ਜੇ.) ਦੀ ਇਸ ਰਿਪੋਰਟ ’ਚ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਨਟੋਨੀਓ ਗੁਟਾਰੇਸ ਨੂੰ ਸੰਬੋਧਨ ਕਰਦਿਆਂ ਸੰਯੁਕਤ ਰਾਸ਼ਟਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਿੱਖਾਂ ਦੇ ਖ਼ੁਦਮੁਖਤਿਆਰੀ ਦੇ ਅਧਿਕਾਰ ਨੂੰ ਅਸਲ ਰੂਪ ਦੇਣ ਦੇ ਲਈ ਪੰਜਾਬ ’ਚ ਰਾਏ ਸ਼ੁਮਾਰੀ ਕਰਵਾਉਣ ਦੀ ਸਿੱਖਾਂ ਦੀ ਮੰਗ ਦਾ ਸਮਰਥਨ ਕਰਨ।



ਸਿੱਖ ਜਥੇਬੰਦੀਆਂ ਵੱਲੋਂ ਸੰਯੁਕਤ ਰਾਸ਼ਟਰ ਦੇ ਦਫ਼ਤਰ ਬਾਹਰ ਭਾਰਤ ਵਿਰੁੱਧ ਰੋਸ ਮੁਜ਼ਾਹਰਾ ਕਰਦੇ ਹੋਏ।

ਸਿੱਖ ਅਧਿਕਾਰ ਸੰਗਠਨਾਂ ਅਤੇ ਉੱਤਰੀ ਅਮਰੀਕਾ ਦੇ ਗੁਰਦੁਆਰਿਆਂ ਦੀਆਂ ਕਮੇਟੀਆਂ ਨੇ ਸੰਯੁਕਤ ਰਾਸ਼ਟਰ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਦੇ ਵੱਖਰੇ ਦੇਸ਼ ਖ਼ਾਲਿਸਤਾਨ ਦੇ ਲਈ ਪੰਜਾਬ ਦੀ ਆਜ਼ਾਦੀ ਰਾਏ ਸ਼ੁਮਾਰੀ’ ਨੂੰ ਸਮਰਥਨ ਦੇਣ।

## ਟੈਕਸਾਸ ’ਵਰਸਿਟੀ ਵਲੋਂ ਸੰਘ ਨੇਤਾਵਾਂ ਦੀਆਂ ਮੂਰਤੀਆਂ ਹਟਾਈਆਂ ਜਾਣਗੀਆਂ

### ਪ੍ਰਬੰਧਕਾਂ ਮੁਤਾਬਕ ਇਹ ਮੂਰਤੀਆਂ ਆਧੁਨਿਕ ਵ੍ਹਾਈਟ ਹਕੂਮਤ ਤੇ ਨਵੀਨ-ਨਾਜ਼ੀਵਾਦ ਦਾ ਪ੍ਰਤੀਕ ਬਣੀਆਂ

**ਟੈਕਸਾਸ/ਬਿਊਰੋ ਨਿਊਜ਼ :** ਟੈਕਸਾਸ ਯੂਨੀਵਰਸਿਟੀ ਦੇ ਪ੍ਰਧਾਨ ਗ੍ਰੇਗ ਫੇਨਵੇਸ ਨੇ ਯੂਨੀਵਰਸਿਟੀ ਦੇ ਮੁੱਖ ਕੰਪਲੈਕਸ ਤੋਂ ਰਾਬਰਟ ਈ ਲੀ ਦੀ ਮੂਰਤੀ ਸਮੇਤ ਸੰਘ (ਕੌਨਫੇਡਰੇਟ) ਦੇ ਹੋਰ ਮੁੱਖ ਵਿਅਕਤੀਆਂ ਦੀਆਂ ਮੂਰਤੀਆਂ ਹਟਾਉਣ ਦੇ



ਆਦੇਸ਼ ਦਿੱਤੇ ਹਨ। ਉਨ੍ਹਾਂ ਮੁਤਾਬਕ ਇਹ ਸਮਾਰਕ ਆਧੁਨਿਕ ਵ੍ਹਾਈਟ ਹਕੂਮਤ ਅਤੇ ਨਵੀਨ-ਨਾਜ਼ੀਵਾਦ ਦੇ ਪ੍ਰਤੀਕ ਬਣ ਗਏ ਹਨ।

ਹਾਲਾਂਕਿ ਯੂਨੀਵਰਸਿਟੀ ਨੇ ਸੰਘ ਦੇ ਸਾਬਕਾ ਪ੍ਰਧਾਨ ਜੇਫਰਸਨ ਡੇਵਿਸ ਦੀ ਮੂਰਤੀ ਸਾਲ 2015 ਵਿਚ ਹਟਾ ਦਿੱਤੀ ਸੀ ਅਤੇ ਇਤਿਹਾਸ ਮਿਊਜ਼ੀਅਮ ਵਿਚ ਰੱਖਵਾ ਦਿੱਤੀ ਸੀ। ਉਨ੍ਹਾਂ ਨੇ ਕਿਹਾ ਕਿ ਲੀ, ਕੌਨਫੇਡਰੇਟ ਜਨਰਲ ਅਲਬਰਟ ਸਿਡਨੀ ਜੌਨਸਟਨ ਅਤੇ ਕੌਨਫੇਡਰੇਟ ਪੋਸਟਮਾਸਟਰ ਜਨਰਲ ਜੌਨ ਐੱਚ ਰੀਗਨ ਦੀਆਂ ਮੂਰਤੀਆਂ ਵੀ ਹਟਾਈਆਂ ਜਾਣੀਆਂ ਚਾਹੀਦੀਆਂ ਹਨ।

ਵਰਣਨਯੋਗ ਹੈ ਕਿ ਵਰਜ਼ੀਨੀਆ ਦੇ ਚਾਰਲੋਟਸਵਿਲੇ ਵਿਚ ਵ੍ਹਾਈਟ ਹਕੂਮਤ ਨੂੰ ਮੰਨਣ ਵਾਲੇ ਅਤੇ ਇਸ ਦਾ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਵਿਚਾਲੇ ਹੋਏ ਸੰਘਰਸ਼ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ, ਜਿਸ ਮਗਰੋਂ ਬੀਤੇ ਹਫਤੇ ਸੰਘ ਦੇ ਨੇਤਾਵਾਂ ਦੇ ਜਨਤਕ ਸਮਾਰਕਾਂ ’ਤੇ ਦੇਸ਼ ਵਿਆਪੀ ਬਹਿਸ ਛਿੜ ਗਈ ਸੀ।

## ਕਿਲ੍ਹਾ ਗੋਬਿੰਦਗੜ੍ਹ ’ਚ ਚੱਲ ਰਹੀ ਖੁਦਾਈ ਦੌਰਾਨ ਤੀਰ ਦੇ ਚਿੰਨ੍ਹ ਵਾਲੀਆਂ ਇੱਟਾਂ ਮਿਲੀਆਂ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅੰਮ੍ਰਿਤਸਰ ਦੇ ਦਰਵਾਜ਼ਾ ਲੋਹਗੜ੍ਹ ਦੇ ਬਾਹਰ ਸਿੱਖ ਰਾਜ ਦੀ ਵਿਰਾਸਤ ਕਿਲ੍ਹਾ ਗੋਬਿੰਦਗੜ੍ਹ ਦੇ ਪਿਛਲੇ ਹਿੱਸੇ ਦੀ ਚੱਲ ਰਹੀ ਖ਼ੁਦਾਈ ਵਿਚੋਂ ‘ਤੀਰ’ ਦੇ ਨਿਸ਼ਾਨ ਵਾਲੀਆਂ ਇੱਟਾਂ ਮਿਲੀਆਂ ਹਨ ਜੋ 10 ਇੰਚ ਲੰਬੀਆਂ, 4 ਇੰਚ ਚੌੜੀਆਂ ਤੇ 2 ਇੰਚ ਉੱਚੀਆਂ ਹਨ। ਨਾਨਕਸ਼ਾਹੀ ਇੱਟਾਂ ਤੋਂ ਸਾਈਜ਼



ਵਿਚ ਵੱਖਰੀਆਂ ਵਿਖਾਈ ਦੇਣ ਵਾਲੀਆਂ ਇਨ੍ਹਾਂ ਇੱਟਾਂ ਦੇ ਅੱਧ ਵਿਚ ਸਿਰਫ਼ ਇੱਕੋ ਪਾਸੇ ਤੀਰ ਦਾ ਨਿਸ਼ਾਨ ਉੱਕਰਿਆ ਹੋਇਆ ਹੈ। ਇਸ ਦੇ ਇਲਾਵਾ ਮਲਬੇ ਵਿਚੋਂ ਕੁਝ ਇੱਟਾਂ 6 ਇੰਚ ਗੁਣਾ 6 ਇੰਚ ਸਾਈਜ਼ ਦੀਆਂ ਵੀ ਮਿਲੀਆਂ ਹਨ। ਪੁਰਾਤਤਵ ਮਾਹਰਾਂ ਵਲੋਂ ਇਹ ਇੱਟਾਂ ਸਿੱਖ ਰਾਜ ਤੋਂ ਪਹਿਲਾਂ ਦੀਆਂ ਦੱਸੀਆਂ ਜਾ ਰਹੀਆਂ ਹਨ। ਖ਼ੁਦਾਈ ਦੌਰਾਨ ਮਿਲੀਆਂ ਇਨ੍ਹਾਂ ਦੁਰਲੱਭ ਇੱਟਾਂ ਨੂੰ ਅਣਗਹਿਲੀ ਨਾਲ ਮਲਬੇ ਦੇ ਤੌਰ ’ਤੇ ਇਸਤੇਮਾਲ ਕੀਤਾ ਜਾ ਰਿਹਾ ਹੈ। ਸਥਾਨਕ ਪੁਰਾਤਤਵ ਮਾਹਰ ਸ੍ਰੀ ਦੇਵ ਦਰਦ ਨਾਲ ਇਸ ਸਬੰਧੀ ਗੱਲਬਾਤ ਕਰਨ ’ਤੇ ਉਨ੍ਹਾਂ ਦੱਸਿਆ ਕਿ ਤੀਰ ਦੇ ਨਿਸ਼ਾਨ ਵਾਲੀਆਂ ਇੱਟਾਂ ਸਿੱਖ ਰਾਜ ਵੇਲੇ ਵਿਸ਼ੇਸ਼ ਤੌਰ ’ਤੇ ਜੰਗੀ ਕਿਲ੍ਹਿਆਂ ਦੇ ਨਿਰਮਾਣ ਲਈ ਬਣਵਾਈਆਂ ਗਈਆਂ ਸਨ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਇੱਟਾਂ ਮੌਜੂਦਾ ਸਮੇਂ ਬਹੁਤ ਘੱਟ ਉਪਲਬਧ ਹਨ ਜਿਸ ਕਾਰਨ ਸਿੱਖ ਰਾਜ ਦੀ ਇਸ ਅਦਭੁਤ ਨਿਸ਼ਾਨੀ ਨੂੰ ਮਲਬੇ ਵਿਚ ਬਰਬਾਦ ਨਹੀਂ ਹੋਣ ਦੇਣਾ ਚਾਹੀਦਾ ਤੇ ਇਤਿਹਾਸਕਾਰਾਂ ਤੇ ਪੁਰਾਤਤਵ ਮਾਹਰਾਂ ਨੂੰ ਇਸ ਸਬੰਧੀ ਗੰਭੀਰਤਾ ਨਾਲ ਖੋਜ ਕਰਨੀ ਚਾਹੀਦੀ ਹੈ। ਉੱਧਰ ਦੂਜੇ ਪਾਸੇ ਕਿਲ੍ਹਾ ਗੋਬਿੰਦਗੜ੍ਹ ਵਿਚ ਜਲ੍ਹਿਆਂਵਾਲਾ ਬਾਗ਼ ਕਾਂਡ ਦੇ ਖਲਨਾਇਕ ਜਨਰਲ ਆਰ.ਈ.ਐੱਚ. ਡਾਇਰ ਦੀ ਕਥਿਤ ਕੋਠੀ ਤੇ ਫਾਂਸੀ ਘਰ ਦੀ ਸਚਾਈ ਜਨਤਕ ਹੋਣ ’ਤੇ ਭਾਵੇਂ ਮੌਜੂਦਾ ਸਮੇਂ ਕਿਲ੍ਹੇ ਵਿਚ ਲਾਏ ਨਕਸ਼ਿਆਂ ਵਿਚੋਂ ਡਾਇਰ ਦੀ ਕੋਠੀ ਤੇ ਫਾਂਸੀ ਘਰ ਨੂੰ ਗ਼ਾਇਬ ਕਰਦਿਆਂ ‘ਡਾਇਰ’ ਦੇ ਨਾਂਅ ’ਤੇ ਸਫ਼ੈਦ ਕਾਗ਼ਜ਼ ਚਿਪਕਾ ਦਿੱਤਾ ਗਿਆ ਹੈ, ਜਦੋਂ ਕਿ ਕਿਲ੍ਹੇ ਅੰਦਰ ਕਥਿਤ ਫਾਂਸੀ ਘਰ ਦਾ ਨਿਰਮਾਣ ਅਜੇ ਵੀ ਜਾਰੀ ਹੈ। ਇਸ ਦੇ ਨਾਲ ਹੀ ਕਿਲ੍ਹੇ ਵਿਚ ਸੈਨਿਕਾਂ ਦੀਆਂ ਬੈਰਕਾਂ ਦੇ ਨਾਲ ਲਗਦੇ ਕਿਲ੍ਹੇ ਦੇ ਸਿਵਲ ਗਵਰਨਰ ਫ਼ਕੀਰ ਇਮਾਮੂਦੀਨ ਦੇ ਨਿਵਾਸ ਵਾਲੇ ਕਮਰੇ ਨੂੰ ਤੋਸ਼ਾਖ਼ਾਨਾ ਤੇ ਤੋਸ਼ੇਖ਼ਾਨੇ ਦੀ ਅਸਲ ਇਮਾਰਤ ਨੂੰ ਡਾਇਰ ਬੰਗਲਾ/ਕਲੋਨੀਅਲ ਹਾਊਸ ਦੱਸ ਕੇ ਸੈਲਾਨੀਆਂ ਤੇ ਹੋਰਨਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਅਸਲ ਵਿਚ ਕਿਲ੍ਹੇ ਵਿਚ ਮੌਜੂਦ ਜਿਸ ਸਮਾਰਕ ਨੂੰ ਡਾਇਰ ਬੰਗਲਾ ਦੱਸਿਆ ਜਾ ਰਿਹਾ ਹੈ, ਉਹ ਸਿੱਖ ਰਾਜ ਦਾ ਤੋਸ਼ਾਖ਼ਾਨਾ ਹੋਇਆ ਕਰਦਾ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਅੰਮ੍ਰਿਤਸਰ ਪਧਾਰਨ ’ਤੇ ਆਪਣਾ ਬਹੁ-ਕੀਮਤੀ ਕੋਹੇਨੂਰ ਹੀਰਾ ਇੱਥੇ ਹੀ ਸੁਰੱਖਿਆ ਲਈ ਰੱਖਦੇ ਸਨ।

## ਸਿੱਖ ਕਤਲੇਆਮ ’ਤੇ ਕਿਤਾਬਾਂ ਦੇ ਲੇਖਕ ਸੰਗਤ ਸਿੰਘ ਦਾ ਦੇਹਾਂਤ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਲੇਖਕ ਸੰਗਤ ਸਿੰਘ ਦਾ ਦੇਹਾਂਤ ਹੋ ਗਿਆ। ਉਹ ਵਿਦੇਸ਼ ਮੰਤਰਾਲੇ ਤੋਂ ਬਤੌਰ ਅਫਸਰ ਸੇਵਾਮੁਕਤ ਹੋਏ ਅਤੇ ਉਨ੍ਹਾਂ ‘ਸਿੱਖਜ਼ ਇਨ ਹਿਸਟਰੀ’ ਤੇ ’84 ਕਤਲੇਆਮ ਬਾਰੇ ਕਿਤਾਬਾਂ ਲਿਖੀਆਂ। ਉਨ੍ਹਾਂ ਨਮਿੱਤ ਅੰਤਿਮ ਅਰਦਾਸ 26 ਅਗਸਤ ਨੂੰ ਗੁਰਦੁਆਰਾ ਗਰੇਟਰ ਕੈਲਾਸ਼, ਪਾਰਟ-2 ਨਵੀਂ ਦਿੱਲੀ ਵਿਚ ਹੋਵੇਗੀ।


# ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ ਚੰਡੀਗੜ੍ਹ

# ਰੋਗ ਨਿਵਾਰਨ ਕੈਂਪ

ਕੈਂਪਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਸੰਗਤੀ ਰੂਪ ਵਿਚ ਪਾਠ ਸ੍ਰੀ ਸੁਖਮਨੀ ਸਾਹਿਬ, ਰੋਗ ਨਵ੍ਰਿਤੀ ਸ਼ਬਦ ਜਾਪ, ਨਾਮ ਜਾਪ ਅਤੇ ਗੁਰਮਤਿ ਵਿਚਾਰਾਂ ਦੇ ਨਾਲ ਨਾਲ, ਰੋਗਾਂ ਦੇ ਮੂਲ ਕਾਰਨਾਂ ਦੀ ਵਿਚਾਰ ਵੀ ਹੁੰਦੀ ਹੈ। ਸਤਿਗੁਰੂ ਪਾਤਸ਼ਾਹ ਜੀ ਦੀ ਮਿਹਰ ਸਦਕਾ ਅਧਿਆਤਮਕ ਮਾਰਗ ਦੀ ਵਡਮੁੱਲੀ ਬਖ਼ਸ਼ਿਸ਼ ਪ੍ਰਾਪਤ ਗੁਰਮੁਖ ਸ. ਹਰਦਿਆਲ ਸਿੰਘ ਜੀ (ਰਿਟਾਇਰਡ ਆਈ.ਏ.ਐਸ.) ਦੀ ਪ੍ਰੇਰਣਾ ਸਦਕਾ ਸੰਨ 1983 ਤੋਂ ਭਾਰਤ ਅਤੇ ਸੰਨ 1995 ਤੋਂ ਵਿਦੇਸ਼ਾਂ ਵਿਚ ਲਗਦੇ ਕੈਂਪਾਂ ਵਿਚ ਹਾਜ਼ਰੀ ਭਰ ਕੇ ਹੁਣ ਤਕ ਅਨੇਕਾਂ ਪ੍ਰਾਣੀ ਸਾਧ/ਅਸਾਧ ਰੋਗਾਂ ਤੋਂ ਰਾਹਤ ਪ੍ਰਾਪਤ ਕਰ ਚੁੱਕੇ ਹਨ। ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਕੈਂਪਾਂ ਵਿਚ ਹਾਜ਼ਰੀ ਭਰ ਕੇ ਦੁੱਖਾਂ/ਰੋਗਾਂ ਤੋਂ ਰਾਹਤ ਅਤੇ ਨਾਮ/ਗੁਰਬਾਣੀ ਦੀ ਸੋਝੀ ਪ੍ਰਾਪਤ ਕਰਨ ਦੇ ਅਮੁੱਲ ਅਵਸਰ ਦਾ ਲਾਹਾ ਪ੍ਰਾਪਤ ਕਰੋ ਜੀ।

ਨੋਟ : ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦਵਾਈ ਸਬੰਧੀ ਕੋਈ ਵੀ ਫੈਸਲਾ ਵੀਰ ਭੈਣ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰਨ।

DR. BALWANT SINGH JI WILL PARTICIPATE IN CAMP
CONTACT : DR. BALWANT SINGH JI PHONE : 248-982-5942
EMAIL : info@gurunanakhealing.com


Founder President
S. Hardial Singh Ji
IAS Retd.


Dr. Balwant Singh Ji
Head of Ludhiana branch

## CAMP IN SOUTHERN CALIFORNIA

**August 21 to 23**
Khalsa Care Foundation
9989 Laurel Canyon Blvd. Pacoima, CA
Time : 1:00 PM to 6:00 PM
Bhai Baldev Singh 818-468-9595

**August 24 to 27**
Gurdwara Singh Sabha
7122 Orangethorpe Ave, Buena Park,CA
Time : 3:00PM to 8:00PM
Bibi Daljit Kaur 714-925-7014
Bhai Jagjit Singh 562-244-7487

**August 21 to 23**
Valley Sikh Temple
7400 Jordan Ave, Conoga Park, CA
Time : 5:00PM to 8:30PM
Bhai Ranjit Singh and Bibi Jit Kaur 818-433-8885
Bhai Nanak Singh 818-993-1408

Information for all camps and accommodation arrangement please Contact :
**Bhai Ram Singh 714-883-9805**

*Sarab Rog Ka Aukhad Naam IPTV is available on all ip boxes and gurbanihealing.com*

**Canada Office : 14 Automatic Rd unit 50, Brampton, Ontario, L6S 5N5, Ph: 647-527-1517**

E-mail : info@gurbanihealing.com www.gurbanihealing.com E-mail : info@gurunanakhealing.com www.gurunanakhealing.com www.curesbygurbani.com


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 7ਵੇਂ ਮਹਾਨ ਨਗਰ ਕੀਰਤਨ ਦੀਆਂ ਰੌਣਕਾਂ ਨੇ ਫਿਜ਼ਾ ਨੂੰ ਖਾਲਸਾਈ ਰੰਗ 'ਚ ਰੰਗਿਆ







**ਨਿਊਯਾਰਕ/ਬਿਊਰੋ ਨਿਊਜ਼:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ, ਜੋ ਈਸਟ ਕੌਸਟ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀ ਅਗਵਾਈ ਕਰਦਾ ਹੈ, ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 7ਵਾਂ ਮਹਾਨ ਨਗਰ ਕੀਰਤਨ 20 ਅਗਸਤ 2017 ਐਤਵਾਰ ਨੂੰ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜ ਨਿਸ਼ਾਨਚੀ ਸਾਹਿਬਾਨ ਤੇ ਪੰਜ ਪਿਆਰੇ ਸਾਹਿਬਾਨ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਜੀ ਦੇ ਅਰਦਾਸ ਕਰਨ ਉਪਰੰਤ ਬਾਅਦ ਦੁਪਹਿਰ 1:00 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਈ। ਨਗਰ ਕੀਰਤਨ ਵਿਚ ਸਭ ਤੋਂ ਅੱਗੇ ਗੁਰਦੁਆਰਾ ਸਾਹਿਬ ਦੇ ਬੱਚਿਆਂ ਦਾ ਬੈਂਡ ਸੀ, ਜੋ ਪਹਿਲੀ ਵਾਰ ਇਸ ਨਗਰ ਕੀਰਤਨ ਵਿਚ ਸ਼ਾਮਿਲ ਹੋਇਆ ਸੀ। ਉਨ੍ਹਾਂ ਬੱਚਿਆਂ ਤੋਂ ਬਾਅਦ ਇਕ ਫਲੋਟ ਦੇ ਉਪਰ ਪੰਜ



ਨਗਾਰੇ ਵਜਾਉਂਦੇ ਹੋਏ ਸਿੰਘ ਜੈਕਾਰਿਆਂ ਦੀ ਗੂੰਜ ਨਾਲ ਇਸ ਨਗਰ ਕੀਰਤਨ ਨੂੰ ਹੋਰ ਵੀ ਅਲੌਕਿਕ ਬਣਾ ਰਹੇ ਸਨ। ਉਨ੍ਹਾਂ ਤੋਂ ਬਾਅਦ ਸਿੱਖ ਸੰਗਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਰਸਤੇ ਨੂੰ ਝਾੜੂਆਂ ਨਾਲ ਸਫ਼ਾਈ ਕਰ ਰਹੀਆਂ ਸਨ।

ਪੰਜ ਨਿਸ਼ਾਨਚੀ ਸਾਹਿਬਾਨ ਦੇ ਅੱਗੇ ਅੱਗੇ ਸੰਗਤਾਂ ਜਲ ਛਿੜਕਾਅ ਕਰ ਰਹੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਸੰਗਤਾਂ ਸਤਿਨਾਮ-ਵਾਹਿਗੁਰੂ ਦਾ ਸਿਮਰਨ ਕਰਦੀਆਂ ਚਲ ਰਹੀਆਂ ਸਨ। ਨਗਰ ਕੀਰਤਨ ਵਿਚ 10 ਹਜ਼ਾਰ ਦੇ ਕਰੀਬ ਸੰਗਤਾਂ ਨੇ ਹਾਜ਼ਰੀ ਭਰੀ।

ਨਗਰ ਕੀਰਤਨ ਦੌਰਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਜੀ ਖਾਲਸਾ ਬੰਬੇ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇਸ ਤੋਂ ਅਗਲੇ ਫਲੋਟ ਤੇ ਢਾਡੀ ਜਥਾ ਭਾਈ ਕੇਵਲ ਸਿੰਘ ਕੋਮਲ ਦਾ ਜਥਾ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕਰ ਰਹੇ ਸਨ। ਇਸ ਤੋਂ ਅਗਲੇ ਫਲੋਟ ਤੇ ਸਿੱਖ ਫਾਰ ਜਸਟਿਸ, ਸਿੱਖ ਯੂਥ ਆਫ਼ ਅਮਰੀਕਾ, ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ। ਨਗਰ ਕੀਰਤਨ ਵਿਚ ਬੱਚਿਆਂ ਵੱਲੋਂ ਗੱਤਕੇ ਦੇ ਜੌਹਰ ਵੀ ਦਿਖਾਏ ਗਏ।

ਗੁਰਦੁਆਰਾ ਸਾਹਿਬ ਤੋਂ ਨਗਰ ਕੀਰਤਨ 101 ਐਵੀਨਿਊ ਤੇ ਸਥਿਤ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਪਹੁੰਚਿਆ, ਜਿੱਥੇ ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤਾਂ ਨੇ ਨਗਰ ਕੀਰਤਨ ਨੂੰ ਜੀ ਆਇਆ ਕੀਤਾ ਤੇ ਫੁੱਲਾਂ ਦੀ ਵਰਖਾ ਕਰਦਿਆਂ ਰੁਮਾਲਾ ਸਾਹਿਬ ਭੇਟ ਕੀਤਾ। ਨਗਰ ਕੀਰਤਨ ਦੇ ਪੂਰੇ ਰਸਤੇ ਵਿਚ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫੁੱਲਾਂ ਦੀ ਵਰਖਾ ਕੀਤੀ ਗਈ। ਇਹ ਇਕ ਬਹੁਤ ਹੀ ਅਲੌਕਿਕ ਨਜ਼ਾਰਾ ਸੀ। ਸੰਗਤਾਂ ਦੇ ਹੱਥ ਵਿਚ ਫੜੀਆਂ ਕੇਸਰੀ ਝੰਡੀਆਂ ਇਸ ਤਰ੍ਹਾਂ ਅਹਿਸਾਸ ਕਰਵਾ ਰਹੀਆਂ ਸਨ, ਜਿਵੇਂ ਹਰ ਪਾਸੇ ਖਾਲਸੇ ਦਾ ਰਾਜ ਹੋ ਗਿਆ ਹੋਵੇ। ਗੁਰਦੁਆਰਾ ਸਾਹਿਬ ਪਹੁੰਚ ਕੇ ਗਿਆਨੀ ਭੁਪਿੰਦਰ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਨਾਂ ਤੇ ਬਿਰਾਜਮਾਨ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਸਦਕਾ ਜੈਕਾਰਿਆਂ ਦੀ ਗੂੰਜ ਵਿਚ ਇਹ ਨਗਰ ਕੀਰਤਨ ਸੰਪੰਨ ਹੋਇਆ। ਪੂਰੇ ਰਸਤੇ ਵਿਚ ਸੰਗਤਾਂ ਲਈ ਥਾਂ ਥਾਂ ਤੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ। ਸੰਗਤਾਂ ਨੇ ਲੰਗਰਾਂ ਦਾ ਖੂਬ ਆਨੰਦ ਮਾਣਿਆ। ਨਗਰ ਕੀਰਤਨ ਦੇ ਗੁਰਦੁਆਰਾ ਸਾਹਿਬ ਵਾਪਸ ਪਹੁੰਚਣ ਤੇ ਗੁਰਦੁਆਰਾ ਸਾਹਿਬ ਦੇ ਬਾਹਰ ਵਿਸ਼ੇਸ਼ ਤੌਰ ਤੇ ਗੁਰੂ ਰਾਮ ਦਾਸ ਵੈਲਫੇਅਰ ਸੁਸਾਇਟੀ ਆਫ਼ ਹਰਿਆਣਾ ਵੱਲੋਂ ਸੰਗਤਾਂ ਲਈ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ।

ਜਨਰਲ ਸੈਕਟਰੀ ਭੁਪਿੰਦਰ ਸਿੰਘ ਅਟਵਾਲ,

ਬਾਕੀ ਸਫ਼ਾ 32 'ਤੇ







SAVE $2500
ON DIESEL PER TRUCK WITH
ONE CALL!
10¢
TRANS-ALLIANCE
KHALSA
FUEL CARD
1243 6756 7698 3421
TRANS EXPRESS
DISCOUNT PER GALLON
✓ No more Pre-Paid Cards
✓ Get Rid of Bank Wires
✓ Low Transaction Fee
MORE: SAVINGS.
SAVE $40
OIL CHANGE AND
ANY SYNTHETIC BOX
CHANGE SERVICE.
We Proudly Feature: Mobil Delvac
TA TRUCK SERVICE
MORE: BAYS. EXPERTISE. SOLUTIONS.
MORE: EXPERTISE.
To Get You Rolling.
Highly-trained ASE and
TIA-certified technicians.
All major tire brands serviced roadside.
TA TRUCK SERVICE
ROADSQUAD
YOU BREAK DOWN. WE SHOW UP.
844-698-1923
NEW PHONE NUMBER JUST FOR TRANS-ALLIANCE MEMBERS!
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# Website Design & Development

➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ|
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ|

Basic web packages are availables on comparatively economical rates
We work as per your requirement and charge only according to work

## SERVICES

- ✔ WEB DEVELOPMENT
- ✔ WEB DESIGNING
- ✔ WEB RE-DESIGN
- ✔ LOGO DESIGN
- ✔ SEO SERVICES
- ✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

## ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਪ੍ਰਵਾਸੀਆਂ ਲਈ ਮਾਪਿਆਂ ਨੂੰ ਪੱਕੇ ਤੌਰ 'ਤੇ ਬੁਲਾਉਣਾ ਹੋਇਆ ਮੁਸ਼ਕਲ

**ਲਾਸ ਏਂਜਲਸ/ਬਿਊਰੋ ਨਿਊਜ਼ :** ਅਮਰੀਕਾ ਵਿਚ ਲਗਾਤਾਰ ਇਮੀਗ੍ਰੇਸ਼ਨ ਨਿਯਮਾਂ ਵਿਚ ਹੋ ਰਹੀ ਤਬਦੀਲੀ ਕਾਰਨ ਇਥੋਂ ਦੇ ਗ੍ਰੀਨ ਕਾਰਡ ਹਾਸਲ ਕਰ ਚੁੱਕੇ ਪ੍ਰਵਾਸੀਆਂ ਨੂੰ ਆਪਣੇ ਮਾਪਿਆਂ ਨੂੰ ਪੱਕੇ ਤੌਰ 'ਤੇ ਬੁਲਾਉਣਾ ਮੁਸ਼ਕਲ ਹੋ ਗਿਆ ਹੈ। ਹੁਣ ਤੱਕ ਅਮਰੀਕੀ ਗ੍ਰੀਨ ਹਾਸਲ ਕਰ ਚੁੱਕੇ ਆਪਣੇ ਪਤੀ-ਪਤਨੀ ਤੋਂ ਇਲਾਵਾ ਮਾਪਿਆਂ ਅਤੇ ਅਣ-ਵਿਆਹੇ ਬੱਚਿਆਂ ਨੂੰ ਸਪਾਂਸਰਸ਼ਿਪ ਭੇਜ ਕੇ ਬੁਲਾ ਸਕਦੇ ਸਨ, ਪਰ ਨਵੇਂ ਕਾਨੂੰਨ ਲਾਗੂ ਕੀਤੇ ਜਾ ਰਹੇ ਨਿਯਮਾਂ ਤਹਿਤ ਹੁਣ ਗ੍ਰੀਨ ਕਾਰਡ ਧਾਰਕ ਆਪਣੇ ਅਣ-ਵਿਆਹੇ ਬੱਚਿਆਂ ਅਤੇ ਪਤੀ-ਪਤਨੀ ਨੂੰ ਸਪਾਂਸਰ ਕਰਨ ਦੇ ਸਮਰਥ ਰਹਿ ਗਏ ਹਨ। ਨਵੇਂ ਕਾਨੂੰਨਾਂ ਤਹਿਤ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿ ਰਹੇ ਪ੍ਰਵਾਸੀ ਆਪਣੇ ਮਾਪਿਆਂ ਲਈ ਸਿਰਫ ਟੈਂਪਰੇਰੀ (ਆਰਜ਼ੀ) ਵੀਜ਼ਾ ਹਾਸਲ ਕਰ ਸਕਣਗੇ। ਸੈਕਰਾਮੈਂਟੋ ਦਾ ਇਕ ਵਕੀਲ ਜੋ ਕਿ ਫਰਵਰੀ ਤੋਂ ਟਰੰਪ ਸਰਕਾਰ ਦੇ 'ਰੇਜ਼ ਐਕਟ' 'ਤੇ ਨਜ਼ਰ ਰੱਖ ਰਿਹਾ ਸੀ, ਨੇ ਕਿਹਾ ਕਿ ਜੇ ਤੁਹਾਡੇ ਮਾਪੇ ਭਾਰਤ ਵਿਚ ਹਨ ਤਾਂ ਉਨ੍ਹਾਂ ਨੂੰ ਪੱਕੇ ਤੌਰ 'ਤੇ ਅਮਰੀਕਾ ਲਿਆਉਣ ਬਾਰੇ ਤਾਂ ਭੁੱਲ ਹੀ ਜਾਓ। 42 ਸਾਲਾਂ ਵਕੀਲ ਸਭ ਤੋਂ ਪਹਿਲਾਂ ਕੈਨੇਡਾ ਗਿਆ ਸੀ ਅਤੇ ਇਕ ਦਹਾਕੇ




ਪਹਿਲਾਂ ਉਹ ਵਰਕ ਵੀਜ਼ਾ 'ਤੇ ਅਮਰੀਕਾ ਆਇਆ ਸੀ। ਅਮਰੀਕਾ ਆਉਣ ਤੋਂ ਪਹਿਲਾਂ ਉਹ ਕੈਨੇਡੀਅਨ ਗ੍ਰੀਨ ਕਾਰਡ ਹਾਸਲ ਕਰ ਚੁੱਕਾ ਹੈ। 'ਰੇਜ਼ ਐਕਟ' ਦੇ ਹਮਾਇਤੀ ਇਸ ਦੀ ਤੁਲਨਾ ਕੈਨੇਡੀਅਨ ਇਮੀਗ੍ਰੇਸ਼ਨ ਪ੍ਰਣਾਲੀ ਨਾਲ ਕਰਦੇ ਹਨ ਜਿਥੇ ਪ੍ਰਵਾਸੀਆਂ ਨੂੰ ਸਿਰਫ ਮੈਰਿਟ ਦੇ ਆਧਾਰ 'ਤੇ ਜਾਂ ਰੁਜ਼ਗਾਰ ਕਾਰਨਾਂ ਕਰਕੇ ਸਿਟੀਜ਼ਨਸ਼ਿਪ ਦਿੱਤੀ ਜਾਂਦੀ ਹੈ। ਨਵੇਂ ਨਿਯਮ ਤੋਂ ਖ਼ੁਦ ਪਰੇਸ਼ਾਨ ਇਸ ਵਕੀਲ ਨੇ ਦੱਸਿਆ ਕਿ ਉਸ ਦੇ ਮਾਪੇ ਭਾਰਤ ਵਿਚ ਰਹਿੰਦੇ ਹਨ ਪਰ ਉਸ ਨੂੰ ਨਹੀਂ ਲਗਦਾ ਕਿ ਉਹ ਆਪਣੇ ਮਾਪਿਆਂ ਨੂੰ ਪੱਕੇ ਤੌਰ 'ਤੇ ਅਮਰੀਕਾ ਬੁਲਾ ਸਕਣਗੇ। ਵਕੀਲ ਨੇ ਇਸ ਸਾਲ ਦੇ ਸ਼ੁਰੂ ਵਿਚ ਹੀ ਅਮਰੀਕੀ ਸਿਟੀਜ਼ਨਸ਼ਿਪ ਲਈ ਅਰਜ਼ੀ ਲਾਈ ਸੀ ਅਤੇ ਅਗਲੇ ਮਹੀਨੇ ਉਸ ਦੀ ਇੰਟਰਵਿਊ ਹੋਣੀ ਹੈ। ਉਸ ਨੇ ਦੱਸਿਆ ਕਿ, "ਜੇ ਅਸੀਂ ਆਪਣੇ ਮਾਪਿਆਂ ਨੂੰ ਹੀ ਆਪਣੇ ਕੋਲ ਨਹੀਂ ਬੁਲਾ ਸਕਦੇ ਤਾਂ ਇਸ ਤੋਂ ਮਾੜਾ ਹੋਰ ਕੀ ਹੋ ਸਕਦਾ ਹੈ।" ਹੋਮਲੈਂਡ ਸਕਿਉਰਿਟੀ ਵਿਭਾਗ ਵੱਲੋਂ ਜਾਰੀ ਕੀਤੇ ਗਏ ਨਵੇਂ ਇਮੀਗ੍ਰੇਸ਼ਨ ਅੰਕੜਿਆਂ ਮੁਤਾਬਕ 2015 ਵਿਚ 10 ਲੱਖ ਪ੍ਰਵਾਸੀਆਂ ਵਿਚੋਂ 7 ਲੱਖ ਨੂੰ ਇਸ ਆਧਾਰ 'ਤੇ ਗ੍ਰੀਨ ਕਾਰਡ ਜਾਰੀ ਕਰ ਦਿੱਤਾ ਗਿਆ, ਕਿਉਂਕਿ ਉਨ੍ਹਾਂ ਦਾ ਕੋਈ ਨਜ਼ਦੀਕੀ ਰਿਸ਼ਤੇਦਾਰ ਅਮਰੀਕਾ ਦਾ ਸਿਟੀਜ਼ਨ ਸੀ। ਰੁਜ਼ਗਾਰ ਦੇ ਆਧਾਰ 'ਤੇ ਗ੍ਰੀਨ ਕਾਰਡ ਹਾਸਲ ਕਰਨ ਵਾਲਿਆਂ ਦੀ ਗਿਣਤੀ 14 ਫੀਸਦੀ ਦਰਜ ਕੀਤੀ ਗਈ। ਨਵੇਂ 'ਰੇਜ਼ ਐਕਟ' ਤਹਿਤ ਅਮਰੀਕੀ ਸਿਟੀਜ਼ਨ ਨਾਲ ਰਿਸ਼ਤੇਦਾਰੀ ਦੇ ਆਧਾਰ 'ਤੇ ਗ੍ਰੀਨ ਕਾਰਡ ਹਾਸਲ ਕਰਨ ਤੋਂ ਵਾਂਝੇ ਰਹਿਣ ਵਾਲਿਆਂ ਦੀ ਗਿਣਤੀ 3 ਲੱਖ ਦੇ ਕਰੀਬ ਦਰਜ ਕੀਤੀ ਗਈ ਹੈ। 'ਰੇਜ਼ ਐਕਟ' ਨੂੰ ਲੈ ਕੇ ਕੈਲੇਫੋਰਨੀਆ ਦੇ ਰੁਜ਼ਗਾਰਦਾਤਿਆਂ ਵਿਚ ਵੀ ਬਹਿਸ ਛਿੜੀ ਹੋਈ ਹੈ ਕਿ ਬਿੱਲ ਰਾਹੀਂ ਅਮਰੀਕੀਆਂ ਨੂੰ ਰੁਜ਼ਗਾਰ ਸੁਰੱਖਿਆ ਦੇਣ ਦਾ ਉਪਰਾਲਾ ਕੀਤਾ ਗਿਆ ਹੈ ਜਦਕਿ ਮਾਹਰਾਂ ਦਾ ਕਹਿਣਾ ਹੈ ਕਿ ਪ੍ਰਵਾਸੀਆਂ ਦੀ ਆਮਦ ਵਿਚ ਕਟੌਤੀ ਨਾਲ ਕਾਰੋਬਾਰੀਆਂ ਨੂੰ ਕਿਰਤੀ ਮਿਲਣੇ ਮੁਸ਼ਕਲ ਹੋ ਜਾਣਗੇ। ਖੇਤੀ ਖੇਤਰ ਤਾਂ ਪਹਿਲਾਂ ਹੀ ਕਿਰਤੀਆਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਿਸਾਨਾਂ ਦੀਆਂ ਫਲ-ਸਬਜ਼ੀਆਂ ਸਿਰਫ ਕਰ ਕੇ ਖੇਤਾਂ ਵਿਚ ਗਲ ਜਾਂਦੇ ਹਨ ਕਿਉਂਕਿ ਇਨ੍ਹਾਂ ਦੀ ਤੁੜਾਈ ਲਈ ਕਿਰਤੀ ਨਹੀਂ ਮਿਲਦੇ।

## ਚੋਣ ਕਮਿਸ਼ਨ ਦਾ ਸਵਾਲ-ਕੀ ਪਰਵਾਸੀ ਭਾਰਤੀਆਂ ਦਾ ਚੋਣ ਪ੍ਰਚਾਰ ਵੀਜ਼ਾ ਨਿਯਮਾਂ ਦੀ ਉਲੰਘਣਾ ?

**ਨਵੀਂ ਦਿੱਲੀ/ਬਿਊਰੋ ਨਿਊਜ਼ :** ਜੇ ਪਰਵਾਸੀ ਭਾਰਤੀ, ਭਾਰਤ ਵਿੱਚ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਚਾਰ ਕਰਦੇ ਹਨ ਤਾਂ ਕੀ ਉਹ ਆਪਣੀਆਂ ਵੀਜ਼ਾ ਸ਼ਰਤਾਂ ਦਾ ਉਲੰਘਣ ਕਰਨਗੇ? ਇਹ ਸਵਾਲ ਚੋਣ ਕਮਿਸ਼ਨ ਨੇ ਕਾਨੂੰਨ ਮੰਤਰਾਲੇ ਸਾਹਮਣੇ ਰੱਖਿਆ ਹੈ ਕਿਉਂਕਿ ਇਸ ਬਾਰੇ ਚੋਣ ਕਾਨੂੰਨ ਖ਼ਾਮੋਸ਼ ਹੈ ਕਿ ਭਾਰਤੀ ਚੋਣਾਂ ਵਿੱਚ ਕੌਣ ਪ੍ਰਚਾਰ ਕਰ ਸਕਦਾ ਹੈ।

ਹਾਲ ਹੀ ਵਿੱਚ ਨੇਪਰੇ ਚੜ੍ਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਜਦੋਂ ਪਰਵਾਸੀ ਭਾਰਤੀਆਂ ਨੇ ਰਾਜ ਵਿੱਚ ਆ ਕੇ 'ਆਪ' ਲਈ ਪ੍ਰਚਾਰ ਕੀਤਾ ਤਾਂ ਰਾਜ ਦੇ ਮੁੱਖ ਚੋਣ ਅਧਿਕਾਰੀ ਨੇ ਕਮਿਸ਼ਨ ਕੋਲ ਇਤਰਾਜ਼ ਉਠਾਇਆ ਸੀ ਕਿ ਕੀ ਪਰਵਾਸੀ ਭਾਰਤੀ ਅਜਿਹਾ ਕਰ ਸਕਦੇ ਹਨ। ਭਾਰਤੀ ਚੋਣਾਂ ਵਿੱਚ ਕੌਣ ਪ੍ਰਚਾਰ ਕਰ ਸਕਦਾ ਹੈ? ਇਸ ਬਾਰੇ ਚੋਣ ਕਾਨੂੰਨ ਖ਼ਾਮੋਸ਼ ਹੈ। ਇਸ ਸਬੰਧੀ ਕਿਸੇ ਵੀ ਪਾਰਟੀ ਨੇ ਕੋਈ ਸ਼ਿਕਾਇਤ ਨਹੀਂ ਕੀਤੀ, ਸਗੋਂ ਮੁੱਖ ਚੋਣ ਅਧਿਕਾਰੀ ਨੇ ਇਹ ਸਵਾਲ ਉਠਾਇਆ ਕਿਉਂਕਿ ਇਹ ਸਥਿਤੀ ਪਹਿਲੀ ਵਾਰ ਪੈਦਾ ਹੋਈ। 'ਲੋਕ ਪ੍ਰਤੀਨਿਧਤਾ ਐਕਟ' ਜਾਂ ਸਬੰਧਤ ਚੋਣ ਨਿਯਮ ਇਸ ਮੁੱਦੇ ਉਤੇ ਖ਼ਾਮੋਸ਼ ਹੋਣ ਕਾਰਨ ਕਮਿਸ਼ਨ ਨੇ ਵਿਦੇਸ਼ ਮੰਤਰਾਲੇ ਤੋਂ ਜਵਾਬ ਮੰਗਿਆ। ਚੋਣ ਕਮਿਸ਼ਨ ਤੇ ਸਰਕਾਰ ਵਿਚਾਲੇ ਚੱਲ ਰਹੇ ਪੱਤਰ ਵਿਹਾਰ ਤੋਂ ਜਾਣੂ ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਵਿਦੇਸ਼ ਮੰਤਰਾਲੇ ਨੇ ਕਾਨੂੰਨ ਮੰਤਰਾਲੇ ਤੋਂ ਜਵਾਬ ਮੰਗਣ ਲਈ ਆਖਿਆ। ਕਾਨੂੰਨ ਮੰਤਰਾਲਾ ਕਮਿਸ਼ਨ ਦੇ ਸਵਾਲ ਪਿਛਲੇ ਕਾਰਨ ਜਾਣਨਾ ਚਾਹੁੰਦਾ ਹੈ। ਕਮਿਸ਼ਨ ਵੱਲੋਂ ਵਿਸਤਾਰ ਤੇ ਪਿਛੋਕੜ ਬਾਰੇ ਦੱਸਣ ਮਗਰੋਂ ਮੰਤਰਾਲੇ ਨੇ ਹਾਲੇ ਚੋਣ ਕਮਿਸ਼ਨ ਨੂੰ ਜਵਾਬ ਨਹੀਂ ਦਿੱਤਾ।

# ਮੁਜ਼ੱਫਰਨਗਰ ਹਾਦਸੇ 'ਚ 24 ਜਾਨਾਂ ਗਈਆਂ, 150 ਤੋਂ ਵੱਧ ਜ਼ਖ਼ਮੀ

## ਅਣਗਹਿਲੀ ਬਣੀ ਰੇਲ ਹਾਦਸੇ ਦਾ ਕਾਰਨ, ਚਾਰ ਇੰਜਨੀਅਰ ਮੁਅੱਤਲ

**ਮੁਜ਼ੱਫਰਨਗਰ/ਨਵੀਂ ਦਿੱਲੀ/ਬਿਊਰੋ ਨਿਊਜ਼ :** ਹਾਲੀਆ ਸਮਿਆਂ ਦੇ ਸਭ ਤੋਂ ਭਿਆਨਕ ਰੇਲ ਹਾਦਸਿਆਂ ਵਿੱਚੋਂ ਇਕ ਉਤਕਲ ਐਕਸਪ੍ਰੈੱਸ ਦੇ ਲੀਹੋਂ ਲੱਥਣ ਪਿੱਛੇ ਸਥਾਨਕ ਪੱਧਰ ਉਤੇ ਹੋਈ ਅਣਗਹਿਲੀ ਜ਼ਿੰਮੇਵਾਰ ਹੈ। ਇਸ ਹਾਦਸੇ ਵਿੱਚ 24 ਜਣਿਆਂ ਦੀ ਜਾਨ ਗਈ ਅਤੇ 150 ਤੋਂ ਵੱਧ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚੋਂ 26 ਦੀ ਹਾਲਤ ਗੰਭੀਰ ਹੈ। ਇਸ ਦੌਰਾਨ ਉੱਤਰੀ ਰੇਲਵੇ ਦੇ ਜਨਰਲ ਮੈਨੇਜਰ ਆਰ.ਐਨ. ਕੁਲਸ਼੍ਰੇਸ਼ਠ ਨੂੰ ਛੁੱਟੀ ਉਤੇ ਭੇਜ ਦਿੱਤਾ ਗਿਆ ਅਤੇ ਉੱਤਰ ਰੇਲਵੇ ਦੇ ਚੀਫ ਟਰੈਕ ਇੰਜਨੀਅਰ ਦਾ ਤਬਾਦਲਾ ਕਰ ਦਿੱਤਾ ਗਿਆ। ਡਿਵੀਜ਼ਨਲ ਰੇਲਵੇ ਮੈਨੇਜਰ (ਦਿੱਲੀ) ਤੇ ਮੈਂਬਰ ਇੰਜਨੀਅਰ (ਰੇਲਵੇ ਬੋਰਡ) ਨੂੰ ਵੀ ਛੁੱਟੀ ਉਤੇ ਭੇਜਿਆ ਗਿਆ ਹੈ। ਰੇਲ ਪਟੜੀਆਂ ਦੀ ਮੁਰੰਮਤ ਲਈ ਜ਼ਿੰਮੇਵਾਰ ਜੂਨੀਅਰ ਇੰਜਨੀਅਰ ਅਤੇ ਸੀਨੀਅਰ ਸੈਕਸ਼ਨ ਇੰਜਨੀਅਰ (ਪਰਮਾਨੈਂਟ ਵੇਅ), ਸਹਾਇਕ ਇੰਜਨੀਅਰ ਅਤੇ ਸੀਨੀਅਰ ਡਿਵੀਜ਼ਨਲ ਇੰਜਨੀਅਰ ਨੂੰ ਮੁਅੱਤਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਰੇਲ ਮੰਤਰੀ ਸੁਰੇਸ਼ ਪ੍ਰਭੂ ਵੱਲੋਂ ਰੇਲਵੇ ਬੋਰਡ ਦੇ ਚੇਅਰਮੈਨ ਨੂੰ ਮੁੱਢਲੀ ਨਜ਼ਰੇ ਮਿਲੇ ਸਬੂਤਾਂ ਦੇ ਆਧਾਰ ਉਤੇ ਜ਼ਿੰਮੇਵਾਰੀ ਤੈਅ ਕਰਨ ਲਈ ਕਹਿਣ ਤੋਂ ਬਾਅਦ ਹਾਦਸੇ ਦੇ ਕਾਰਨਾਂ ਦੀ ਜਾਂਚ ਦਾ ਹੁਕਮ ਦਿੱਤਾ ਗਿਆ ਸੀ। ਡਿਵੀਜ਼ਨਲ ਰੇਲਵੇ ਮੈਨੇਜਰ (ਦਿੱਲੀ ਡਿਵੀਜ਼ਨ) ਆਰ.ਐਨ. ਸਿੰਘ ਨੇ ਕਿਹਾ ਕਿ ਉੜੀਸਾ ਦੇ ਪੁਰੀ ਤੋਂ



ਉੱਤਰਾਖੰਡ ਦੇ ਹਰਿਦੁਆਰ ਜਾ ਰਹੀ ਇਸ ਰੇਲ ਗੱਡੀ ਦੇ 13 ਡੱਬੇ ਪਟੜੀ ਤੋਂ ਉਤਰ ਗਏ ਸਨ। ਉਨ੍ਹਾਂ ਕਿਹਾ ਕਿ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਤੋਂ ਵੱਧ ਉਤੇ ਚੱਲ ਰਹੀ ਇਸ ਗੱਡੀ ਦੇ ਛੇ ਡੱਬਿਆਂ ਨੂੰ ਕਾਫ਼ੀ ਨੁਕਸਾਨ ਪੁੱਜਿਆ। ਇਨ੍ਹਾਂ ਵਿੱਚੋਂ ਇਕ ਡੱਬਾ ਇਕ ਘਰ ਵਿੱਚ ਵੜ ਗਿਆ। ਰੇਲਵੇ ਬੋਰਡ ਦੇ ਮੈਂਬਰ ਟਰੈਫਿਕ ਮੁਹੰਮਦ ਜਮਸ਼ੇਦ ਨੇ ਨਵੀਂ ਦਿੱਲੀ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਪਤਾ ਚੱਲਿਆ ਕਿ ਹਾਦਸੇ ਵਾਲੀ ਥਾਂ ਪਟੜੀਆਂ ਦੀ ਮੁਰੰਮਤ ਚੱਲ ਰਹੀ ਸੀ। ਸ਼ਾਇਦ ਇਸ ਕਾਰਨ ਰੇਲ ਗੱਡੀ ਲੀਹੋਂ ਲੱਥੀ।

# 6 ਮਹੀਨੇ ਬਾਅਦ ਹੀ ਅੰਨਾ ਡੀਐਮਕੇ ਧੜੇ ਹੋਏ ਇਕਜੁੱਟ

### *ਪਨੀਰਸੇਲਵਮ ਨੇ ਉਪ ਮੁੱਖ ਮੰਤਰੀ ਵਜੋਂ ਹਲਫ਼ ਲਿਆ*



**ਚੇਨੱਈ/ਬਿਊਰੋ ਨਿਊਜ਼ :** ਤਾਮਿਲ ਨਾਡੂ ਵਿੱਚ 6 ਮਹੀਨਿਆਂ ਦੀ ਕੁੜੱਤਣ ਭਰੀ ਵਿੱਥ ਬਾਅਦ ਅੰਨਾ ਡੀਐਮਕੇ ਦੇ ਵਿਰੋਧੀ ਧੜੇ ਇਕਜੁੱਟ ਹੋ ਗਏ ਹਨ। ਕੇ ਪਲਾਨੀਸਵਾਮੀ ਮੁੱਖ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣਗੇ ਅਤੇ ਓ ਪਨੀਰਸੇਲਵਮ ਨੇ ਉਪ ਮੰਤਰੀ ਵਜੋਂ ਹਲਫ਼ ਲਿਆ ਹੈ। ਸ੍ਰੀ ਪਨੀਰਸੇਲਵਮ ਤਾਮਿਲ ਨਾਡੂ ਵਿੱਚ ਸੱਤਾਧਾਰੀ ਅੰਨਾ ਡੀਐਮਕੇ ਦੇ ਕੋਆਰਡੀਨੇਟਰ ਵੀ ਹੋਣਗੇ ਜਦੋਂ ਕਿ ਪਲਾਨੀਸਵਾਮੀ ਕੋ-ਕੋਆਰਡੀਨੇਟਰ ਹੋਣਗੇ। ਇਨ੍ਹਾਂ ਦੇ ਆਗੂਆਂ, ਜਿਨ੍ਹਾਂ ਨੇ ਸ਼ਸ਼ੀਕਲਾ ਨੂੰ ਪਾਰਟੀ ਦਾ ਜਨਰਲ ਸਕੱਤਰ ਨਿਯੁਕਤ ਕਰਨ ਉਤੇ ਸਵਾਲ ਉਠਾਏ ਸਨ, ਦੀ ਅਗਵਾਈ ਵਾਲੇ ਧੜਿਆਂ ਵਿੱਚ ਕਈ ਹਫ਼ਤਿਆਂ ਤਕ ਚੱਲੀ ਸੌਦੇਬਾਜ਼ੀ ਬਾਅਦ ਇਥੇ ਕੈਬਨਿਟ ਵਿੱਚ ਫੇਰ-ਬਦਲ ਕੀਤਾ ਗਿਆ ਹੈ। ਦੋਵੇਂ ਆਗੂਆਂ ਨੇ ਇਸ ਰਲੇਵੇਂ ਨੂੰ 'ਇਤਿਹਾਸਕ' ਦੱਸਦਿਆਂ ਇਕ ਦੂਜੇ ਨੂੰ 'ਅੰਨਾ' ਦੱਸਿਆ। ਪਲਾਨੀਸਵਾਮੀ ਨੇ ਪਾਰਟੀ ਮਾਮਲਿਆਂ ਵਾਸਤੇ 11 ਮੈਂਬਰੀ ਸੰਚਾਲਨ ਕਮੇਟੀ ਐਲਾਨੀ ਹੈ, ਜਿਸ ਦੇ ਮੈਂਬਰ ਬਾਅਦ ਵਿਚ ਐਲਾਨੇ ਜਾਣਗੇ। ਸਾਬਕਾ ਮੁੱਖ ਮੰਤਰੀ ਪਨੀਰਸੇਲਵਮ ਨੂੰ ਵਿੱਤ ਸਮੇਤ ਹੋਰ ਵਿਭਾਗ ਵੀ ਦਿੱਤੇ ਗਏ ਹਨ ਜਦੋਂ ਕਿ ਉਨ੍ਹਾਂ ਦੇ ਕਰੀਬੀ ਤੇ ਸਾਬਕਾ ਮੰਤਰੀ ਕੇ ਪਾਂਡੀਆਰਾਜਨ ਨੂੰ ਸਭਿਆਚਾਰ ਮੰਤਰੀ ਵਜੋਂ ਰਾਜਪਾਲ ਵਿਦਿਆਸਾਗਰ ਰਾਓ ਨੇ ਸਹੁੰ ਚੁਕਾਈ। ਸ਼ਸ਼ੀਕਲਾ, ਜੋ ਵੱਢੀ ਕੇਸ ਵਿੱਚ ਜੇਲ੍ਹ ਅੰਦਰ ਹੈ, ਦੇ ਵਫ਼ਾਦਾਰ ਕਹਿ ਰਹੇ ਹਨ ਕਿ ਪਾਰਟੀ ਕੇਡਰ ਉਨ੍ਹਾਂ ਨਾਲ ਹੈ। ਪਾਰਟੀ ਵਿੱਚੋਂ ਲਾਂਭੇ ਕੀਤੀ ਇਸ ਆਗੂ ਤੇ ਉਸ ਦੇ ਰਿਸ਼ਤੇਦਾਰ ਦਿਨਾਕਰਨ ਦੇ ਪਾਰਟੀ ਵਿੱਚ ਭਵਿੱਖ ਬਾਰੇ ਬੇਯਕੀਨੀ ਬਣੀ ਹੋਈ ਹੈ। ਸੀਨੀਅਰ ਪਾਰਟੀ ਆਗੂ ਤੇ ਰਾਜ ਸਭਾ ਮੈਂਬਰ ਆਰ ਵੈਤੀਲਿੰਗਮ ਨੇ ਕਿਹਾ ਕਿ ਜਨਰਲ ਸਕੱਤਰ ਵੀ ਕੇ ਸ਼ਸ਼ੀਕਲਾ ਨੂੰ ਅਹੁਦੇ ਤੋਂ ਹਟਾਉਣ ਲਈ ਕਦਮ ਚੁੱਕੇ ਜਾਣਗੇ।

ਦੱਸਣਯੋਗ ਹੈ ਕਿ ਪਨੀਰਸੇਲਵਮ ਵੱਲੋਂ ਸ਼ਸ਼ੀਕਲਾ ਖ਼ਿਲਾਫ਼ ਬਗ਼ਾਵਤ ਕੀਤੇ ਜਾਣ ਕਾਰਨ ਫਰਵਰੀ ਵਿਚ ਪਾਰਟੀ ਦੋ-ਫਾੜ ਹੋ ਗਈ ਸੀ। ਸਾਬਕਾ ਮੁੱਖ ਮੰਤਰੀ ਨੇ ਅਹੁਦੇ ਤੋਂ ਅਸਤੀਫ਼ੇ ਲਈ ਮਜਬੂਰ ਕਰਨ ਦੀ ਗੱਲ ਕਰਦਿਆਂ ਕਿਹਾ ਸੀ ਕਿ ਲੋਕਾਂ ਤੇ ਕੇਡਰ ਵੱਲੋਂ ਪਸੰਦ ਕੀਤੇ ਜਾਣ ਵਾਲੇ ਵਿਅਕਤੀ ਨੂੰ ਹੀ ਸਰਕਾਰ ਤੇ ਪਾਰਟੀ ਵਿਚ ਉਨ੍ਹਾਂ ਦੀ ਜਗ੍ਹਾ ਲੈਣੀ ਚਾਹੀਦੀ ਹੈ। ਪਨੀਰਸੇਲਵਮ ਨੂੰ ਤੁਰੰਤ ਪਾਰਟੀ ਦੇ ਖਜ਼ਾਨਚੀ ਵਜੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਇਸ ਬਾਅਦ ਸ਼ਸ਼ੀਕਲਾ ਨੇ ਬੰਗਲੌਰ ਵਿਚ ਸਜ਼ਾ ਭੁਗਤਣ ਜਾਣ ਤੋਂ ਪਹਿਲਾਂ ਪਲਾਨੀਸਵਾਮੀ ਨੂੰ ਪਾਰਟੀ ਦੇ ਵਿਧਾਇਕ ਦਲ ਦਾ ਨੇਤਾ ਬਣਾ ਦਿੱਤਾ ਸੀ। ਪਲਾਨੀਸਵਾਮੀ ਤੇ ਉਸ ਦੇ ਕੈਬਨਿਟ ਸਾਥੀਆਂ ਨੇ ਅਪ੍ਰੈਲ ਵਿਚ ਪਹਿਲੀ ਵਾਰ ਦਿਨਾਕਰਨ ਖ਼ਿਲਾਫ਼ ਸਟੈਂਡ ਲੈਣ ਦਾ ਸੰਕੇਤ ਦਿੱਤਾ ਸੀ। 10 ਅਗਸਤ ਨੂੰ ਮੀਟਿੰਗ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਦਿਨਾਕਰਨ ਦੀ ਨਿਯੁਕਤੀ ਪਾਰਟੀ ਦੇ ਨਿਯਮਾਂ ਉਲਟ ਸੀ। ਇਸ ਬਾਅਦ ਸਰਕਾਰ ਨੇ ਜੈਲਲਿਤਾ ਦੀ ਮੌਤ ਦੇ ਕਾਰਨਾਂ ਦੀ ਜਾਂਚ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਅੰਮਾ ਦੀ ਪੋਇਸ ਗਾਰਡਨ ਰਿਹਾਇਸ਼ ਨੂੰ ਯਾਦਗਾਰ ਵਿਚ ਤਬਦੀਲ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ, 'ਮੈਂ ਪਨੀਰਸੇਲਵਮ ਤੇ ਹੋਰਾਂ, ਜਿਨ੍ਹਾਂ ਨੇ ਹਲਫ਼ ਲਿਆ ਹੈ, ਨੂੰ ਵਧਾਈ ਦਿੰਦਾ ਹਾਂ। ਮੈਨੂੰ ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿਚ ਤਾਮਿਲ ਨਾਡੂ ਵਿਕਾਸ ਦੀਆਂ ਨਵੀਂ ਬੁਲੰਦੀਆਂ ਛੂਹੇਗਾ। ਤਾਮਿਲ ਨਾਡੂ ਦੇ ਵਿਕਾਸ ਲਈ ਕੇਂਦਰ ਸਰਕਾਰ ਹਰ ਸੰਭਵ ਮਦਦ ਦਾ ਭਰੋਸਾ ਦਿੰਦੀ ਹੈ।'

ਬੰਗਲੌਰ: ਮੀਡੀਆ ਵਿੱਚ ਸਾਹਮਣੇ ਆਈ ਇਕ ਤਾਜ਼ਾ ਸੀਸੀਟੀਵੀ ਫੁਟੇਜ ਵਿੱਚ ਇਥੇ ਕੇਂਦਰੀ ਜੇਲ੍ਹ ਵਿੱਚ ਸਜ਼ਾ ਭੁਗਤ ਰਹੀ ਅੰਨਾ ਡੀਐਮਕੇ ਆਗੂ ਵੀ.ਕੇ. ਸ਼ਸ਼ੀਕਲਾ ਸ਼ੱਕੀ ਹਾਲਤ ਵਿੱਚ ਜੇਲ੍ਹ ਵਿਚ ਦਾਖ਼ਲ ਹੁੰਦੀ ਦਿਖਾਈ ਦੇ ਰਹੀ ਹੈ, ਜਿਨ੍ਹਾਂ ਕੱਪੜੇ ਵੀ ਕੈਦੀਆਂ ਵਾਲੇ ਨਹੀਂ ਪਹਿਨੇ ਹੋਏ। ਇਹ ਫੁਟੇਜ ਸਾਬਕਾ ਡੀਆਈਜੀ (ਜੇਲ੍ਹਾਂ) ਡੀ. ਰੂਪਾ ਨੇ ਇਨ੍ਹਾਂ ਦੋਸ਼ਾਂ ਦੇ ਸਬੂਤ ਵਜੋਂ ਪੇਸ਼ ਕੀਤੀ ਹੈ ਕਿ ਬੀਬੀ ਸ਼ਸ਼ੀਕਲਾ ਦੀ ਜੇਲ੍ਹ ਵਿੱਚ ਖ਼ਾਤਰਦਾਰੀ ਹੋ ਰਹੀ ਹੈ।

# *ਗੁਰਦਾਸਪੁਰ ਜ਼ਿਮਨੀ ਚੋਣ :* ਕਾਂਗਰਸ ਤੇ ਭਾਜਪਾ ਵਲੋਂ ਯੁਵਰਾਜ ਤੇ ਹਰਭਜਨ ਖੇਡ ਸਕਦੇ ਨੇ ਸਿਆਸੀ ਪਾਰੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਗਾਮੀ ਗੁਰਦਾਸਪੁਰ ਚੋਣਾਂ ਲਈ ਪੰਜਾਬ ਵਿੱਚ ਸਿਆਸੀ ਜੱਦੋ-ਜਹਿਦ ਰਫਤਾਰ ਫੜ ਰਹੀ ਹੈ। ਇਸ ਵਾਰ ਇਹ ਮੁਕਾਬਲਾ ਦਿਲਚਸਪ ਹੁੰਦਾ ਜਾਪ ਰਿਹਾ ਹੈ। ਭਾਵੇਂ ਰਸਮੀ ਤੌਰ 'ਤੇ ਕੋਈ ਐਲਾਨ ਨਹੀਂ ਹੋਇਆ ਪਰ ਸਿਆਸੀ ਪਾਰਟੀਆਂ ਖ਼ਾਸ ਕਰ ਕੇ ਭਾਜਪਾ ਤੇ ਕਾਂਗਰਸ ਇਸ ਵਾਰ ਹਾਈ ਕਮਾਨ ਨੇ ਯੋਗ ਤੇ ਹਰਮਨ ਪਿਆਰੇ ਉਮੀਦਵਾਰਾਂ ਦੀ ਅੰਦਰਖਾਤੇ ਭਾਲ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਭਾਜਪਾ ਹਾਈ ਕਮਾਨ ਪਹਿਲਾਂ ਦੀ ਤਰਜ਼ 'ਤੇ ਜ਼ਿਮਨੀ ਚੋਣ ਲਈ ਮਸ਼ਹੂਰ ਹਸਤੀ ਨੂੰ ਚੋਣ ਮੈਦਾਨ ਵਿਚ ਉਤਾਰਨਾ ਚਾਹੁੰਦੀ ਹੈ। ਇਸੇ ਤਰ੍ਹਾਂ ਕਾਂਗਰਸ ਹਾਈ ਕਮਾਨ, ਖ਼ਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਲਈ ਇਹ ਸੀਟ ਇੱਜ਼ਤ ਦਾ ਸਵਾਲ ਬਣ ਗਈ ਹੈ ਤੇ ਕਾਂਗਰਸ ਵੀ ਕਿਸੇ ਵੱਡੇ ਚਿਹਰੇ 'ਤੇ ਦਾਅ ਖੇਡਣਾ ਚਾਹੁੰਦੀ ਹੈ।

ਮੁਕਾਬਲੇ ਲਈ ਜਿਨ੍ਹਾਂ ਦੇ ਨਾਂਅ ਸਾਹਮਣੇ ਆ ਰਹੇ ਨੇ ਉਨ੍ਹਾਂ ਵਿੱਚ ਬੜੀਆਂ ਸਮਾਨਤਾਵਾਂ ਹਨ। ਦੋਵੇਂ ਬੜੇ ਚੰਗੇ ਦੋਸਤ ਵੀ ਹਨ ਤੇ ਦੋਵੇਂ ਹੀ ਕ੍ਰਿਕਟਰ ਵੀ। ਇਨ੍ਹਾਂ ਦੋਹਾਂ ਦੋਸਤਾਂ ਦੇ ਨਾਂਅ ਹਨ ਕ੍ਰਿਕਟਰ ਹਰਭਜਨ ਸਿੰਘ ਉਰਫ਼ ਭੱਜੀ ਅਤੇ ਯੁਵਰਾਜ ਸਿੰਘ। ਭਾਜਪਾ ਵਲੋਂ ਜਿੱਥੇ ਭੱਜੀ ਨੂੰ ਡੋਰੇ ਪਾਏ ਜਾ ਰਹੇ ਹਨ, ਉੱਥੇ ਹੀ ਕਾਂਗਰਸ ਪਾਰਟੀ ਵੱਲੋਂ ਯੁਵਰਾਜ ਸਿੰਘ ਨੂੰ ਕੈਪਟਨ ਅਮਰਿੰਦਰ ਸਿੰਘ ਦੁਆਰਾ ਥਾਪੜਾ ਮਿਲਣ ਦੀਆਂ ਖ਼ਬਰਾਂ ਆ ਰਹੀਆਂ ਨੇ ਹਾਲਾਂਕਿ ਕਿਸੇ ਕਿਸਮ ਦੀ ਪੁਸ਼ਟੀ ਨਹੀਂ ਕੀਤੀ ਗਈ।



ਖ਼ਬਰ ਹੈ ਕਿ ਭਾਜਪਾ ਵੱਲੋਂ ਪਹਿਲਾਂ ਫਿਲਮ ਅਦਾਕਾਰ ਅਨੁਪਮ ਖੇਰ ਅਤੇ ਸਵਰਗੀ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਦੇ ਨਾਂਅ ਬਾਰੇ ਵਿਚਾਰ ਕੀਤਾ ਜਾ ਰਿਹਾ ਸੀ ਪਰ ਭੱਜੀ ਦੇ ਰਾਜਨੀਤੀ ਵਿੱਚ ਆਉਣ ਦੀ ਇੱਛਾ ਜ਼ਾਹਰ ਕਰਨ ਤੋਂ ਬਾਅਦ ਭੱਜੀ ਦਾ ਨਾਂਅ ਇਸ ਲਿਸਟ ਵਿੱਚ ਮੋਹਰੀ ਬਣ ਰਿਹਾ ਹੈ। ਹਾਲਾਂਕਿ ਭਾਜਪਾ ਦਾ ਇਕ ਗੁੱਟ ਮਰਹੂਮ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਨੂੰ ਹਮਦਰਦੀ ਦੀ ਵੋਟ ਲੈਣ ਲਈ ਚੋਣ ਮੈਦਾਨ ਵਿਚ ਉਤਾਰਨ ਦੀ ਦਲੀਲ ਦੇ ਰਿਹਾ ਹੈ। ਪਰ ਪਾਰਟੀ ਦੇ ਕਈ ਆਗੂ ਕਵਿਤਾ ਖੰਨਾ ਨੂੰ ਉਮੀਦਵਾਰ ਬਣਾਉਣ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਪਿਛਲੀਆਂ ਚੋਣਾਂ ਦੌਰਾਨ ਉਹ ਕੁਝ ਹਲਕਿਆਂ, ਪਿੰਡਾਂ 'ਚ ਪਾਰਟੀ ਵਰਕਰਾਂ, ਲੋਕਾਂ ਨਾਲ ਸਖ਼ਤੀ ਨਾਲ ਪੇਸ਼ ਆਏ ਸਨ, ਜਿਸ ਕਰਕੇ ਸਥਾਨਕ ਆਗੂ ਕਵਿਤਾ ਦਾ ਵਿਰੋਧ ਕਰ ਰਹੇ ਹਨ ਕਿ ਲੋਕਲ ਉਮੀਦਵਾਰ ਨੂੰ ਟਿਕਟ ਦਿੱਤੀ ਜਾਵੇ ਕਿਉਂਕਿ ਸੈਲੇਬ੍ਰਿਟੀ ਚੋਣ ਜਿੱਤਣ ਤੋਂ ਬਾਅਦ ਹਲਕੇ ਵਿਚ ਨਹੀਂ ਆਉਂਦਾ। ਇਸ ਤਰ੍ਹਾਂ ਸਵਰਨ ਸਲਾਰੀਆ ਵੀ ਟਿਕਟ ਲੈਣ ਲਈ ਜੋੜ-ਤੋੜ ਕਰ ਰਿਹਾ ਹੈ। ਉਸ ਦਾ ਮੁੰਬਈ ਵਿਚ ਵੱਡਾ ਕਾਰੋਬਾਰ ਹੈ। ਸਥਾਨਕ ਭਾਜਪਾ ਆਗੂ ਵੀ ਉਸ ਨੂੰ ਟਿਕਟ ਦਿਵਾਉਣਾ ਚਾਹੁੰਦੇ ਹਨ।

ਉੱਧਰ ਯੁਵਰਾਜ ਦੇ ਨੇੜਲਿਆਂ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਕਾਰ ਇਸ ਮੁੱਦੇ ਨੂੰ ਲੈ ਕੇ ਮੀਟਿੰਗ ਹੋਣ ਦੇ ਚਰਚੇ ਹੋ ਰਹੇ ਹਨ। ਹਾਲਾਂਕਿ ਪ੍ਰਾਪਤ ਰਿਪੋਰਟਾਂ ਅਨੁਸਾਰ ਯੁਵਰਾਜ ਸਿੰਘ ਨੇ ਹਾਲੇ ਕੁਝ ਸਾਲ ਹੋਰ ਕ੍ਰਿਕਟ ਖੇਡਣ ਦੀ ਇੱਛਾ ਹੋਣ ਕਰਕੇ ਇਸ ਬਾਰੇ ਮਨ ਨਹੀਂ ਬਣਾਇਆ। ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਯੁਵਰਾਜ ਸਿੰਘ ਨੂੰ ਡੇਰੇ ਰਾਹੀਂ ਇਸ ਬਾਰੇ ਰਾਜ਼ੀ ਕਰਨ ਦੀ ਤਾਕ ਵਿੱਚ ਹਨ, ਜਿਸ ਡੇਰੇ ਵਿੱਚ ਯੁਵਰਾਜ ਸਿੰਘ ਕਾਫੀ ਸ਼ਰਧਾ ਰੱਖਦੇ ਹਨ। 2019 ਦੀਆਂ ਆਮ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਜ਼ਿਮਨੀ ਚੋਣ ਜਿੱਤ ਕੇ ਜੇਤੂ ਸ਼ੁਰੂਆਤ ਦਾ ਸੁਨੇਹਾ ਦੇਣਾ ਚਾਹੁੰਦੀ ਹੈ। ਕਾਂਗਰਸ ਲਈ ਜਿੱਤਣਾ ਇਸ ਲਈ ਵੀ ਇੱਜ਼ਤ ਦਾ ਸਵਾਲ ਹੈ ਕਿ ਫਰਵਰੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਵੱਡੀ ਜਿੱਤ ਹਾਸਲ ਕੀਤੀ ਹੈ ਤੇ ਗੁਰਦਾਸਪੁਰ ਲੋਕ ਸਭਾ ਹਲਕੇ ਵਿਚ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿਚ ਕਾਂਗਰਸ ਨੂੰ ਚੰਗੀ ਲੀਡ ਮਿਲੀ ਹੈ। ਹਾਲਾਂਕਿ ਇਸ ਸੀਟ 'ਤੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਆਪਣੇ ਪਤਨੀ ਚਰਨਜੀਤ ਕੌਰ ਬਾਜਵਾ ਨੂੰ ਟਿਕਟ ਦੇਣ ਲਈ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਵੀ ਲਿਖੀ ਹੈ। ਪਰ ਪਾਰਟੀ ਦੇ ਗੁਰਦਾਸਪੁਰ ਨਾਲ ਸਬੰਧਤ ਵਿਧਾਇਕਾਂ ਵਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵਲੋਂ ਤਾਂ ਇਥੋਂ ਤਕ ਕਹਿ ਦਿੱਤਾ ਗਿਆ ਹੈ ਕਿ ਜੇਕਰ ਪ੍ਰਤਾਪ ਸਿੰਘ ਆਪਣੀ ਪਤਨੀ ਲਈ ਟਿਕਟ ਮੰਗ ਸਕਦਾ ਹੈ ਤਾਂ ਉਹ ਵੀ ਆਪਣੇ ਬੇਟੇ ਦਮਨਪ੍ਰੀਤ ਸਿੰਘ ਬਾਜਵਾ ਉਰਫ਼ ਦੀਪੂ ਲਈ ਟਿਕਟ ਦਾ ਦਾਅਵਾ ਕਰ ਸਕਦੇ ਹਨ।

ਮਰਹੂਮ ਵਿਨੋਦ ਖੰਨਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਗੁਰਦਾਸਪੁਰ ਸੀਟ ਪੰਜਾਬ ਦੀਆਂ ਸਿਆਸੀ ਪਾਰਟੀਆਂ ਲਈ ਵੱਡਾ ਸਵਾਲ ਬਣ ਗਈ ਹੈ। ਸਿਆਸੀ ਪਾਰਟੀਆਂ ਵੱਲੋਂ ਸੰਭਾਵੀ ਉਮੀਦਵਾਰ ਅਜਿਹੇ ਚੁਣੇ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਨ੍ਹਾਂ ਨਾਲ ਨੌਜਵਾਨਾਂ ਦਾ ਵੱਡਾ ਵਰਗ ਜੁੜਿਆ ਹੋਇਆ ਹੈ। ਆਉਣ ਵਾਲੇ ਦਿਨਾਂ ਵਿੱਚ ਇਸ ਮਾਮਲੇ ਤੋਂ ਪਰਦੇ ਚੁੱਕੇ ਜਾਣਗੇ ਤੇ ਨਿਸ਼ਚਿਤ ਹੀ ਪੰਜਾਬ 'ਤੇ ਇਨ੍ਹਾਂ ਚੋਣਾਂ ਦਾ ਰੰਗ ਬਾਖ਼ੂਬੀ ਚੜ੍ਹੇਗਾ।

# ਖ਼ੁਦਕੁਸ਼ੀਆਂ ਦੀ ਫ਼ਸਲ : ਕਰਜ਼ੇ ਦੀ ਪੰਡ ਨਾ ਸਹਾਰਦਿਆਂ ਪੰਜਾਬ ਦੇ 13 ਕਿਸਾਨਾਂ ਨੇ ਮੌਤ ਨੂੰ ਗਲ ਲਾਇਆ

ਪੰਜਾਬ ਵਿਚ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਅਦਾਰਾ 'ਅੰਮ੍ਰਿਤਸਰ ਟਾਈਮਜ਼' ਵਲੋਂ ਹਰ ਹਫ਼ਤੇ ਅਜਿਹੇ ਕਿਸਾਨਾਂ ਦੀ ਖ਼ਬਰ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਪੰਜਾਬ ਦੀ ਕਿਸਾਨੀ ਜਿਸ ਭਿਆਨਕ ਦੌਰ ਵਿਚੋਂ ਲੰਘ ਰਹੀ ਹੈ, ਉਹ ਬਹੁਤ ਹੀ ਚਿੰਤਾਜਨਕ ਹੈ। ਇਸ ਹਫ਼ਤੇ ਦੌਰਾਨ ਮਿਲੀਆਂ ਰਿਪੋਰਟਾਂ ਅਨੁਸਾਰ 13 ਦੇ ਕਰੀਬ ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਆਉਣ ਤੋਂ ਬਾਅਦ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਸੰਖਿਆ 200 ਦੇ ਕਰੀਬ ਪਹੁੰਚ ਚੁੱਕੀ ਹੈ ਤੇ ਸਰਕਾਰਾਂ ਵਲੋਂ ਕੋਈ ਸਾਰਥਕ ਕਦਮ ਨਾ ਚੁੱਕੇ ਜਾਣ ਕਾਰਨ ਇਹ ਲਗਾਤਾਰ ਵਧਦੀ ਜਾ ਰਹੀ ਹੈ।



**ਪਾਵਰਕੌਮ ਅਧਿਕਾਰੀਆਂ ਅੱਗੇ ਕਿਸਾਨ ਵੱਲੋਂ ਖ਼ੁਦਕੁਸ਼ੀ :**
**ਰੂੜੇਕੇ ਕਲਾਂ** : ਪਿੰਡ ਬਦਰਾ ਦੇ ਕਿਸਾਨ ਦਰਸ਼ਨ ਸਿੰਘ ਨੇ ਮੋਟਰ ਦੀ ਚੈਕਿੰਗ ਕਰਨ ਆਏ ਪਾਵਰਕੌਮ ਦੇ ਅਧਿਕਾਰੀਆਂ ਅੱਗੇ ਕੀਟਨਾਸ਼ਕ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਦਰਸ਼ਨ ਸਿੰਘ (55) ਕੋਲ ਦੋ ਏਕੜ ਜ਼ਮੀਨ ਸੀ ਅਤੇ ਉਸ ਦੀ ਇੱਕ ਲੱਤ ਵੀ ਕੱਟੀ ਹੋਈ ਸੀ। ਉਸ ਦਾ ਇਕ ਭਰਾ ਮੰਦਬੁੱਧੀ ਸੀ। ਖੇਤ 'ਚ ਮੋਟਰ ਨਾ ਹੋਣ ਕਾਰਨ ਉਹ ਜੈਨਰੇਟਰ 'ਤੇ ਡੀਜ਼ਲ ਫੂਕ ਕੇ ਝੋਨਾ ਪਾਲ ਰਿਹਾ ਸੀ। ਉਸ ਸਿਰ 7-8 ਲੱਖ ਰੁਪਏ ਕਰਜ਼ਾ ਸੀ। ਡੀਜ਼ਲ ਦਾ ਪ੍ਰਬੰਧ ਨਾ ਹੋਣ ਕਾਰਨ ਉਸ ਨੇ ਖੇਤ ਕੋਲੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ 'ਤੇ ਕੁੰਡੀ ਲਗਾ ਕੇ ਮੋਟਰ ਚਲਾ ਲਈ, ਜਿਸ ਨੂੰ ਪਾਵਰਕੌਮ, ਧਨੌਲਾ ਦੇ ਐਸਡੀਓ ਤੇ ਜੇਈ ਨੇ ਫੜ ਲਿਆ। ਇਸ ਤੋਂ ਦੁਖ਼ੀ ਹੋਏ ਕਿਸਾਨ ਨੇ ਖ਼ੇਤ ਵਿਚ ਹੀ ਜ਼ਹਿਰੀਲੀ ਦਵਾਈ ਨਿਗਲ ਲਈ। ਪਿੰਡ ਵਾਸੀਆਂ ਨੇ ਦੱਸਿਆ ਕਿ ਉਸ ਨੇ ਪੰਜ ਸਾਲ ਪਹਿਲਾਂ ਮੋਟਰ ਦੇ ਕੁਨੈਕਸ਼ਨ ਲਈ ਅਪਲਾਈ ਕੀਤਾ ਸੀ ਪਰ ਉਹ ਦਫ਼ਤਰਾਂ ਦੇ ਗੇੜੇ ਮਾਰ ਕੇ ਅੱਕ ਗਿਆ ਪਰ ਕੁਨੈਕਸ਼ਨ ਨਹੀਂ ਮਿਲਿਆ ਸੀ।

**ਪਿੰਡ ਦਲੇਲ ਸਿੰਘ ਵਾਲਾ ਦੇ ਅਜਮੇਰ ਸਿੰਘ ਨੇ ਕੀਤੀ ਖ਼ੁਦਕੁਸ਼ੀ :**
ਮਾਨਸਾ : ਮਾਨਸਾ ਜ਼ਿਲ੍ਹੇ ਦੇ ਪਿੰਡ ਦਲੇਲ ਸਿੰਘ ਵਾਲਾ ਦੇ ਕਿਸਾਨ ਅਜਮੇਰ ਸਿੰਘ (45) ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਜਦੋਂ ਕਿ ਇਸ ਪਿੰਡ ਵਿੱਚ ਖ਼ੁਦਕੁਸ਼ੀਆਂ ਬਾਰੇ ਗਠਿਤ ਵਿਧਾਨ ਸਭਾ ਕਮੇਟੀ ਵੱਲੋਂ ਫੇਰੀ ਪਾਈ ਜਾਣੀ ਸੀ। ਅੱਠ ਏਕੜ ਜ਼ਮੀਨ ਦੇ ਮਾਲਕ ਇਸ ਕਿਸਾਨ ਸਿਰ 11 ਲੱਖ ਰੁਪਏ ਕਰਜ਼ਾ ਸੀ। ਵਿਧਾਨ ਸਭਾ ਕਮੇਟੀ ਦੇ ਚੇਅਰਮੈਨ ਸੁਖਵਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿਚ ਵਿਧਾਇਕਾਂ ਦੀ ਟੀਮ ਇਸ ਕਿਸਾਨ ਦੇ ਸਸਕਾਰ 'ਤੇ ਪਹੁੰਚੀ।

**ਪਿੰਡ ਮਹਾਂਬੱਧਰ ਦੇ ਕਿਸਾਨ ਗੁਰਪ੍ਰੀਤ ਨੇ ਦਿੱਤੀ ਜਾਨ :**
ਸ੍ਰੀ ਮੁਕਤਸਰ ਸਾਹਿਬ/ਮੰਡੀ ਲੱਖੇਵਾਲੀ : 2 ਏਕੜ ਜ਼ਮੀਨ ਦਾ ਮਾਲਕ ਨੌਜਵਾਨ ਕਿਸਾਨ ਗੁਰਪ੍ਰੀਤ ਸਿੰਘ ਪਿੰਡ ਮਹਾਂਬੱਧਰ 15 ਲੱਖ ਦਾ ਕਰਜ਼ਈ ਸੀ ਅਤੇ ਇਸ ਪ੍ਰੇਸ਼ਾਨੀ ਕਾਰਨ ਉਸ ਨੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਨ ਲਈ 13 ਅਗਸਤ ਨੂੰ ਕੀਟਨਾਸ਼ਕ ਦਵਾਈ ਪੀ ਲਈ ਜਿਸ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਸਿਰ ਕਰੀਬ 10 ਲੱਖ ਰੁਪਏ ਆੜ੍ਹਤੀਏ ਦਾ ਅਤੇ 5 ਲੱਖ ਰੁਪਏ ਦਾ ਹੋਰ ਕਰਜ਼ਾ ਸੀ।
ਆੜ੍ਹਤੀਆਂ ਵੱਲੋਂ ਉਸ ਖ਼ਿਲਾਫ਼ ਇਕ ਕੇਸ ਵੀ ਕੀਤਾ ਹੋਇਆ ਸੀ, ਜਿਸ ਤੋਂ ਉਹ ਪਿਛਲੇ ਕਈ ਦਿਨਾਂ ਤੋਂ ਪ੍ਰੇਸ਼ਾਨ ਸੀ। ਗੁਰਪ੍ਰੀਤ ਸਿੰਘ ਕੋਲ ਸਿਰਫ 2 ਏਕੜ ਜ਼ਮੀਨ ਸੀ ਅਤੇ ਉਹ ਸੇਮ ਵਿਚ ਹੋਣ ਕਰਕੇ ਉਸ ਵਿਚ ਫ਼ਸਲ ਨਹੀਂ ਹੁੰਦੀ ਸੀ, ਜਿਸ ਮਗਰੋਂ ਕਿਸਾਨ ਨੇ ਆਪਣੇ ਘਰ ਪਰਿਵਾਰ ਦੇ ਗੁਜ਼ਾਰੇ ਲਈ 4 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਨਰਮਾ ਬੀਜਿਆ ਸੀ, ਜੋ ਚਿੱਟੇ ਮੱਛਰ ਤੇ ਭੂਰੀ ਜੂੰ ਦੇ ਹਮਲੇ ਕਾਰਨ ਲਗਪਗ ਖਤਮ ਹੋਣ ਕਿਨਾਰੇ ਸੀ।

**ਪਿੰਡ ਮਕਸੂਦੜਾ ਦੇ ਕਿਸਾਨ ਨੇ ਲਿਆ ਫਾਹਾ :**
ਬੀਜਾ : ਪੁਲੀਸ ਥਾਣਾ ਪਾਇਲ ਅਧੀਨ ਆਉਂਦੇ ਪਿੰਡ ਮਕਸੂਦੜਾ ਦੇ 28 ਸਾਲਾਂ ਨੌਜਵਾਨ ਕਿਸਾਨ ਕੁਲਦੀਪ ਸਿੰਘ ਉਰਫ਼ ਸੁੱਖਾ ਨੇ ਗਲ ਫਾਹਾ ਲਗਾ ਕੇ ਖੁਦਕੁਸ਼ੀ ਕਰ ਲਈ । ਉਹ ਮਾਪਿਆਂ ਦਾ ਇਕਲੌਤਾ ਅਤੇ ਕੁਆਰਾ ਪੁੱਤਰ ਸੀ। ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ ਉਸ ਦੇ ਸਿਰ ਪੰਜ ਲੱਖ ਦਾ ਕਰਜ਼ਾ ਸੀ, ਜਿਸ ਕਰਕੇ ਉਹ ਪਰੇਸ਼ਾਨ ਰਹਿੰਦਾ ਸੀ।

**ਪਿੰਡ ਮਿਰਜੇਆਣਾ ਦੇ ਚੰਦ ਸਿੰਘ ਨੇ ਨਿਗਲੀ ਜ਼ਹਿਰ :**
ਤਲਵੰਡੀ ਸਾਬੋ : ਸਬ ਡਿਵੀਜ਼ਨ ਦੇ ਪਿੰਡ ਮਿਰਜੇਆਣਾ ਦੇ ਕਿਸਾਨ ਚੰਦ ਸਿੰਘ (60) ਪੁੱਤਰ ਸੰਤ ਰਾਮ ਸਿੰਘ ਨੇ ਕਰਜ਼ੇ ਤੋਂ ਤੰਗ ਆ ਕੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ। ਕਿਸਾਨ ਆਪਣੇ ਦੋ ਪੁੱਤਰਾਂ ਤੋਂ ਵੱਖ ਰਹਿ ਕੇ ਆਪਣੀ ਛੇ ਏਕੜ ਜ਼ਮੀਨ ਵਿੱਚ ਖੇਤੀ ਕਰਦਾ ਸੀ। ਉਸ ਦੇ ਸਿਰ ਅੱਠ ਲੱਖ ਰੁਪਏ ਦਾ ਕਰਜ਼ਾ ਸੀ। ਇਸ ਦੌਰਾਨ ਪਿੰਡ ਲਹਿਰੀ ਦੇ ਦਲਿਤ ਪਰਿਵਾਰ ਨਾਲ ਸਬੰਧਤ ਜਗਤਾਰ ਸਿੰਘ (42) ਪੁੱਤਰ ਹਰਨੇਕ ਸਿੰਘ ਨੇ ਘਰ ਵਿੱਚ ਹੀ ਕੀਟਨਾਸ਼ਕ ਦਵਾਈ ਪੀ ਕੇ ਖੁਦਕੁਸ਼ੀ ਕਰ ਲਈ। ਉਹ ਘਰ ਦੀ ਆਰਥਿਕ ਹਾਲਤ ਤੇ ਆਪਣੀਆਂ ਦੋ ਧੀਆਂ ਦੇ ਵਿਆਹ ਨੂੰ ਲੈ ਕੇ ਫਿਕਰਮੰਦ ਸੀ।

**ਪਿੰਡ ਕੋਟਲੀ ਸੰਘਰ ਦੇ ਕੁਲਦੀਪ ਸਿੰਘ ਨੇ ਕੀਤੀ ਖ਼ੁਦਕੁਸੀ :**
ਸ੍ਰੀ ਮੁਕਤਸਰ ਸਾਹਿਬ : ਇਥੋਂ ਨੇੜਲੇ ਪਿੰਡ ਕੋਟਲੀ ਸੰਘਰ ਦੇ ਸਵਾ ਤਿੰਨ ਏਕੜ ਜ਼ਮੀਨ ਦੇ ਮਾਲਕ ਨੌਜਵਾਨ ਕਿਸਾਨ ਕੁਲਦੀਪ ਸਿੰਘ (23) ਨੇ ਖ਼ੁਦਕੁਸ਼ੀ ਕਰ ਲਈ ਹੈ। ਕਿਸਾਨ ਸਿਰ 3.40 ਲੱਖ ਰੁਪਏ ਦਾ ਕਰਜ਼ਾ ਸੀ।

**ਅਜੀਤਵਾਲ ਦੇ ਸੁਖਦੀਪ ਸਿੰਘ ਨੇ ਲਿਆ ਫਾਹਾ :**
ਮੋਗਾ : ਕਸਬਾ ਅਜੀਤਵਾਲ ਵਿੱਚ ਕਰਜ਼ੇ ਤੋਂ ਪਰੇਸ਼ਾਨ ਨੌਜਵਾਨ ਕਿਸਾਨ ਸੁਖਦੀਪ ਸਿੰਘ (35) ਫ਼ਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਪੀੜਤ 40 ਹਜ਼ਾਰ ਰੁਪਏ ਦਾ ਕਰਜ਼ਦਾਰ ਸੀ। ਪੁਲੀਸ ਨੇ ਸਿਵਲ ਹਸਪਤਾਲ ਤੋਂ ਪੋਸਟ ਮਾਰਟਮ ਬਾਅਦ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ।

**ਪਿੰਡ ਅਲੀਸ਼ੇਰ ਕਲਾਂ ਦੇ ਅਵਤਾਰ ਸਿੰਘ ਨੇ ਕੀਤੀ ਖ਼ੁਦਕੁਸੀ :**
ਮਾਨਸਾ : ਕਸਬਾ ਭੀਖੀ ਦੇ ਪਿੰਡ ਅਲੀਸ਼ੇਰ ਕਲਾਂ ਦੇ ਕਿਸਾਨ ਅਵਤਾਰ ਸਿੰਘ(42) ਨੇ ਕਰਜ਼ੇ ਦੀ ਵਧਦੀ ਪੰਡ ਤੋਂ ਪ੍ਰੇਸ਼ਾਨ ਹੋ ਕੇ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੇ ਭਰਾ ਸੁਖਦੇਵ ਸਿੰਘ ਨੇ ਦੱਸਿਆ ਕਿ ਅਵਤਾਰ ਸਿੰਘ ਕੋਲ ਚਾਰ ਏਕੜ ਜ਼ਮੀਨ ਸੀ, ਜੋ ਕਰਜ਼ਾ ਲਾਹੁੰਦਿਆਂ ਇੱਕ ਏਕੜ ਰਹਿ ਗਈ।

**ਪਿੰਡ ਜਤਾਲਾ ਦੇ ਜਰਨੈਲ ਸਿੰਘ ਨੇ ਦਿੱਤੀ ਜਾਨ :**
ਫ਼ਿਰੋਜ਼ਪੁਰ : ਪਿੰਡ ਜਤਾਲਾ ਦੇ ਕਿਸਾਨ ਜਰਨੈਲ ਸਿੰਘ ਨੇ ਕਰਜ਼ੇ ਦੀ ਵਧਦੀ ਪੰਡ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰ ਲਈ। ਕਿਸਾਨ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਖੇਤੀ ਲਈ ਚੁੱਕਿਆ ਕਰਜ਼ਾ ਹੀ ਉਸ ਦੀ ਮੌਤ ਦਾ ਕਾਰਣ ਬਣ ਗਿਆ। ਲਗਾਤਾਰ ਫਸਲਾਂ ਦੇ ਹੋ ਰਹੇ ਖਰਾਬੇ ਕਰਕੇ ਕਿਸਾਨ ਜਰਨੈਲ ਸਿੰਘ ਪ੍ਰੇਸ਼ਾਨ ਸੀ ਅਤੇ ਪਰਿਵਾਰ ਦੇ ਖਰਚੇ ਪੂਰੇ ਨਾ ਕਰ ਸਕਣ ਕਰਕੇ ਉਹ ਲਗਾਤਾਰ ਆੜਤੀ ਤੇ ਅਦਾਲਤਾਂ ਦੇ ਚਕਰਵਿਊ ਵਿੱਚ ਫਸਿਆ ਹੋਇਆ ਸੀ। ਉਸ ਦੀ ਅਦਾਲਤ ਵਿੱਚ ਤਰੀਕ ਸੀ, ਜਿਸ ਉਪਰੰਤ ਉਸ ਨੇ ਘਰ ਆ ਕੇ ਕੋਈ ਜ਼ਹਿਰੀਲੀ ਵਸਤੂ ਖਾ ਲਈ। ਕਿਸਾਨ ਸਿਰ ਆੜ੍ਹਤੀਏ ਦਾ 6 ਤੋਂ 7 ਲੱਖ ਕਰਜ਼ ਸੀ।

**ਪਿੰਡ ਗੁਲਾੜ੍ਹ ਦੇ ਸਰਵਣ ਸਿੰਘ ਨੇ ਲਿਆ ਫਾਹਾ :**
ਪਾਤੜਾਂ :ਪਿੰਡ ਗੁਲਾੜ੍ਹ ਵਿੱਚ ਕਰਜ਼ੇ ਦੀ ਪੰਡ ਹੇਠ ਦੱਬੇ ਛੋਟੇ ਕਿਸਾਨ ਸਰਵਣ ਸਿੰਘ ਪੁੱਤਰ ਕਿਸ਼ਨ ਚੰਦ ਨੇ ਫ਼ਾਹਾ ਲੈ ਲਿਆ। ਸ਼ੁਤਰਾਣਾ ਪੁਲੀਸ ਨੇ ਧਾਰਾ 174 ਤਹਿਤ ਕਾਰਵਾਈ ਕਰ ਕੇ ਲਾਸ਼ ਪੋਸਟਮਾਰਟਮ ਲਈ ਸਮਾਣਾ ਭੇਜ ਦਿੱਤੀ ਹੈ। ਪੀੜਤ ਕੋਲ ਪੰਜ ਛੇ ਕਨਾਲ ਜ਼ਮੀਨ ਸੀ ਤੇ ਉਹ ਸੱਠ ਹਜ਼ਾਰ ਰੁਪਏ ਦਾ ਕਰਜ਼ਾਈ ਸੀ। ਕਿਸਾਨ ਨੇ ਪਰਿਵਾਰਕ ਗੁਜ਼ਾਰੇ ਲਈ ਪ੍ਰਾਈਵੇਟ ਫਾਇਨਾਂਸਰ ਕੋਲੋਂ ਕਰਜ਼ਾ ਚੁੱਕ ਕੇ ਛੋਟਾ ਹਾਥੀ (ਟੈਂਪੂ) ਲਿਆ ਸੀ, ਪਰ ਸਮੇਂ ਸਿਰ ਕਿਸ਼ਤਾਂ ਨਾ ਤਾਰਨ ਕਰਕੇ ਫਾਈਨਾਂਸਰ ਟੈਂਪੂ ਖੋਹ ਕੇ ਲੈ ਗਏ ਜਿਸ ਕਰਕੇ ਉਹ ਚਿੰਤਾ ਵਿੱਚ ਰਹਿੰਦਾ ਸੀ। ਉਸ ਨੇ ਘਰ ਦੇ ਨਾਲ ਬਣੀ ਦੁਕਾਨ ਵਿੱਚ ਗਾਡਰ ਨਾਲ ਫ਼ਾਹਾ ਲੈ ਲਿਆ।

**ਪਿੰਡ ਅਲੀਪੁਰ ਦੇ ਜਗਦੇਵ ਸਿੰਘ ਨੇ ਖਾਧੀ ਸਲਫ਼ਾਸ :**
ਸੰਦੌੜ : ਕੁਝ ਵਰ੍ਹੇ ਪਹਿਲਾਂ ਇਕ ਵਿਅਕਤੀ ਵਲੋਂ ਵਧ ਜ਼ਮੀਨ ਲੈ ਕੇ ਦੇਣ ਦੇ ਝਾਂਸੇ ਵਿਚ ਆ ਕੇ ਆਪਣੀ ਖ਼ੁਦ ਦੀ ਜ਼ਮੀਨ ਵੇਚ ਦੇਣ ਵਾਲੇ ਥਾਣਾ ਸੰਦੌੜ ਅਧੀਨ ਪੈਂਦੇ ਪਿੰਡ ਅਲੀਪੁਰ (ਅਖਤਿਆਰਪੁਰਾ) ਦੇ ਇਕ 40 ਸਾਲਾ ਕਿਸਾਨ ਜਗਦੇਵ ਸਿੰਘ ਨੇ ਆਪਣੇ ਘਰ ਵਿਚ ਹੀ ਸਲਫਾਸ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਪੁਲੀਸ ਨੂੰ ਮ੍ਰਿਤਕ ਦੇ ਘਰੋਂ ਸੁਸਾਈਡ ਨੋਟ ਵੀ ਮਿਲਿਆ ਹੈ। ਥਾਣਾ ਸੰਦੌੜ ਦੇ ਏ.ਐਸ.ਆਈ. ਗੁਰਮੇਜ ਸਿੰਘ ਅਨੁਸਾਰ ਇਸ ਮਾਮਲੇ ਵਿਚ ਮ੍ਰਿਤਕ ਕਿਸਾਨ ਦੀ ਪਤਨੀ ਸਰਬਜੀਤ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਹਰਦੇਵ ਸਿੰਘ ਉਰਫ਼ ਹੀਰਾ ਵਾਸੀ ਅਲੀਪੁਰ ਖ਼ਿਲਾਫ਼ ਮਾਮਲਾ ਦਰਜ ਕਰਕੇ ਕਾਰਵਾਈ ਆਰੰਭ ਦਿੱਤੀ ਹੈ। ਸਰਬਜੀਤ ਕੌਰ ਅਨੁਸਾਰ ਹਰਦੇਵ ਸਿੰਘ ਹੀਰਾ ਨੇ ਉਸ ਦੇ ਪਤੀ ਨੂੰ ਆਪਣੀ ਜ਼ਮੀਨ ਵੇਚ ਦੇਣ ਤੇ ਉਸ ਤੋਂ ਕਿਤੇ ਵਧ ਜ਼ਮੀਨ ਲੈ ਕੇ ਦੇਣ ਦਾ ਝਾਂਸਾ ਦੇ ਦਿੱਤਾ ਜਿਸ ਦੇ ਕਾਰਨ ਉਨ੍ਹਾਂ ਨੇ 7 ਸਾਲ ਪਹਿਲਾਂ ਆਪਣੀ 12 ਵਿੱਘੇ ਜ਼ਮੀਨ ਵੇਚ ਦਿੱਤੀ। ਉਸ ਤੋਂ ਬਾਅਦ ਉਨ੍ਹਾਂ ਨੂੰ ਸਿਰਫ਼ 6 ਵਿੱਘੇ ਜ਼ਮੀਨ ਹੀ ਮਿਲ ਸਕੀ ਜਿਸ ਵਜ੍ਹਾ ਕਾਰਨ ਉਸ ਦਾ ਪਤੀ ਚਿੰਤਾ ਵਿਚ ਰਹਿਣ ਲੱਗ ਪਿਆ। ਇਸ ਪ੍ਰੇਸ਼ਾਨੀ ਕਾਰਨ ਉਸ ਦੇ ਪਤੀ ਨੇ ਘਰ ਆ ਕੇ ਸਲਫਾਸ ਖਾ ਲਈ ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਸ ਦੇ ਪਤੀ ਸਿਰ ਬੈਂਕ ਦਾ ਤਿੰਨ ਲੱਖ ਦਾ ਕਰਜ਼ਾ ਵੀ ਸੀ।

**ਪਿੰਡ ਰਿਆ ਦੇ ਜ਼ੋਰਾ ਸਿੰਘ ਨੇ ਪੀਤੀ ਕੀਟਨਾਸ਼ਕ ਦਵਾਈ :**
ਖਮਾਣੋਂ : ਪਿੰਡ ਰਿਆ ਦੇ ਕਿਸਾਨ ਵਲੋਂ ਕੀਟਨਾਸ਼ਕ ਦਵਾਈ ਖਾ ਕੇ ਖ਼ੁਦਕੁਸ਼ੀ ਕਰਨ ਦੀ ਜਾਣਕਾਰੀ ਮਿਲੀ ਹੈ, ਜਿਸ ਦੀ ਪਛਾਣ ਜ਼ੋਰਾ ਸਿੰਘ (47) ਪੁੱਤਰ ਮਹਿੰਦਰ ਸਿੰਘ ਵਜੋਂ ਹੋਈ ਹੈ। ਮਰਨ ਵਾਲੇ ਦੀ ਪਤਨੀ ਸੁਖਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਸਾਹਨੇਵਾਲ ਦੇ ਇਕ ਵਿਅਕਤੀ ਨਾਲ ਜ਼ਮੀਨ ਦੇ ਸਬੰਧੀ ਬਿਆਨਾ ਸੀ, ਜਿਸ ਦੀ ਅਦਾਲਤ ਵਿਚ ਕੋਈ ਪੇਸ਼ੀ ਵੀ ਸੀ ਅਤੇ ਉਹ ਅਦਾਲਤ ਵਿਚ ਗਿਆ ਸੀ। ਉਸ ਦੇ ਆਪਣੀ ਜ਼ਮੀਨ ਦੇ ਟਿਊਬਵੈੱਲ ਦੇ ਕੋਠੇ ਨਜ਼ਦੀਕ ਕਾਰ ਵਿਚ ਮ੍ਰਿਤਕ ਪਏ ਹੋਣ ਬਾਰੇ ਲੋਕਾਂ ਵਲੋਂ ਦੱਸਣ ਬਾਰੇ ਉਨ੍ਹਾਂ ਨੂੰ ਜਦੋਂ ਪਤਾ ਲੱਗਾ ਤਾਂ ਉਹ ਮੌਕੇ 'ਤੇ ਪਹੁੰਚੇ। ਉਨ੍ਹਾਂ ਇਸ ਸਬੰਧੀ ਮ੍ਰਿਤਕ ਦੇ ਭਤੀਜੇ ਤੇ ਭਰਾ 'ਤੇ ਕਥਿਤ ਦੋਸ਼ ਲਾਏ ਹਨ। ਉਨ੍ਹਾਂ ਦੱਸਿਆ ਕਿ ਉਸ ਦੇ ਪਤੀ ਨੇ ਪੰਜਾਬ ਤੇ ਸਿੰਧ ਬੈਂਕ ਅਤੇ ਹੋਰ ਕਿਸੇ ਬੈਂਕ ਦਾ ਕਰੀਬ 7 ਲੱਖ ਰੁਪਏ ਕਰਜ਼ਾ ਦੇਣਾ ਸੀ। ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਉਸ ਦਾ ਪਤੀ ਪੰਜ ਏਕੜ ਦੇ ਕਰੀਬ ਜ਼ਮੀਨ ਦਾ ਮਾਲਕ ਸੀ ਤੇ ਉਸ ਦਾ 20 ਸਾਲਾ ਪੁੱਤਰ ਹੀ ਖੇਤੀਬਾੜੀ ਕਰਦਾ ਸੀ। ਬੀਰਬਲ ਸਿੰਘ ਥਾਣਾ ਮੁਖੀ ਖਮਾਣੋਂ ਨੇ ਦੱਸਿਆ ਕਿ ਮਾਮਲੇ ਦੀ ਪੜਤਾਲ ਤੇ ਮ੍ਰਿਤਕ ਦੇ ਪੋਸਟਮਾਰਟਮ ਉਪਰੰਤ ਹੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

**ਪਿੰਡ ਖੀਵਾ ਦਿਆਲੂ ਦੇ ਰਮਨਜੀਤ ਸਿੰਘ ਨੇ ਕੀਤੀ ਖ਼ੁਦਕੁਸ਼ੀ**
ਭੀਖੀ : ਨੇੜਲੇ ਪਿੰਡ ਖੀਵਾ ਦਿਆਲੂ ਵਾਲਾ ਵਿਖੇ ਇਕ ਕਿਸਾਨ ਨੇ ਮਾਨਸਿਕ ਪ੍ਰੇਸ਼ਾਨੀ ਦੇ ਚਲਦੇ ਕੋਈ ਜ਼ਹਿਰੀਲੀ ਚੀਜ਼ ਪੀ ਕੇ ਖ਼ੁਦਕੁਸ਼ੀ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਖੀਵਾ ਦਿਆਲੂ ਵਾਲਾ ਦਾ ਰਮਨਜੀਤ ਸਿੰਘ (27) ਜੋ ਕਿ ਪਿਛਲੇ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਅਤੇ ਉਸ ਦਾ ਇਕ ਬੇਟਾ ਵੀ ਅਪਾਹਜ਼ ਸੀ। ਮਾਨਸਿਕ ਪ੍ਰੇਸ਼ਾਨੀ ਦੇ ਚਲਦਿਆਂ ਉਸ ਨੇ ਕੋਈ ਜ਼ਹਿਰੀਲੀ ਚੀਜ਼ ਪੀ ਕੇ ਅਪਣੀ ਜੀਵਨ ਲੀਲਾ ਸਮਾਪਤ ਕਰ ਲਈ।

## ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਤਾਂ ਦੁੱਖਾਂ ਦੀ ਪੰਡ ਵੀ ਭਰੀ-ਭਰਾਈ ਰਹਿ ਗਈ

### *ਅਧਿਕਾਰੀਆਂ ਨੇ ਦੁਖੜੇ ਸੁਣਨ ਆਈ ਵਿਧਾਨ ਸਭਾ ਕਮੇਟੀ ਦਾ ਥਹੁ ਪਤਾ ਹੀ ਨਾ ਦਿੱਤਾ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਖ਼ੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਵਿੱਚੋਂ ਬਹੁਤੇ ਚਾਹੁੰਦੇ ਹੋਏ ਵੀ ਬਠਿੰਡਾ ਅਤੇ ਮਾਨਸਾ ਦੇ ਦੌਰੇ 'ਤੇ ਆਈ ਵਿਧਾਨ ਸਭਾ ਕਮੇਟੀ ਨੂੰ ਆਪਣੀ ਵਿੱਥਿਆ ਨਾ ਸੁਣਾ ਸਕੇ। ਦੋਵੇਂ ਜ਼ਿਲ੍ਹਿਆਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਕਮੇਟੀ ਨੂੰ ਜਿਨ੍ਹਾਂ ਪਰਿਵਾਰਾਂ ਵਿੱਚ ਲਿਜਾਣ ਦਾ ਪ੍ਰੋਗਰਾਮ ਬਣਾਇਆ ਉਨ੍ਹਾਂ ਵਿੱਚੋਂ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਰਾਹਤ ਅਰਜ਼ੀਆਂ ਰੱਦ ਹੋਣ ਵਾਲੇ ਪਰਿਵਾਰਾਂ ਵਿੱਚੋਂ ਇੱਕ ਵੀ ਨਹੀਂ ਸੀ। ਬਹੁਤ ਸਾਰੇ ਪਰਿਵਾਰ ਖੁਦ ਜਾ ਕੇ ਵੀ ਕਮੇਟੀ ਨੂੰ ਮਿਲਣ ਲਈ ਤਿਆਰ ਸਨ ਪਰ ਉਨ੍ਹਾਂ ਨੂੰ ਅਧਿਕਾਰੀਆਂ ਨੇ ਕੋਈ ਥਹੁ ਪਤਾ ਹੀ ਨਹੀਂ ਦਿੱਤਾ।
ਵਿਧਾਨ ਸਭਾ ਦੀ ਕਮੇਟੀ ਦੇ ਚੇਅਰਮੈਨ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿੱਚ ਕਮੇਟੀ ਨੇ ਮਾਨਸਾ ਜ਼ਿਲ੍ਹੇ ਦੇ ਤਿੰਨ ਵਿਧਾਨ ਸਭਾ ਹਲਕੇ ਸਰਦੂਲਗੜ੍ਹ, ਬੁਢਲਾਡਾ ਅਤੇ ਮਾਨਸਾ ਨਾਲ ਸਬੰਧਤ ਇੱਕ ਦਰਜਨ ਪਰਿਵਾਰਾਂ ਦੀ ਹਕੀਕਤ ਜਾਨਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਕਿਸਾਨ ਤੇ ਖੇਤ ਮਜ਼ਦੂਰ ਪਰਿਵਾਰਾਂ ਦੇ ਕਿਸੇ ਨਾ ਕਿਸੇ ਜੀਅ ਨੇ 2002, 2003, 2013, 2014, 2016 ਅਤੇ 2017 ਦੌਰਾਨ ਖ਼ੁਦਕੁਸ਼ੀ ਕੀਤੀ ਸੀ। ਸਰਕਾਰੀ ਦਾਅਵੇ ਅਨੁਸਾਰ ਇਨ੍ਹਾਂ ਪਰਿਵਾਰਾਂ ਵਿਚੋਂ 9 ਨੂੰ ਸਰਕਾਰੀ ਰਾਹਤ ਮਿਲ ਚੁੱਕੀ ਹੈ ਅਤੇ ਤਿੰਨ ਨਵੇਂ ਕੇਸ ਹੋਣ ਕਰਕੇ ਅਜੇ ਤੱਕ ਰਾਹਤ ਬਾਰੇ ਫ਼ੈਸਲਾ ਨਹੀਂ ਹੋਇਆ।
ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਦੀ ਨੀਤੀ ਅਪ੍ਰੈਲ 2014 ਵਿਚ ਬਣਾਈ ਸੀ। ਇਸ ਮਗਰੋਂ ਇਕੱਲੇ ਮਾਨਸਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਵੱਲੋਂ 406 ਅਰਜ਼ੀਆਂ ਮਿਲੀਆਂ। ਇਨ੍ਹਾਂ ਵਿੱਚੋਂ ਸਿਰਫ਼ 79 ਪਰਿਵਾਰਾਂ ਨੂੰ ਰਾਹਤ ਮਿਲੀ ਹੈ, 327 ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਅਤੇ 60 ਤੋਂ ਵੱਧ ਪੈਂਡਿੰਗ ਪਈਆਂ ਹਨ।
ਪਿੰਡ ਸਿਰਸੀਵਾਲਾ ਦਾ ਨਿਰਮਲ ਸਿੰਘ ਖੁਦ ਕੈਂਸਰ ਦਾ ਮਰੀਜ਼ ਹੈ। ਉਸ ਦਾ ਜਵਾਨ ਪੁੱਤ ਯਾਦਵਿੰਦਰ ਸਿੰਘ ਚਾਰ ਲੱਖ ਰੁਪਏ ਖਰਚ ਕਰਕੇ ਲਾਇਆ ਬੋਰ ਟੁੱਟ ਜਾਣ, ਨਰਮੇ ਦੀ ਬਰਬਾਦੀ ਅਤੇ ਕਿਸੇ ਹੋਰ ਦੇ ਖੇਤ ਵਿਚ ਵਗਾਰ ਕਰਨ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰ ਗਿਆ ਸੀ। ਲਗਪਗ ਇੱਕ ਸਾਲ ਤੋਂ ਨਿਰਮਲ ਸਿੰਘ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਢ ਰਿਹਾ ਹੈ ਪਰ ਰਾਹਤ ਨਹੀਂ ਮਿਲੀ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਜ਼ਮੀਨ ਅਤੇ ਕਰਜ਼ਾ ਪੁੱਤਰ ਦੇ ਨਾਂ ਨਹੀਂ ਸੀ, ਇਸ ਲਈ ਰਾਹਤ ਨਹੀਂ ਮਿਲ ਸਕਦੀ। ਉਹ ਲੰਬਾ ਪੈਂਡਾ ਤੈਅ ਕਰਕੇ ਕਿਸ਼ਨਗੜ੍ਹ ਫਰਵਾਹੀ ਪਿੰਡ ਵਿਧਾਨ ਸਭਾ ਕਮੇਟੀ ਨੂੰ ਆਪਣੀ ਵਿੱਥਿਆ ਸੁਣਾਉਣ ਪਹੁੰਚ ਗਿਆ। ਨਿਰਮਲ ਸਿੰਘ ਨੇ ਕਿਹਾ ਕਿ ਉਸ ਨੂੰ ਅਫਸਰਾਂ ਨੂੰ ਮਿਲਣ ਲਈ ਕਹਿ ਦਿੱਤਾ ਗਿਆ। ਤਸੱਲੀ ਨਾਲ ਸੁਣਵਾਈ ਨਹੀਂ ਹੋਈ। ਅਫਸਰਾਂ ਤੋਂ ਹਤਾਸ਼ ਹੋਇਆ ਤਾਂ ਉਹ ਚੁਣੇ ਨੁਮਾਇੰਦਿਆਂ ਨੂੰ ਮਿਲ ਕੇ ਹਾਲ ਦੱਸਣਾ ਚਾਹੁੰਦਾ ਸੀ, ਪਰ ਗੱਲ ਨਹੀਂ ਬਣੀ।
ਖੇਤੀ ਵਿਭਾਗ ਦੇ ਅਧਿਕਾਰੀਆਂ ਨੇ ਝੁਨੀਰ ਪਿੰਡ ਦੇ ਖੁਦਕੁਸ਼ੀ ਕਰ ਗਏ ਕਿਸਾਨ ਗੁਰਨਾਮ ਸਿੰਘ ਦੇ ਘਰ 17 ਅਗਸਤ ਸ਼ਾਮ ਤੇ ਮੁੜ 18 ਅਗਸਤ ਨੂੰ ਵੀ ਸੁਨੇਹਾ ਭੇਜਿਆ ਕਿ ਕਮੇਟੀ ਉਨ੍ਹਾਂ ਦੇ ਘਰ ਵੀ ਆਵੇਗੀ। ਇਹ ਸੁਣ ਕੇ ਨੇੜੇ ਦੇ ਕਈ ਪੀੜਤ ਪਰਿਵਾਰਾਂ ਨੇ ਵੀ ਉੱਥੇ ਹੀ ਪਹੁੰਚ ਕੇ ਆਪਣਾ ਹਾਲ ਸੁਣਾਉਣ ਦਾ ਫ਼ੈਸਲਾ ਕਰ ਲਿਆ। ਪਰ ਦਸ ਵਜੇ ਦੇ ਕਰੀਬ ਪਰਿਵਾਰ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੇ ਪਿੰਡ ਆਉਣ ਦਾ ਕਮੇਟੀ ਦਾ ਪ੍ਰੋਗਰਾਮ ਨਹੀਂ ਹੈ। ਗੁਰਨਾਮ ਸਿੰਘ ਦੀ ਬੇਟੀ ਕਿਰਨਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਇਹ ਪੇਸ਼ਕਸ਼ ਵੀ ਕੀਤੀ ਸੀ ਕਿ ਕਮੇਟੀ ਜਿੱਥੇ ਚਾਹੇ ਤਾਂ ਕੁਝ ਪਰਿਵਾਰ ਉੱਥੇ ਪਹੁੰਚ ਕੇ ਵੀ ਉਨ੍ਹਾਂ ਨਾਲ ਗੱਲ ਕਰ ਸਕਦੇ ਹਨ ਪਰ ਉਹ ਉਨ੍ਹਾਂ ਨੂੰ ਨਾ ਮਿਲ ਸਕੇ।
ਬਠਿੰਡਾ ਦੇ ਵੀ ਹਰ ਵਿਧਾਨ ਸਭਾ ਹਲਕੇ ਦੇ ਦੋ-ਦੋ ਪਿੰਡਾਂ ਵਿੱਚ ਜਿਨ੍ਹਾਂ ਪਰਿਵਾਰਾਂ ਕੋਲ ਕਮੇਟੀ ਗਈ ਉਨ੍ਹਾਂ ਵਿੱਚੋਂ ਵੀ ਜ਼ਿਆਦਾ ਰਾਹਤ ਮਿਲਣ ਵਾਲੇ ਸਨ। ਬਠਿੰਡਾ ਦੇ ਡਿਪਟੀ ਕਮਿਸ਼ਨ ਦਫ਼ਤਰ ਨੂੰ ਖ਼ੁਦਕੁਸ਼ੀ ਪੀੜਤ ਰਾਹਤ ਲਈ ਸਬੰਧਤ 357 ਪਰਿਵਾਰਾਂ ਦੀਆਂ ਮਿਲੀਆਂ ਅਰਜ਼ੀਆਂ ਵਿਚੋਂ ਸਿਰਫ਼ 63 ਨੂੰ ਹੀ ਰਾਹਤ ਮਿਲੀ। 192 ਅਰਜ਼ੀਆਂ ਵੱਖ ਵੱਖ ਆਧਾਰ 'ਤੇ ਰੱਦ ਕਰ ਦਿੱਤੀਆਂ ਗਈਆਂ ਅਤੇ 90 ਅਜੇ ਪੈਂਡਿੰਗ ਪਈਆਂ ਹਨ। ਹਾਲਾਂਕਿ ਰਾਹਤ ਨੀਤੀ ਅਨੁਸਾਰ ਡੀਸੀ ਦੀ ਅਗਵਾਈ ਵਾਲੀ ਕਮੇਟੀ ਨੇ ਇਕ ਮਹੀਨੇ ਅੰਦਰ ਅਰਜ਼ੀਆਂ 'ਤੇ ਫ਼ੈਸਲਾ ਲੈਣਾ ਹੁੰਦਾ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ, ਸਿੱਧੂਪੁਰ) ਦੇ ਜਨਰਲ ਸਕੱਤਰ ਬੋਘ ਸਿੰਘ ਮਾਨਸਾ ਨੇ ਕਿਹਾ ਕਿ ਕਮੇਟੀ ਨੂੰ ਪਹਿਲਾਂ ਜਨਤਕ ਤੌਰ 'ਤੇ ਪ੍ਰੋਗਰਾਮ ਐਲਾਨ ਕੇ ਆਉਣਾ ਚਾਹੀਦਾ ਸੀ ਤਾਂ ਜੋ ਸਾਰੇ ਪਰਿਵਾਰ ਅਤੇ ਕੁਝ ਕਿਸਾਨ ਤੇ ਮਜ਼ਦੂਰ ਆਗੂ ਵੀ ਸੰਪਰਕ ਕਰਕੇ ਆਪਣੀ ਰਾਇ ਦੇ ਸਕਦੇ। ਹੁਣ ਵੀ ਕਮੇਟੀ ਨੂੰ ਅੱਗੋਂ ਜਨਤਕ ਸੁਣਵਾਈ ਦਾ ਤਰੀਕਾ ਅਪਣਾਉਣਾ ਚਾਹੀਦਾ ਹੈ। ਖੇਤ ਮਜ਼ਦੂਰਾਂ ਦੇ ਆਗੂ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਪਹਿਲਾਂ ਕੋਈ ਪ੍ਰੋਗਰਾਮ ਨਾ ਪਤਾ ਹੋਣ ਕਰਕੇ ਕਮੇਟੀ ਨੂੰ ਮਿਲਿਆ ਨਹੀਂ ਜਾ ਸਕਿਆ। ਉਹ ਦੋ ਹਜ਼ਾਰ ਤੋਂ ਵੱਧ ਮਜ਼ਦੂਰ ਪਰਿਵਾਰਾਂ ਦਾ ਘਰ-ਘਰ ਜਾ ਕੇ ਸਰਵੇਖਣ ਕਰ ਰਹੇ ਹਨ। ਰਿਪੋਰਟ ਤਿਆਰ ਹੋਣ ਤੋਂ ਬਾਅਦ ਕਮੇਟੀ ਨਾਲ ਰਾਬਤਾ ਬਣਾਉਣ ਦੀ ਕੋਸ਼ਿਸ ਕੀਤੀ ਜਾਵੇਗੀ। ਕਮੇਟੀ ਦੇ ਚੇਅਰਮੈਨ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਅਨੁਸਾਰ ਉਹ ਹੋਰ ਜ਼ਿਲ੍ਹਿਆਂ ਵਿੱਚ ਵੀ ਜਾਣਗੇ ਅਤੇ ਨਵੰਬਰ ਤੱਕ ਰਿਪੋਰਟ ਤਿਆਰ ਕਰਕੇ ਵਿਧਾਨ ਸਭਾ ਵਿੱਚ ਪੇਸ਼ ਕਰਨਗੇ। ਗੌਰਤਲਬ ਹੈ ਕਿ ਕਮੇਟੀ ਨੂੰ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਅਤੇ ਖੇਤ ਮਜ਼ਦੂਰ ਪਰਿਵਾਰਾਂ ਦੇ ਕਰਜ਼ੇ ਬਾਰੇ ਠੋਸ ਤੱਥ ਜਾਣਨ ਅਤੇ ਉਨ੍ਹਾਂ ਤੋਂ ਰਾਹਤ ਲਈ ਸਿਫਾਰਸ਼ਾਂ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

*ਗਲ ਲੱਗ ਕੇ ਸੀਰੀ ਦੇ ਜੱਟ ਰੋਵੇ...*

# ਅਦਲੀ ਰਾਜੇ ਦਾ ਦਰਵਾਜ਼ਾ ਗਰੀਬ ਕਿਸਾਨਾਂ-ਮਜ਼ਦੂਰਾਂ ਲਈ ਦੂਰ ਦੀ ਕੌਡੀ ਬਣਿਆ

**ਹਮੀਰ ਸਿੰਘ**



ਪੰਜਾਬ ਦੇ ਮਸ਼ਹੂਰ ਕਵੀ ਸੰਤ ਰਾਮ ਉਦਾਸੀ ਜਦੋਂ ਜਨਤਕ ਸਟੇਜਾਂ ਉੱਤੇ ਕਿਸਾਨ ਅਤੇ ਖੇਤ ਮਜ਼ਦੂਰ ਦੀ ਹੋਣੀ ਦੀ ਦਾਸਤਾਨ ਨੂੰ ਬਿਆਨ ਕਰਦਾ ਗੀਤ, 'ਗਲ ਲੱਗ ਕੇ ਸੀਰੀ ਦੇ ਜੱਟ ਰੋਵੇ- ਬੋਹਲਾਂ ਵਿੱਚੋਂ ਨੀਰ ਵੱਗਿਆ' ਗਾਉਂਦੇ ਸਨ ਤਾਂ ਸਰੋਤਿਆਂ ਦੀਆਂ ਅੱਖਾਂ ਨਮ ਹੋਏ ਬਿਨਾਂ ਨਹੀਂ ਸਨ ਰਹਿੰਦੀਆਂ। ਇਹ ਉਹ ਸਮਾਂ ਸੀ ਜਦੋਂ ਕਿਸਾਨ ਅਤੇ ਮਜ਼ਦੂਰ ਤੰਗੀ-ਤੁਰਸ਼ੀ ਦਾ ਸ਼ਿਕਾਰ ਤਾਂ ਸਨ ਪਰ ਕਹਾਣੀ ਜੀਵਨ ਦੀ ਲੜਾਈ ਹਾਰ ਕੇ ਖ਼ੁਦਕੁਸ਼ੀਆਂ ਕਰਨ ਤੱਕ ਨਹੀਂ ਸੀ ਪੁੱਜੀ। ਕਿਸਾਨ ਆਪਣੇ ਕਰਜ਼ੇ ਦੀ ਭਿਣਕ ਕਿਸੇ ਨੂੰ ਨਹੀਂ ਸੀ ਲੱਗਣ ਦਿੰਦਾ। ਇਸ ਨੂੰ ਸਮਾਜ ਵਿੱਚ ਬੇਇਜ਼ਤੀ ਅਤੇ ਬੱਚਿਆਂ ਦੀ ਸ਼ਾਦੀ ਕਰਨ ਵਿੱਚ ਆਉਣ ਵਾਲੀ ਸਮਾਜਿਕ ਮੁਸ਼ਕਲ ਵਜੋਂ ਦੇਖਿਆ ਜਾਂਦਾ ਸੀ। ਹੁਣ ਜਦੋਂ ਪਾਣੀ ਸਿਰੋਂ ਪਾਰ ਹੋ ਗਿਆ ਹੈ ਤਾਂ ਉਹੀ ਕਿਸਾਨ ਅਤੇ ਮਜ਼ਦੂਰ ਕਰਜ਼ੇ ਦੇ ਸਾਰੇ ਪਰਦੇ ਲਾਹ ਕੇ ਹਰ ਇੱਕ ਦੇ ਸਾਹਮਣੇ ਰੱਖਣ ਲਈ ਮਜਬੂਰ ਹੈ। ਅਜਿਹੀ ਸਥਿਤੀ ਵਿੱਚ ਸਰਕਾਰਾਂ ਨੇ ਕਿਸਾਨ ਅਤੇ ਮਜ਼ਦੂਰ ਦੇ ਨਾਮ ਉੱਤੇ ਵੋਟਾਂ ਲਈਆਂ, ਸਰਕਾਰਾਂ ਬਣਾਈਆਂ ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ।

ਦੋ ਦਹਾਕੇ ਪਹਿਲਾਂ ਤਕ ਵੀ ਦੇਸ਼ ਦੇ ਬਾਕੀ ਸੂਬੇ ਪੰਜਾਬ ਵਰਗਾ ਬਣਨਾ ਲੋਚਦੇ ਸਨ। ਅਨਾਜ ਦੇ ਅੰਬਾਰ ਲਗਾ ਕੇ ਦੇਸ਼ ਦਾ ਢਿੱਡ ਭਰਨ ਤੋਂ ਪੰਜਾਬ ਨੂੰ ਬਿਹਾਰ ਅਤੇ ਯੂਪੀ ਦੇ ਮਜ਼ਦੂਰਾਂ ਦੇ ਰੁਜ਼ਗਾਰਦਾਤਾ ਵਜੋਂ ਵੀ ਦੇਖਿਆ ਜਾਂਦਾ ਸੀ। ਹੁਣ ਉਹੀ ਪੰਜਾਬ ਆਪਣੀ ਹੋਣੀ ਉੱਤੇ ਹੰਝੂ ਵਹਾ ਰਿਹਾ ਹੈ। ਪੰਜਾਬ ਦਾ ਪਾਣੀ ਡਰਾਉਣੀ ਹਾਲਤ ਤੱਕ ਹੇਠਾਂ ਚਲਾ ਗਿਆ, ਆਬੋ ਹਵਾ ਖ਼ਰਾਬ ਹੋਣ ਨਾਲ ਬਿਮਾਰੀਆਂ ਵੱਲੋਂ ਪਸਾਰੇ ਜਾ ਰਹੇ ਪੈਰ ਅਤੇ ਮਿੱਟੀ ਵਿੱਚ ਛਿੜਕੀਆਂ ਜ਼ਹਿਰਾਂ ਨਾਲ ਜ਼ਹਿਰੀਲੀ ਹੋਈ ਧਰਤੀ ਸੂਬੇ ਦੀ ਬਰਬਾਦੀ ਦੀ ਕਹਾਣੀ ਬਿਆਨ ਕਰ ਰਹੀ ਹੈ। ਅਜਿਹੇ ਮੌਕੇ ਪੰਜਾਬ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਹੈ। ਕੁਦਰਤ ਅਤੇ ਮਨੁੱਖ ਵਿਰੋਧੀ ਵਿਕਾਸ ਦੇ ਮਾਡਲ ਦੇ ਚਲਦਿਆਂ ਸੁਭਾਵਕ ਹੀ ਖੇਤੀ ਦਾ ਮਾਡਲ ਵੀ ਇਸੇ ਸਿਕੰਜ਼ੇ ਵਿੱਚ ਜਕੜਿਆ ਗਿਆ ਹੈ। ਸਿਆਸੀ ਪਾਰਟੀਆ ਨੇ ਕਿਸਾਨ, ਮਜ਼ਦੂਰ ਅਤੇ ਪੇਂਡੂ ਅਰਥ ਵਿਵਸਥਾ ਉੱਤੇ ਨਿਰਭਰ ਹੋਰ ਛੋਟੇ ਕਿੱਤਿਆਂ ਵਾਲੇ ਲੋਕਾਂ ਦੀ ਲਾਚਾਰੀ ਵਾਲੀ ਸਥਿਤੀ ਦੇਖ ਕੇ ਕੁੱਝ ਫੌਰੀ ਰਿਆਇਤਾਂ ਰਾਹੀਂ ਵੋਟ ਲੈਣ ਦੀ ਰਣਨੀਤੀ ਅਖ਼ਤਿਆਰ ਕਰ ਲਈ ਹੈ। ਇਸ ਵਿੱਚ ਉਨ੍ਹਾਂ ਨੂੰ ਕਾਮਯਾਬੀ ਵੀ ਮਿਲੀ ਹੈ। ਕਿਸਾਨੀ ਦੇ ਨਾਮ ਉੱਤੇ ਖ਼ੂਬ ਸਿਆਸਤ ਹੋ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨ ਦਾ ਵਾਅਦਾ ਕੀਤਾ। ਵਾਅਦੇ ਨੂੰ ਸਪਸ਼ਟ ਕਰਦਿਆਂ, ਬੈਂਕਾਂ, ਸਹਿਕਾਰੀ ਸਭਾਵਾਂ ਅਤੇ ਸ਼ਾਹੂਕਾਰਾਂ ਦੀ ਅਲੱਗ ਅਲੱਗ ਵਿਆਖਿਆ ਹੀ ਨਹੀਂ ਕੀਤੀ ਬਲਕਿ ਫਾਰਮ ਤੱਕ ਭਰਵਾ ਲਏ ਗਏ। ਪੰਜਾਬ ਦੇ ਔਸਤਨ ਹਰੇਕ ਕਿਸਾਨ ਸਿਰ 80 ਹਜ਼ਾਰ ਰੁਪਏ ਕਰਜ਼ਾ ਹੈ। ਖੇਤ ਮਜ਼ਦੂਰਾਂ ਸਿਰ ਵੀ ਚਾਰ ਹਜ਼ਾਰ ਕਰੋੜ ਤੋਂ ਵੱਧ ਦਾ ਕਰਜ਼ਾ ਹੈ। ਸਰਕਾਰ ਬਣਨ ਤੋਂ ਬਾਅਦ ਦਬਾਅ ਬਣਨਾ ਸੁਭਾਵਕ ਸੀ ਤਾਂ ਸਪਸ਼ਟ ਫੈਸਲੇ ਲੈਣ ਦੀ ਬਜਾਇ ਕਮੇਟੀ ਦਰ ਕਮੇਟੀ ਬਣਦੀ ਗਈ। ਸਰਕਾਰੀ, ਪ੍ਰਾਈਵੇਟ ਅਤੇ ਸਹਿਕਾਰੀ ਬੈਂਕਾਂ, ਸਹਿਕਾਰੀ ਸਭਾਵਾਂ ਸਮੇਤ ਸੰਸਥਾਗਤ ਕਰਜ਼ੇ ਦੀ ਮੁਆਫ਼ੀ ਬਾਰੇ ਸੁਝਾਅ ਦੇਣ ਲਈ ਡਾ. ਟੀ. ਹੱਕ ਦੀ ਅਗਵਾਈ ਵਿੱਚ ਕਮੇਟੀ ਬਣਾ ਦਿੱਤੀ। ਖ਼ੁਦਕੁਸ਼ੀ ਪੀੜਤ ਪਰਿਵਾਰ ਅਤੇ ਖੇਤ ਮਜ਼ਦੂਰ ਰਹਿ ਜਾਣ ਦਾ ਮੁੱਦਾ ਉੱਭਰਿਆ ਤਾਂ ਵਿਧਾਨ ਸਭਾ ਦੀ ਕਮੇਟੀ ਬਣਾ ਦਿੱਤੀ। ਸ਼ਾਹੂਕਾਰਾ ਕਰਜ਼ੇ ਨੂੰ ਛੱਡ ਦਿੱਤੇ ਜਾਣ ਦੇ ਮੁੱਦੇ ਕਰਕੇ ਤਿੰਨ ਮੰਤਰੀਆਂ ਨਵਜੋਤ ਸਿੱਧੂ, ਮਨਪ੍ਰੀਤ ਬਾਦਲ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਉੱਤੇ ਆਧਾਰਤ ਕਮੇਟੀ ਬਣਾ ਦਿੱਤੀ। ਇਸ ਕਮੇਟੀ ਨੇ ਤਾਂ ਮੀਟਿੰਗਾਂ ਹੀ ਹਾਈਕੋਰਟ ਵਿੱਚ ਜਨਹਿੱਤ ਪਟੀਸ਼ਨ ਦਾਇਰ ਹੋ ਜਾਣ ਤੋਂ ਬਾਅਦ ਸ਼ੁਰੂ ਕੀਤੀਆਂ ਹਨ। ਕੈਪਟਨ ਅਤੇ ਬਾਦਲ ਦੀਆਂ ਪਹਿਲੀਆਂ ਸਰਕਾਰਾਂ ਸਮੇਂ ਵੀ ਕਮੇਟੀਆਂ ਰਾਹੀਂ ਹੀ ਕੰਮ ਮਿੱਟੀ ਕਰਵਾ ਦਿੱਤਾ ਗਿਆ ਸੀ।

ਹੱਕ ਕਮੇਟੀ ਦੀ ਅੰਤ੍ਰਿਮ ਰਿਪੋਰਟ ਦੇ ਆਧਾਰ ਉੱਤੇ ਪੰਜ ਏਕੜ ਤੱਕ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਦਾ ਫਸਲੀ ਕਰਜ਼ਾ, ਢਾਈ ਏਕੜ ਤੱਕ ਵਾਲਿਆਂ ਦੇ ਕੁੱਲ ਕਰਜ਼ੇ ਚੋਂ ਦੋ ਲੱਖ ਰੁਪਏ ਮੁਆਫ਼ ਕਰਨ ਦਾ ਐਲਾਨ ਕਰ ਦਿੱਤਾ ਗਿਆ। ਇਸ ਨਾਲ 10.25 ਲੱਖ ਖ਼ਾਤਿਆਂ 'ਚੋਂ ਪੈਸਾ ਮੁਆਫ਼ ਹੋਣ ਦਾ ਅਨੁਮਾਨ ਪੇਸ਼ ਕੀਤਾ। ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦੇ ਐਲਾਨ ਸਮੇਤ ਕੁੱਲ 9500 ਕਰੋੜ ਰੁਪਏ ਦੀ ਜ਼ਰੂਰਤ ਸੀ। ਬਜਟ ਵਿੱਚ ਰੱਖੇ 1500 ਕਰੋੜ ਵਿੱਚੋਂ ਪੰਜ ਸੌ ਕਰੋੜ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਲਈ ਵੀ ਸੀ। ਖੇਤ ਮਜ਼ਦੂਰਾਂ ਦੇ ਅੰਕੜੇ ਨਾ ਹੋਣ ਦੇ ਬਹਾਨੇ ਨਾਲ ਫਿਲਹਾਲ ਕੁੱਝ ਨਹੀਂ ਕੀਤਾ ਗਿਆ। ਟਰਮ ਲੋਨ (ਮਿਆਦੀ ਕਰਜ਼ੇ) ਬਾਰੇ ਖਾਮੋਸ਼ੀ ਹੈ। ਸਹਾਇਕ ਧੰਦਿਆਂ ਦੇ ਕਰਜ਼ਿਆਂ ਬਾਰੇ ਕੋਈ ਗੱਲ ਨਹੀਂ।

ਪਹਿਲੀ ਕਿਸ਼ਤ ਨੂੰ ਲੈ ਕੇ ਹੀ ਮੁੱਖ ਮੰਤਰੀ ਕੇਂਦਰ ਸਰਕਾਰ ਦੇ ਚੱਕਰ ਕੱਢ ਰਹੇ ਹਨ ਕਿ ਦਸ ਹਜ਼ਾਰ ਕਰੋੜ ਕਰਜ਼ਾ ਨਵਾਂ ਲੈਣ ਦੀ ਇਜਾਜ਼ਤ ਦਿੱਤੀ ਜਾਵੇ। ਕੇਂਦਰ ਵਿੱਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਹਿ ਰਹੇ ਹਨ ਕਿ ਕੇਂਦਰ ਤੋਂ ਕਰਜ਼ਾ ਮੁਆਫ਼ੀ ਵਿੱਚ ਸਹਿਯੋਗ ਕਿਉਂ ਮੰਗਿਆ ਜਾ ਰਿਹਾ ਹੈ। ਆਪਣੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਦਰਦਨਾਕ ਮੌਤਾਂ ਤੋਂ ਵੀ ਵੱਧ ਹੇਜ ਕੇਂਦਰ ਸਰਕਾਰ ਦਾ ਕਿਉਂ ਹੈ? ਸੰਘੀ ਢਾਂਚੇ ਦੀ ਮੁਦਈ ਪਾਰਟੀ ਹੁਣ ਕੇਂਦਰ ਪੱਖੀ ਕਿਉਂ ਹੋ ਗਈ? ਕਾਰਪੋਰੇਟਾਂ ਦਾ ਕਰਜ਼ਾ ਮੁਆਫ਼ ਕਰਨ ਸਮੇਂ ਕੇਂਦਰ ਖ਼ੁਦ ਹੀ ਫੈਸਲਾ ਕਿਵੇਂ ਲੈ ਲੈਂਦਾ ਹੈ?

ਇੱਕ ਗੱਲ ਸਾਫ ਹੈ ਕਿ ਕੈਪਟਨ ਅਮਰਿੰਦਰ ਸਿੰਘ ਕਹਿਣ ਨੂੰ ਜੋ ਮਰਜ਼ੀ ਕਹੀ ਜਾਣ ਪਰ ਸਮੁੱਚਾ ਕਰਜ਼ਾ ਮੁਆਫ ਕਰਨ ਦੀ ਗੱਲ ਤੋਂ ਪਿੱਛੇ ਹਟ ਗਏ ਹਨ। ਸ਼ਾਹੂਕਾਰਾ ਕਰਜ਼ੇ ਦੀ ਮੁਆਫ਼ੀ ਤੋਂ ਤਾਂ ਉਨ੍ਹਾਂ ਉਸੇ ਸਮੇਂ ਪਿੱਠ ਘੁਮਾ ਲਈ ਸੀ ਜਦੋਂ ਸ਼ਾਹੂਕਾਰਾਂ ਦੀ ਸਟੇਜ ਤੋਂ ਫ਼ਖ਼ਰ-ਏ-ਕੌਮ ਦਾ ਖ਼ਿਤਾਬ ਲੈਣ ਚਲੇ ਗਏ। ਕਿਸਾਨਾਂ- ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਰੋਜ਼ਾਨਾ ਇੱਕ ਤੋਂ ਵਧ ਕੇ ਪੰਜ ਤੱਕ ਪਹੁੰਚ ਚੁੱਕੀ ਹੈ। ਇਸ ਲਈ ਇਸ ਵੱਡੀ ਆਬਾਦੀ ਕੋਲ ਤਾਂ ਫ਼ਖ਼ਰ ਕਰਨ ਲਈ ਵੀ ਕੁੱਝ ਨਹੀਂ ਬਚਿਆ। ਪੰਜਾਬ ਨੂੰ ਮੁੜ ਸਰ ਛੋਟੂ ਰਾਮ ਵਰਗੇ ਕਿਸਾਨਾਂ ਦੇ ਹਮਦਰਦ ਅਤੇ ਠੋਸ ਫੈਸਲਾ ਕਰਨ ਵਾਲੇ ਆਗੂ ਦੀ ਸਖ਼ਤ ਜ਼ਰੂਰਤ ਹੈ ਜਿਸ ਨੇ ਬਰਤਾਨਵੀ ਰਾਜ ਦੌਰਾਨ ਵੀ 1934 ਵਿੱਚ ਦਿਹਾਤੀ ਕਰਜ਼ਾ ਨਿਵਾਰਨ ਕਾਨੂੰਨ ਪਾਸ ਕਰਵਾ ਕੇ ਵਿਆਜ ਦੀ ਦਰ ਨਿਸ਼ਚਿਤ ਕਰ ਦਿੱਤੀ, ਰੋਜ਼ੀ ਰੋਟੀ ਦੇ ਸਾਧਨ ਵਜੋਂ ਵਰਤੀ ਜਾਂਦੀ ਜ਼ਮੀਨ ਸਮੇਤ ਹਰ ਚੀਜ਼ ਦੀ ਕੁਰਕੀ ਉੱਤੇ ਰੋਕ ਲਗਾ ਦਿੱਤੀ ਅਤੇ ਦੁੱਗਣਾ ਪੈਸਾ ਮੋੜ ਦਿੱਤੇ ਜਾਣ ਉੱਤੇ ਕਰਜ਼ਾ ਵਾਪਸ ਆਇਆ ਸਮਝ ਲਿਆ ਗਿਆ। ਹੁਣ ਤਕ ਦੀ ਕਾਰਗੁਜ਼ਾਰੀ ਦੇ ਸੰਕੇਤ ਇਹੀ ਹਨ ਕਿ ਇਸ ਮੌਕੇ ਸਰ ਛੋਟੂ ਰਾਮ ਦੀ ਹੈਸੀਅਤ ਵਾਲਾ ਆਗੂ ਬਣਨਾ ਡਾਢਾ ਮੁਸ਼ਕਲ ਕੰਮ ਹੈ। ਖ਼ੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਦੀਆਂ ਅਰਜ਼ੀਆਂ ਵੀ ਤਕਨੀਕੀ ਘੁਣਤਰਬਾਜ਼ੀ ਕਾਰਨ ਰੱਦ ਹੋ ਰਹੀਆਂ ਹਨ। 1783 ਵਿੱਚੋਂ 1047 ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਇਹ ਪ੍ਰਸ਼ਾਸਨਿਕ ਪੱਧਰ ਉੱਤੇ ਸੰਵੇਦਨਹੀਣ ਪਹੁੰਚ ਦੀ ਨਿਸ਼ਾਨੀ ਹੈ ਅਤੇ ਅਦਲੀ ਰਾਜੇ ਦਾ ਦਰਵਾਜ਼ਾ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਲਈ ਬਹੁਤ ਦੂਰ ਦੀ ਕੌਡੀ ਬਣਿਆ ਹੋਇਆ ਹੈ।

ਸਰਕਾਰ ਜੇਕਰ ਚਾਹੇ ਤਾਂ ਕਈ ਫੈਸਲੇ ਬਿਨਾਂ ਪੈਸੇ ਵੀ ਲਏ ਜਾ ਸਕਦੇ ਹਨ। ਮਹਾਤਮਾ ਗਾਂਧੀ ਦਿਹਾਤੀ ਰੋਜ਼ਗਾਰ ਗਰੰਟੀ ਕਾਨੂੰਨ ਤਹਿਤ ਘੱਟੋ ਘੱਟ 100 ਦਿਨ ਦਾ ਕੰਮ ਸੰਵਿਧਾਨਕ ਅਧਿਕਾਰ ਹੋ ਗਿਆ ਹੈ। ਪੰਜ ਏਕੜ ਤੱਕ ਜ਼ਮੀਨ ਵਾਲੇ ਕਿਸਾਨ ਵੀ ਆਪਣੇ ਖੇਤ ਵਿੱਚ ਕੰਮ ਕਰਕੇ ਮਗਨਰੇਗਾ ਦੀ ਦਿਹਾੜੀ ਅਤੇ ਮਟੀਰੀਅਲ ਲਾਗਤ ਦਾ ਲਾਭ ਲੈ ਸਕਦੇ ਹਨ। ਜੇ ਸਭ ਨਹੀਂ ਤਾਂ ਖ਼ੁਦਕੁਸ਼ੀ ਪੀੜਤ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਨੂੰ ਸੌ ਦਿਨ ਦੇ ਕੰਮ ਦੀ ਗਰੰਟੀ ਕਿਉਂ ਨਹੀਂ ਹੋ ਸਕਦੀ? ਪੰਜਾਬ ਵਿੱਚ ਲਗਪਗ ਦਸ ਹਜ਼ਾਰ ਖ਼ੁਦਕੁਸ਼ੀਆਂ ਦੇ ਤੱਥ ਨੂੰ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਸਰਵੇਖਣਾਂ ਤਹਿਤ ਵੀ ਮੰਨਿਆ ਗਿਆ ਹੈ। ਇਸ ਵਿੱਚ ਤਾਂ ਪੈਸਾ ਮੰਗਣ ਦੀ ਵੀ ਲੋੜ ਨਹੀਂ, ਮੰਗ ਆਧਾਰਤ ਸਕੀਮ ਤਹਿਤ ਕੇਂਦਰ ਦੀ ਜ਼ਿੰਮੇਵਾਰੀ ਹੈ ਕਿ ਪੈਸਾ ਦਿੱਤਾ ਜਾਵੇ। ਪੰਜਾਬ ਵਿੱਚ ਕੰਮ ਦੇ ਦਿਨ ਮਜ਼ਦੂਰਾਂ ਲਈ ਵੀ ਘਟ ਰਹੇ ਹਨ। ਇਹ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਸੁਆਲੀਆ ਨਿਸ਼ਾਨ ਹੈ। ਇਸ ਤੋਂ ਇਲਾਵਾ ਮਗਨਰੇਗਾ ਵਿੱਚ ਹਰ ਪੰਜਾਹ ਜੌਬ ਕਾਰਡਾਂ ਪਿੱਛੇ ਇੱਕ ਮੇਟ, ਹਰ ਪਿੰਡ ਵਿੱਚ ਰੁਜ਼ਗਾਰ ਸੇਵਕ, 2500 ਜੌਬ ਕਾਰਡਾਂ ਪਿੱਛੇ ਜੇ.ਈ., ਸੋਸ਼ਲ ਆਡਿਟ ਟੀਮਾਂ ਸਮੇਤ ਹਜ਼ਾਰਾਂ ਨੌਕਰੀਆਂ ਪੇਂਡੂ ਖੇਤਰ ਵਿੱਚ ਦੇਣ ਦਾ ਬੰਦੋਬਸਤ ਹੈ।

ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਦੀ ਮੁਫ਼ਤ ਮਿਆਰੀ ਪੜ੍ਹਾਈ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੇ ਕਾਬਲ ਬਣਾਉਣ ਦੀ ਯੋਜਨਾ 2500 ਜੌਬ ਕਾਰਡਾਂ ਪਿੱਛੇ ਜੇ.ਈ., ਸੋਸ਼ਲ ਆਡਿਟ ਟੀਮਾਂ ਸਮੇਤ ਹਜ਼ਾਰਾਂ ਨੌਕਰੀਆਂ ਪੇਂਡੂ ਖੇਤਰ ਵਿੱਚ ਦੇਣ ਦਾ ਬੰਦੋਬਸਤ ਹੈ। ਫਸਲੀ ਵੰਨ ਸੁਵੰਨਤਾ ਨੂੰ ਵੀ ਇਹ ਹੁੰਗਾਰਾ ਦੇ ਸਕਦੀ ਹੈ। ਪਿੰਡਾਂ ਨੂੰ ਪਾਟੋਧਾੜ ਹੋਣ ਤੋਂ ਰੋਕਣ ਲਈ ਗ੍ਰਾਮ ਸਭਾਵਾਂ ਰਾਹੀਂ ਮਜ਼ਦੂਰਾਂ ਦੀ ਗਿਣਤੀ ਅਤੇ ਕਰਜ਼ੇ ਦਾ ਹਿਸਾਬ ਲਗਵਾ ਕੇ ਸਰਕਾਰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਪੂਰੀ ਕਰ ਸਕਦੀ ਹੈ। ਹੁਣ ਤਾਂ ਸਮੁੱਚਾ ਪੰਚਾਇਤ ਵਿਭਾਗ ਅਤੇ ਸਰਕਾਰ ਗ੍ਰਾਮ ਸਭਾਵਾਂ ਕਰਨ ਦੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਅਜੇ ਕੋਹਾਂ ਦੂਰ ਹੈ। ਗ੍ਰਾਮ ਸਭਾਵਾਂ ਰਾਹੀਂ ਸਮਾਜਿਕ ਲਹਿਰਾਂ ਉਸਾਰ ਕੇ ਪਿੰਡਾਂ ਦੇ ਵਾਤਾਵਰਣ ਨੂੰ ਸੰਭਾਲਣ ਦਾ ਕੰਮ ਵਿਆਪਕ ਪੱਧਰ ਉੱਤੇ ਕੀਤਾ ਜਾ ਸਕਦਾ ਹੈ। ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਬੱਚਿਆਂ ਦੀ ਮੁਫ਼ਤ ਮਿਆਰੀ ਪੜ੍ਹਾਈ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੇ ਕਾਬਲ ਬਣਾਉਣ ਦੀ ਯੋਜਨਾ ਬਣਾਉਣਾ ਸ਼ਾਇਦ ਜ਼ਿਆਦਾ ਮੁਸ਼ਕਲ ਕੰਮ ਨਹੀਂ ਹੈ। ਇਸ ਫੌਰੀ ਰਾਹਤ ਨਾਲ ਉਮੀਦ ਬੱਝ ਸਕਦੀ ਹੈ ਅਤੇ ਨਵੇਂ ਸੁਪਨਿਆਂ ਦਾ ਆਗਾਜ਼ ਹੋ ਸਕਦਾ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਵੀ ਇਸ ਦਰਦਨਾਕ ਮਾਹੌਲ ਵਿੱਚ ਸੰਵੇਦਨਸ਼ੀਲ ਹੋਣ ਦੀ ਲੋੜ ਹੈ। ਇਸ ਲਈ ਇੱਕਜੁੱਟ ਹੋ ਕੇ ਕਿਸਾਨ ਅਤੇ ਮਜ਼ਦੂਰ ਨੂੰ ਸੰਕਟ ਵਿੱਚੋਂ ਕੱਢਣ ਲਈ ਕੇਂਦਰ ਉੱਤੇ ਦਬਾਅ ਬਣਾਇਆ ਜਾਵੇ। ਇਹ ਖ਼ੈਰਾਤ ਨਹੀਂ ਬਲਕਿ ਕਿਸਾਨਾਂ-ਮਜ਼ਦੂਰਾਂ ਦਾ ਹੱਕ ਹੈ।

# ਖ਼ੁਦਕੁਸ਼ੀਆਂ ਦੀ ਲੰਬੀ ਹੋ ਰਹੀ ਕਤਾਰ ਪਰ ਪੀੜਤ ਪਰਿਵਾਰਾਂ ਦੀਆਂ 59 ਫ਼ੀਸਦ ਅਰਜ਼ੀਆਂ ਰੱਦ

**ਚੰਡੀਗੜ੍ਹ/ਬਿਊਰੋ ਨਿਊਜ਼ :** ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਦੇ ਪੀੜਤ ਪਰਿਵਾਰਾਂ ਨੂੰ ਤੁਰੰਤ ਰਾਹਤ ਦੇਣ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਨੀਤੀ ਨੂੰ ਲਾਗੂ ਕਰਨ ਦੇ ਮਾਮਲੇ ਵਿੱਚ ਲਗਾਈਆਂ ਜਾ ਰਹੀਆਂ ਪ੍ਰਸ਼ਾਸਨਿਕ ਅੜਚਨਾਂ ਕਾਰਨ ਕੇਵਲ 31 ਫ਼ੀਸਦ ਪਰਿਵਾਰ ਹੀ ਰਾਹਤ ਹਾਸਲ ਕਰ ਸਕੇ ਹਨ। ਸੂਬੇ ਵਿੱਚ ਲਗਭਗ 59 ਫ਼ੀਸਦ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਕਾਂਗਰਸ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਹੇਠ ਬਣੀ ਵਿਧਾਨ ਸਭਾ ਕਮੇਟੀ ਵੱਲੋਂ ਪਰਿਵਾਰਾਂ ਦੀ ਹਾਲਤ ਅਤੇ ਰਾਇ ਜਾਨਣ ਲਈ ਸ਼ੁੱਕਰਵਾਰ ਤੋਂ ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਦਾ ਦੋ ਰੋਜ਼ਾ ਦੌਰਾ ਕੀਤਾ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ ਸਰਕਾਰ ਨੇ ਅਪ੍ਰੈਲ 2014 ਵਿੱਚ ਖ਼ੁਦਕੁਸ਼ੀ ਪੀੜਤ ਪਰਿਵਾਰ ਰਾਹਤ ਨੀਤੀ ਤਹਿਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਹੇਠ ਪੰਜ-ਪੰਜ ਮੈਂਬਰੀ ਕਮੇਟੀਆਂ ਬਣਾਈਆਂ ਸਨ। ਲਗਭਗ ਤਿੰਨ ਸਾਲਾਂ ਦੌਰਾਨ ਜ਼ਿਲ੍ਹਾ ਪੱਧਰੀ ਕਮੇਟੀਆਂ ਕੋਲ 1783 ਅਰਜ਼ੀਆਂ ਰਾਹਤ ਲਈ ਆਈਆਂ। ਇਨ੍ਹਾਂ ਵਿੱਚੋਂ 561 ਪਰਿਵਾਰਾਂ ਨੂੰ ਹੀ ਦੋ ਜਾਂ ਤਿੰਨ ਲੱਖ ਰੁਪਏ ਦੀ ਸਹਾਇਤਾ ਮਿਲੀ ਅਤੇ 1047 ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਜਦਕਿ ਬਾਕੀ ਅਰਜ਼ੀਆਂ ਬਕਾਇਆ ਪਈਆਂ ਹਨ, ਜਿਨ੍ਹਾਂ ਬਾਰੇ ਅਜੇ ਤਕ ਕੋਈ ਫ਼ੈਸਲਾ ਨਹੀਂ ਹੋਇਆ ਹੈ। ਸਭ ਤੋਂ ਵੱਧ 417 ਅਰਜ਼ੀਆਂ ਸੰਗਰੂਰ, ਦੂਸਰੇ ਨੰਬਰ ਉਤੇ 406 ਮਾਨਸਾ, 357 ਬਠਿੰਡਾ, 197 ਬਰਨਾਲਾ ਅਤੇ 162 ਅਰਜ਼ੀਆਂ ਮੋਗਾ ਜ਼ਿਲ੍ਹਿਆਂ ਦੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਹਨ। ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਪਠਾਨਕੋਟ ਅਤੇ ਰੋਪੜ ਜ਼ਿਲ੍ਹਿਆਂ ਵਿੱਚ ਰਾਹਤ ਲਈ ਕੋਈ ਅਰਜ਼ੀ ਨਹੀਂ ਦਿੱਤੀ ਗਈ ਹੈ। ਲੁਧਿਆਣਾ ਵਿੱਚ 46, ਗੁਰਦਾਸਪੁਰ 43, ਤਰਨ ਤਾਰਨ 39, ਪਟਿਆਲਾ 35, ਮੁਕਤਸਰ 33, ਫਿਰੋਜ਼ਪੁਰ 13, ਫਾਜ਼ਿਲਕਾ 11, ਫਤਿਹਗੜ੍ਹ ਸਾਹਿਬ 10, ਸ਼ਹੀਦ ਭਗਤ ਸਿੰਘ ਨਗਰ 7, ਹੁਸ਼ਿਆਰਪੁਰ 5, ਫ਼ਰੀਦਕੋਟ ਅਤੇ ਮੁਹਾਲੀ ਤੋਂ ਇਕ-ਇਕ ਅਰਜ਼ੀ ਮਿਲੀ ਹੈ।

ਮਾਲ ਵਿਭਾਗ ਦੇ ਵਧੀਕ ਮੁੱਖ ਸਕੱਤਰ ਦੀ ਅਗਵਾਈ ਵਿੱਚ ਬਣੀ ਸੂਬਾਈ ਕਮੇਟੀ ਨੇ ਸਮੇਂ-ਸਮੇਂ ਉਤੇ ਇਸ ਨੀਤੀ ਨੂੰ ਲਾਗੂ ਕਰਨ ਲਈ ਅਜਿਹੀਆਂ ਸ਼ਰਤਾਂ ਜੋੜ ਦਿੱਤੀਆਂ ਜਿਸ ਨਾਲ ਵੱਡੇ ਪੱਧਰ ਉਤੇ ਅਰਜ਼ੀਆਂ ਰੱਦ ਹੋਣ ਲੱਗੀਆਂ। ਮਿਸਾਲ ਵਜੋਂ ਐਫਆਈਆਰ, ਅਤੇ ਪੋਸਟਮਾਰਟਮ ਪਹਿਲਾਂ ਜ਼ਰੂਰੀ ਕਰਾਰ ਦਿੱਤੇ ਗਏ ਹਨ। ਮੁੜ ਪਰਿਵਾਰਾਂ ਨੂੰ ਕਰਜ਼ਾ ਸਾਬਤ ਕਰਨ ਲਈ ਬੈਂਕ ਦੀ ਕਾਪੀ ਜਾਂ ਪ੍ਰੋਨੋਟ ਦਿਖਾਉਣ ਲਈ ਕਿਹਾ ਜਾਂਦਾ ਹੈ। ਮਜ਼ਦੂਰ ਪਰਿਵਾਰਾਂ ਨੂੰ ਇਸ ਮਾਮਲੇ ਵਿੱਚ ਖਾਸ ਤੌਰ ਉਤੇ ਮੁਸ਼ਕਲ ਆ ਰਹੀ ਹੈ ਕਿਉਂਕਿ ਜ਼ਮੀਨੀ ਹਕੀਕਤ ਅਜਿਹੀ ਹੈ ਕਿ ਮਜ਼ਦੂਰਾਂ ਨੇ ਕਰਜ਼ਾ ਬਹੁਤ ਵਾਰ ਬਿਨਾਂ ਕਿਸੇ ਲਿਖਤ-ਪੜ੍ਹਤ ਤੋਂ ਹੀ ਲਿਆ ਹੁੰਦਾ ਹੈ। ਇਕ ਹੋਰ ਸੰਵੇਦਨਹੀਣ ਸ਼ਰਤ ਲਗਾ ਦਿੱਤੀ ਗਈ ਹੈ ਕਿ ਜੇਕਰ ਜ਼ਮੀਨ ਅਤੇ ਕਰਜ਼ਾ ਪਿਤਾ ਦੇ ਨਾਮ ਹੈ ਅਤੇ ਉਸ ਦੇ ਨੌਜਵਾਨ ਬੱਚੇ ਨੇ ਕਰਜ਼ੇ ਦੇ ਤਣਾਅ ਹੇਠ ਖ਼ੁਦਕੁਸ਼ੀ ਕਰ ਲਈ ਹੈ ਤਾਂ ਕੇਸ ਇਸ ਕਰਕੇ ਰੱਦ ਕਰ ਦਿੱਤੇ ਗਏ ਕਿ ਮਰਨ ਵਾਲੇ ਦੇ ਜ਼ਿੰਮੇ ਸਿੱਧਾ ਕਰਜ਼ ਨਹੀਂ ਸੀ। ਉਂਜ ਖ਼ੁਦਕੁਸ਼ੀ ਪੀੜਤ ਰਾਹਤ ਨੀਤੀ ਪੂਰੇ ਪਰਿਵਾਰ ਲਈ ਹੈ, ਇਕ ਵਿਅਕਤੀ ਲਈ ਨਹੀਂ ਹੈ। ਸਿਰਸੀਵਾਲਾ ਪਿੰਡ ਦੇ ਕੈਂਸਰ ਦੇ ਮਰੀਜ਼ ਨਿਰਮਲ ਸਿੰਘ ਦੇ ਬੇਟੇ ਯਾਦਵਿੰਦਰ ਨੇ ਫਰਵਰੀ 2016 ਵਿੱਚ ਖ਼ੁਦਕੁਸ਼ੀ ਕੀਤੀ ਸੀ। ਕਰਜ਼ਾ ਪਿਤਾ ਦੇ ਨਾਮ ਹੋਣ ਦੀ ਦਲੀਲ ਤਹਿਤ ਕਈ ਵਾਰ ਅਰਜ਼ੀਆਂ ਰੱਦ ਹੁੰਦੀਆਂ ਰਹੀਆਂ। ਨਿਰਮਲ ਸਿੰਘ ਨੇ ਕਿਹਾ ਕਿ ਹੁਣ ਫਾਈਲ ਲਗਾਉਣ ਤੋਂ ਬਾਅਦ ਜੁਲਾਈ ਵਿੱਚ ਉਮੀਦ ਬੱਝੀ ਸੀ ਪਰ ਪਰਨਾਲਾ ਉੱਥੇ ਦਾ ਉੱਥੇ ਹੀ ਹੈ।



ਰਾਹਤ ਨੀਤੀ ਮੁਤਾਬਕ ਪੀੜਤ ਪਰਿਵਾਰ ਤਿੰਨ ਮਹੀਨਿਆਂ ਦੇ ਅੰਦਰ ਅਰਜ਼ੀ ਦੇ ਸਕਦਾ ਹੈ। ਡੀਸੀ ਦੀ ਅਗਵਾਈ ਵਾਲੀ ਕਮੇਟੀ ਨੇ ਇਕ ਮਹੀਨੇ ਅੰਦਰ ਫ਼ੈਸਲਾ ਲੈਣਾ ਹੁੰਦਾ ਹੈ। ਰੰਘੜਿਆਲ ਪਿੰਡ ਦੇ ਮਜ਼ਦੂਰ ਹੰਸਾ ਸਿੰਘ ਦੀ ਖ਼ੁਦਕੁਸ਼ੀ ਤੋਂ ਬਾਅਦ ਪਰਿਵਾਰ ਨੇ ਫਰਵਰੀ ਵਿੱਚ ਅਰਜ਼ੀ ਦਿੱਤੀ ਸੀ ਪਰ ਪਰਿਵਾਰ ਨੂੰ ਛੇ ਮਹੀਨਿਆਂ ਤੋਂ ਪਤਾ ਹੀ ਨਹੀਂ ਕਿ ਅਰਜ਼ੀ ਕੂੜੇਦਾਨ ਵਿੱਚ ਸੁੱਟ ਦਿੱਤੀ ਗਈ, ਪੈਂਡਿੰਗ ਹੈ ਜਾਂ ਮਨਜ਼ੂਰ ਹੋ ਗਈ ਹੈ। ਹੰਸਾ ਸਿੰਘ ਦੀ ਬੇਟੀ ਮਨਜੀਤ ਕੌਰ 10+2 'ਚੋਂ 95 ਫ਼ੀਸਦ ਨੰਬਰ ਲੈ ਕੇ ਘਰ ਬੈਠ ਗਈ ਸੀ। ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਪਰਮਜੀਤ ਕੌਰ ਲਾਂਡਰਾਂ ਵੱਲੋਂ ਫੀਸ ਦੀ ਜ਼ਿੰਮੇਵਾਰੀ ਲੈਣ ਤੋਂ ਬਾਅਦ ਇਸ ਵਾਰ ਉਸ ਦਾ ਦਾਖ਼ਲਾ ਹੋ ਸਕਿਆ ਹੈ।

ਰਾਹਤ ਨੀਤੀ ਇਹ ਵੀ ਕਹਿੰਦੀ ਹੈ ਕਿ ਮਾਲ ਅਤੇ ਖੇਤੀ ਵਿਭਾਗ ਦੇ ਕਰਮਚਾਰੀ ਸਬੰਧਤ ਪਰਿਵਾਰ ਦੇ ਪੈਰਾਂ ਉਤੇ ਮੁੜ ਖੜ੍ਹੇ ਹੋਣ ਅਤੇ ਘੱਟੋ ਘੱਟ ਇਕ ਸਾਲ ਤਕ ਖੇਤੀ ਕਰਵਾਉਣ ਵਿੱਚ ਮੱਦਦਗਾਰ ਹੋਣਗੇ। ਸਰਕਾਰ ਦੀ ਹਰ ਨੀਤੀ ਦਾ ਪਹਿਲ ਦੇ ਆਧਾਰ ਉਤੇ ਉਨ੍ਹਾਂ ਨੂੰ ਲਾਭ ਦਿਵਾਇਆ ਜਾਵੇਗਾ ਪਰ ਹਾਲਤ ਇਹ ਹੈ ਕਿ ਪਰਿਵਾਰਾਂ ਨੇ ਕਿਸੇ ਕਰਮਚਾਰੀ ਦੀ ਸ਼ਕਲ ਤਕ ਨਹੀਂ ਦੇਖੀ। ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਨੇ ਚਨਾਰਥਲ ਪਿੰਡ ਦੇ ਇਕੋ ਪਰਿਵਾਰ ਤੇ ਤਿੰਨ ਮਰਦਾਂ ਵੱਲੋਂ ਖ਼ੁਦਕੁਸ਼ੀ ਕਰ ਲਏ ਜਾਣ ਮਗਰੋਂ ਉਨ੍ਹਾਂ ਦੇ ਘਰ ਪੈਰ ਪਾਇਆ ਸੀ। ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਦਾ ਉਨ੍ਹਾਂ ਦਾ ਦੂਸਰਾ ਦੌਰਾ ਹੈ। ਭੁਨੀਰ ਦੀ ਕਿਰਨਜੀਤ ਕੌਰ ਦੇ ਪਿਤਾ ਗੁਰਨਾਮ ਸਿੰਘ ਖ਼ੁਦਕੁਸ਼ੀ ਕਰ ਗਏ ਸਨ। ਕਿਰਨਜੀਤ ਨੇ ਦੱਸਿਆ ਕਿ ਕਮੇਟੀ ਦੇ ਆਉਣ ਬਾਰੇ ਖੇਤੀ ਵਿਭਾਗ ਦੇ ਅਧਿਕਾਰੀਆਂ ਨੇ ਸੂਚਨਾ ਭੇਜੀ ਹੈ।

ਕੈਪਟਨ ਸਰਕਾਰ ਨੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਲਈ ਰਾਹਤ ਰਾਸ਼ੀ ਵਧਾ ਕੇ 5 ਲੱਖ ਰੁਪਏ ਕਰਨ ਦਾ ਐਲਾਨ ਕੀਤਾ ਹੋਇਆ ਹੈ ਪਰ ਅਜੇ ਤਕ ਇਸ ਸਬੰਧੀ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ। ਇਨ੍ਹਾਂ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਵੀ ਅਜੇ ਅੱਧ ਵਿਚਾਲੇ ਹੈ। ਕਿਰਨਜੀਤ ਨੇ ਕਿਹਾ ਕਿ ਵਿਧਾਨ ਸਭਾ ਕਮੇਟੀ ਤੋਂ ਉਮੀਦ ਹੈ ਕਿ ਉਹ ਕਰਜ਼ੇ ਦੇ ਭੁਗਤਾਨ ਦਾ ਕੋਈ ਤਰੀਕਾ ਸਰਕਾਰ ਨੂੰ ਸੁਝਾਏਗੀ।

# ਕਿਸਾਨ ਸੰਘਰਸ਼ ਕਮੇਟੀ ਨੇ ਨਵਜੋਤ ਸਿੱਧੂ ਦੇ ਘਰ ਘੇਰਾ ਪਾਇਆ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕਰਾਉਣ ਲਈ ਕਿਸਾਨ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਵੱਡੀ ਗਿਣਤੀ ਕਿਸਾਨਾਂ ਨੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਘਰ ਘੇਰਿਆ ਅਤੇ ਰੋਸ ਵਿਖਾਵਾ ਕੀਤਾ। ਕਿਸਾਨ ਪਹਿਲਾਂ ਰਣਜੀਤ ਐਵੇਨਿਊ ਨੇੜੇ ਇਕੱਠੇ ਹੋਏ ਅਤੇ ਮਗਰੋਂ ਮਾਰਚ ਕਰਦੇ ਹੋਏ ਬਾਈਪਾਸ ਵਿਖੇ ਸ੍ਰੀ ਸਿੱਧੂ ਦੇ ਘਰ ਦੇ ਬਾਹਰ ਪੁੱਜੇ। ਇਸ ਤੋਂ ਪਹਿਲਾਂ ਪੁਲੀਸ ਨੇ ਵਿਖਾਵਾਕਾਰੀਆਂ ਨੂੰ ਰੋਕਣ ਦਾ ਯਤਨ ਕੀਤਾ ਪਰ ਇਹ ਯਤਨ ਸਫ਼ਲ ਨਾ ਹੋਇਆ। ਕਿਸਾਨਾਂ ਨੇ ਸਾਰੀ ਦੁਪਹਿਰ ਸਿੱਧੂ ਦੇ ਘਰ ਦੇ ਬਾਹਰ ਧਰਨਾ ਦਿੱਤਾ। ਇਸ ਮੌਕੇ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਪੰਧੇਰ, ਜ਼ਿਲ੍ਹਾ ਪ੍ਰਧਾਨ ਗੁਰਬਚਨ ਸਿੰਘ ਚੱਬਾ, ਲਖਵਿੰਦਰ ਵਰਿਆਮ ਤੇ ਹੋਰਾਂ ਨੇ ਆਖਿਆ ਕਿ ਕਾਂਗਰਸ ਸਰਕਾਰ ਚੋਣਾਂ ਤੋਂ ਪਹਿਲਾਂ ਕਿਸਾਨਾਂ ਨਾਲ ਕੀਤੇ ਵਾਅਦੇ ਤੋਂ ਭੱਜ ਗਈ ਹੈ। ਸਾਰਾ ਕਰਜ਼ਾ ਮੁਆਫ਼ ਕਰਨ ਦੀ ਥਾਂ ਸਿਰਫ਼ ਦੋ ਲੱਖ ਰੁਪਏ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਆਖਿਆ ਕਿ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕੀਤਾ ਜਾਵੇ। ਬੁਲਾਰਿਆਂ ਨੇ ਮਿਹਣਾ ਮਾਰਿਆ ਕਿ ਕਿਸਾਨਾਂ ਦੀ ਵਾਰੀ ਸਰਕਾਰੀ ਖ਼ਜ਼ਾਨੇ ਖਾਲੀ ਹੋ ਜਾਂਦੇ ਹਨ, ਜਦੋਂ ਕਿ ਮੁੱਖ ਮੰਤਰੀ ਨੇ ਆਪਣੇ ਨੌਂ ਓਐਸਡੀ ਰੱਖੇ ਹੋਏ ਹਨ ਅਤੇ ਸਲਾਹਕਾਰਾਂ ਦੀ ਤਨਖਾਹ ਵੀ ਵਧਾਈ ਹੈ। ਕੇਂਦਰ ਸਰਕਾਰਾਂ ਨੇ ਕਾਰਪੋਰੇਟ ਘਰਾਣਿਆਂ ਦਾ ਦੋ ਲੱਖ ਕਰੋੜ ਰੁਪਏ ਦਾ ਕਰਜ਼ ਮੁਆਫ਼ ਕਰ ਦਿੱਤਾ ਹੈ ਪਰ ਕਿਸਾਨਾਂ ਲਈ ਕੋਈ ਕਰਜ਼ਾ ਮੁਆਫ਼ੀ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਕਰਜ਼ਾ ਮੁਆਫ਼ੀ ਬਾਰੇ ਰਾਜਨੀਤੀ ਕੀਤੀ ਜਾ ਰਹੀ ਹੈ, ਜਦੋਂ ਕਿ ਦੂਜੇ ਪਾਸੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਖ਼ੁਦਕੁਸ਼ੀ ਕਰ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਐਲਾਨੀ ਰਾਸ਼ੀ ਦਿੱਤੀ ਜਾਵੇ ਅਤੇ ਭਵਿੱਖ ਲਈ ਅਜਿਹੀ ਨੀਤੀ ਬਣਾਈ ਜਾਵੇ ਤਾਂ ਜੋ ਕਿਸਾਨਾਂ ਸਿਰ ਕਰਜ਼ਾ ਨਾ ਚੜ੍ਹੇ। ਇਸ ਤੋਂ ਇਲਾਵਾ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਵੀ ਮੰਗ ਕੀਤੀ ਗਈ।

ਇਸ ਦੌਰਾਨ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਮੌਕੇ 'ਤੇ ਪੁੱਜ ਕੇ ਧਰਨਾਕਾਰੀਆਂ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਪਰ ਵਿਖਾਵਾਕਾਰੀਆਂ ਨੇ ਮੰਗ ਕੀਤੀ ਕਿ ਉਹ ਦਿੱਤੇ ਮੰਗ ਪੱਤਰ 'ਤੇ ਅਮਲ ਕਰਾਉਣ ਲਈ ਆਏ ਹਨ। ਡਾ. ਸਿੱਧੂ ਨੇ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਸ੍ਰੀ ਨਵਜੋਤ ਸਿੰਘ ਸਿੱਧੂ ਕੋਲ ਰੱਖਣਗੇ ਤਾਂ ਜੋ ਮੁੱਖ ਮੰਤਰੀ ਨਾਲ ਗੱਲਬਾਤ ਕਰ ਕੇ ਮਸਲਾ ਹੱਲ ਕੀਤਾ ਜਾ ਸਕੇ ਪਰ ਉਹ ਮੁੜ ਅਗਲੀ ਗੱਲਬਾਤ ਸਬੰਧੀ ਕੋਈ ਸੁਨੇਹਾ ਦੇਣ ਨਾ ਪੁੱਜੇ। ਇਸ ਦੌਰਾਨ ਐਸਡੀਐਮ ਅਤੇ ਡੀਸੀਪੀ ਵੱਲੋਂ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਦਾ ਭਰੋਸਾ ਦੇਣ ਮਗਰੋਂ ਧਰਨਾ ਖ਼ਤਮ ਹੋਇਆ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਆਖਿਆ ਕਿ ਇਕ ਦੋ ਦਿਨਾਂ ਵਿੱਚ ਮੀਟਿੰਗ ਕਰਾਉਣ ਜਾਂ ਫਿਰ 25 ਅਗਸਤ ਨੂੰ ਬਿਜਲੀ ਨਿਗਮ ਦੀ ਮੀਟਿੰਗ ਸਮੇਂ ਮੁੱਖ ਮੰਤਰੀ ਨਾਲ ਮਿਲਾਉਣ ਦਾ ਭਰੋਸਾ ਦਿੱਤਾ ਗਿਆ ਹੈ।

## ਅੱਧੀ ਦਰਜਨ ਕੀਟਨਾਸ਼ਕ ਕੰਪਨੀਆਂ ਦੇ ਲਾਇਸੈਂਸ ਰੱਦ

**ਬਠਿੰਡਾ/ਬਿਊਰੋ ਨਿਊਜ਼ :** ਖੇਤੀਬਾੜੀ ਵਿਭਾਗ ਵੱਲੋਂ ਕੀਟਨਾਸ਼ਕਾਂ ਦੇ ਭਰੇ ਨਮੂਨਿਆਂ ਵਿੱਚੋਂ 94 ਨਮੂਨੇ ਫੇਲ੍ਹ ਹੋ ਗਏ ਹਨ, ਜਿਨ੍ਹਾਂ ਵਿੱਚੋਂ ਬਹੁਤੇ ਨਮੂਨੇ ਨਰਮਾ ਪੱਟੀ ਵਿੱਚੋਂ ਭਰੇ ਗਏ ਸਨ। ਇਸ ਮਾਮਲੇ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਘੁਰਕੀ ਕਰ ਕੇ ਖੇਤੀ ਅਫ਼ਸਰਾਂ ਨੂੰ ਭਾਜੜਾਂ ਪੈ ਗਈਆਂ ਹਨ। ਖੇਤੀ ਵਿਭਾਗ ਨੇ ਫੌਰੀ ਕਾਰਵਾਈ ਕਰਦਿਆਂ ਅੱਧੀ ਦਰਜਨ ਕੀਟਨਾਸ਼ਕ ਕੰਪਨੀਆਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ ਅਤੇ ਤਿੰਨ ਕੰਪਨੀਆਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰ ਦਿੱਤੇ ਹਨ। ਖੇਤੀ ਵਿਭਾਗ ਨੇ ਚਾਲੂ ਮਾਲੀ ਵਰ੍ਹੇ ਵਿੱਚ ਹੁਣ ਤੱਕ ਭਰੇ ਨਮੂਨਿਆਂ ਦਾ ਲੇਖਾ-ਜੋਖਾ ਕੀਤਾ ਹੈ, ਜਿਸ ਵਿੱਚ ਸੱਤ ਫ਼ੀਸਦੀ ਨਮੂਨੇ ਫੇਲ੍ਹ ਆਏ ਹਨ।



ਵੇਰਵਿਆਂ ਅਨੁਸਾਰ ਖੇਤੀਬਾੜੀ ਵਿਭਾਗ ਨੇ ਪੰਜਾਬ ਭਰ ਵਿੱਚੋਂ ਪਹਿਲੀ ਅਪਰੈਲ ਤੋਂ 15 ਅਗਸਤ ਤੱਕ ਕੀਟਨਾਸ਼ਕਾਂ ਦੇ 2729 ਨਮੂਨੇ ਭਰੇ ਸਨ, ਜਿਨ੍ਹਾਂ ਵਿੱਚੋਂ 1333 ਨਮੂਨਿਆਂ ਦੇ ਨਤੀਜੇ ਪ੍ਰਾਪਤ ਹੋ ਗਏ ਹਨ। ਇਨ੍ਹਾਂ ਨਮੂਨਿਆਂ ਵਿਚੋਂ 94 ਨਮੂਨੇ ਫੇਲ੍ਹ ਹੋ ਗਏ ਹਨ, ਜੋ ਨਰਮਾ ਪੱਟੀ ਨਾਲ ਸਬੰਧਤ ਹਨ। ਖੇਤੀ ਵਿਭਾਗ ਕੋਲ ਜੋ ਤਿੰਨ ਲੈਬਾਰਟਰੀਆਂ ਹਨ, ਉਨ੍ਹਾਂ ਦੀ ਸਮਰੱਥਾ 3900 ਨਮੂਨੇ ਟੈਸਟ ਕਰਨ ਦੀ ਹੈ ਅਤੇ ਹੁਣ ਵਿਭਾਗ ਸਮਰੱਥਾ ਵਿੱਚ ਵਾਧਾ ਕਰ ਰਿਹਾ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਨੇ ਸਖ਼ਤ ਹਦਾਇਤ ਕੀਤੀ ਹੈ ਕਿ ਗ਼ੈਰ-ਮਿਆਰੀ ਕੀਟਨਾਸ਼ਕ ਵੇਚਣ ਵਾਲਿਆਂ ਖ਼ਿਲਾਫ਼ ਫੌਰੀ ਕਾਰਵਾਈ ਕੀਤੀ ਜਾਵੇ। ਖੇਤੀ ਵਿਭਾਗ ਨੇ ਛੇ ਕੰਪਨੀਆਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਕੇਪੀਆਰ ਐਗਰੋ ਕੈਮੀਕਲ ਲਿਮਟਿਡ, ਮਾਸ ਕਰੌਪ ਸਾਇੰਸ, ਠਾਕੁਰ ਕੈਮੀਕਲਜ਼, ਸੈਸਕਾ ਕੌਰਮਨ, ਐਗਰੀ ਕੇਅਰ ਕੈਮੀਕਲਜ਼ ਸ਼ਾਮਲ ਹਨ। ਤਿੰਨ ਕੰਪਨੀਆਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚ ਐਗਰੀ ਆਰਗੈਨਿਕ, ਵਿਕਾਸ ਆਰਗੈਨਿਕ ਤੇ ਹੈਦਰਾਬਾਦ ਕੈਮੀਕਲਜ਼ ਸ਼ਾਮਲ ਹਨ। ਇਨ੍ਹਾਂ ਕੰਪਨੀਆਂ ਦੀ ਪੰਜਾਬ ਵਿੱਚ ਵਿਕਰੀ ਰੋਕ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਦੋ ਦਿਨ ਪਹਿਲਾਂ ਬਰਨਾਲਾ ਵਿੱਚੋਂ ਮਿਆਦ ਪੁੱਗੇ ਕੀਟਨਾਸ਼ਕ ਫੜੇ ਗਏ ਹਨ, ਜਿਸ ਕਰ ਕੇ ਗੋਦਾਮਾਂ ਨੂੰ ਸੀਲ ਕਰ ਦਿੱਤਾ ਗਿਆ ਹੈ। ਜਿਹੜੇ 94 ਨਮੂਨੇ ਫੇਲ੍ਹ ਹੋਏ ਹਨ, ਉਨ੍ਹਾਂ ਵਿੱਚੋਂ 31 ਨਮੂਨੇ ਕੰਪਨੀਆਂ ਦੇ ਵੱਡੇ ਗੋਦਾਮਾਂ ਵਿਚੋਂ ਭਰੇ ਗਏ ਸਨ। ਕੀਟਨਾਸ਼ਕ ਫੇਲ੍ਹ ਹੋਣ ਨਾਲ ਕੈਪਟਨ ਸਰਕਾਰ ਵੱਲੋਂ ਮਿਆਰੀ ਕੀਟਨਾਸ਼ਕ ਦਿੱਤੇ ਜਾਣ ਦੇ ਦਾਅਵੇ ਉਤੇ ਉਂਗਲ ਉੱਠੀ ਹੈ, ਜਿਸ ਕਾਰਨ ਸਰਕਾਰ ਨੂੰ ਵੀ ਨਮੋਸ਼ੀ ਝੱਲਣੀ ਪਈ ਹੈ। ਫ਼ਾਜ਼ਿਲਕਾ ਜ਼ਿਲ੍ਹੇ ਵਿੱਚ ਇਸ ਮਾਮਲੇ ਵਿੱਚ ਕਈ ਪੁਲੀਸ ਕੇਸ ਵੀ ਦਰਜ ਹੋਏ ਹਨ।

# ਪੀੜਤਾਂ ਦੇ ਹੰਝੂਆਂ ਤੇ ਹੌਕਿਆਂ ਨੇ ਭਾਵੁਕ ਕੀਤਾ ਮਾਹੌਲ

**ਚਰਨਜੀਤ ਭੁੱਲਰ**



ਬਠਿੰਡਾ ਖ਼ਿੱਤੇ ਦੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੇ ਵਿਧਾਨ ਸਭਾ ਕਮੇਟੀ ਕੋਲ ਦੁੱਖਾਂ ਦੀ ਪੰਡ ਖੋਲ੍ਹੀ। ਕਮੇਟੀ ਨੇ ਇਨ੍ਹਾਂ ਪਰਿਵਾਰਾਂ ਤੋਂ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਮਨੋਦਸ਼ਾ ਅਤੇ ਹਾਲਾਤ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ। ਜਦੋਂ ਕਮੇਟੀ ਮੈਂਬਰ ਕਿਸੇ ਪੀੜਤ ਪਰਿਵਾਰ ਤੋਂ ਪੁੱਛਦੇ ਸਨ ਤਾਂ ਹੰਝੂਆਂ ਤੇ ਹੌਕਿਆਂ ਕਾਰਨ ਮਾਹੌਲ ਭਾਵੁਕ ਹੋ ਜਾਂਦਾ ਸੀ। ਕਮੇਟੀ ਦੇ ਚੇਅਰਮੈਨ ਸੁਖਬਿੰਦਰ ਸਿੰਘ ਸਰਕਾਰੀਆ ਹਨ। ਉਨ੍ਹਾਂ ਨਾਲ ਕਮੇਟੀ ਵਿੱਚ ਨਾਜਰ ਸਿੰਘ ਮਾਨਸ਼ਾਹੀਆ, ਨੱਥੂ ਰਾਮ ਤੇ ਹਰਿੰਦਰਪਾਲ ਸਿੰਘ ਚੰਦੂਮਾਜਰਾ ਸ਼ਾਮਲ ਹਨ।

ਕਮੇਟੀ ਬਠਿੰਡਾ ਜ਼ਿਲ੍ਹੇ ਦੇ 10 ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਘਰ ਗਈ, ਜਿੱਥੇ ਉਨ੍ਹਾਂ ਨਾਲ ਵਿਧਾਨ ਸਭਾ ਦਾ ਅਮਲਾ ਵੀ ਗਿਆ। ਜਦੋਂ ਕਮੇਟੀ ਨੇ ਪਿੰਡ ਅਬਲੂ ਵਿੱਚ ਖ਼ੁਦਕੁਸ਼ੀ ਕਰਨ ਵਾਲੇ ਗੁਰਜੰਟ ਸਿੰਘ ਦੀ ਵਿਧਵਾ ਕੁਲਵਿੰਦਰ ਕੌਰ ਦੀ ਦੁਖਦੀ ਰਗ ਉਤੇ ਹੱਥ ਰੱਖਿਆ ਤਾਂ ਉਸ ਦੇ ਹੰਝੂ ਆਪ ਮੁਹਾਰੇ ਵਹਿ ਤੁਰੇ। ਇਸ ਵਿਧਵਾ ਦਾ ਪਤੀ ਖੇਤਾਂ ਦੇ ਸੰਕਟ ਵਿੱਚ ਤੁਰ ਗਿਆ। ਹੁਣ ਉਸ ਦੇ ਨਾ ਸੱਸ-ਸਹੁਰਾ ਰਹੇ ਹਨ ਅਤੇ ਨਾ ਮਾਪੇ। ਉਸ ਨੇ ਕਮੇਟੀ ਮੈਂਬਰਾਂ ਨੂੰ ਸਿਰ ਚੜ੍ਹੇ ਸੱਤ ਲੱਖ ਦੇ ਕਰਜ਼ੇ ਦੀ ਕਹਾਣੀ ਦੱਸੀ। ਇਹ ਵੀ ਦੱਸਿਆ ਕਿ ਉਸ ਨੂੰ ਬੱਚਿਆਂ ਦੇ ਪਾਲਣ-ਪੋਸ਼ਣ ਵਿੱਚ ਕਿੰਨੀ ਔਖ ਹੋ ਰਹੀ ਹੈ। ਪਿੰਡ ਦਾਨ ਸਿੰਘ ਵਾਲਾ ਦੀ ਮਾਂ ਜਸਪਾਲ ਕੌਰ ਦੇ ਹੰਝੂ ਹੀ ਉਸ ਦੇ ਜਵਾਨ ਪੁੱਤ ਦੇ ਚਲੇ ਜਾਣ ਅਤੇ ਕਰਜ਼ੇ ਦੀ ਸੱਟ ਨੂੰ ਬਿਆਨ ਕਰ ਰਹੇ ਸਨ। ਮਹਿਰਾਜ ਦੇ ਕਿਸਾਨ ਪਰਿਵਾਰਾਂ ਨੇ ਆਲੂਆਂ ਦੀ ਫਸਲ ਦੀ ਦੁਰਗਤੀ ਦਾ ਖੁਲਾਸਾ ਕਮੇਟੀ ਕੋਲ ਕੀਤਾ। ਪੀੜਤ ਪਰਿਵਾਰਾਂ ਦੇ ਉਦਾਸ ਘਰ ਦੇਖ ਕੇ ਹੀ ਕਮੇਟੀ ਮੈਂਬਰਾਂ ਦੇ ਮਨ ਪਸੀਜ ਗਏ। ਵਿਧਾਨ ਸਭਾ ਕਮੇਟੀ ਨੇ ਬਠਿੰਡਾ ਤੇ ਮਾਨਸਾ ਜ਼ਿਲ੍ਹੇ ਦਾ ਦੌਰਾ ਮੁਕੰਮਲ ਕਰ ਲਿਆ ਹੈ। ਦੂਜੇ ਪੜਾਅ ਤਹਿਤ ਕਮੇਟੀ ਹੋਰ ਜ਼ਿਲ੍ਹਿਆਂ ਦੇ ਪੀੜਤਾਂ ਕੋਲ ਜਾਵੇਗੀ। ਪਿੰਡ ਬਹਿਮਣ ਦੀਵਾਨਾ ਦੇ ਪੀੜਤ ਪਰਿਵਾਰ ਨੇ ਦੱਸਿਆ ਕਿ ਚਿੱਟੀ ਮੱਖੀ ਨੇ ਉਨ੍ਹਾਂ ਕੋਲੋਂ ਘਰ ਦਾ ਜੀਅ ਖੋਹ ਲਿਆ ਅਤੇ ਪਹਿਲਾਂ ਕਰਜ਼ੇ ਨੇ ਇਕ ਲੜਕਾ ਖ਼ੁਦਕੁਸ਼ੀ ਦੇ ਰਾਹ ਤੋਰ ਦਿੱਤਾ। ਦਾਦੀ ਨੇ ਕਮੇਟੀ ਨੂੰ ਪੋਤੀ ਵੱਲੋਂ ਹਾਸਲ ਕੀਤੇ 94 ਫ਼ੀਸਦੀ ਅੰਕਾਂ ਬਾਰੇ ਵੀ ਦੱਸਿਆ। ਕਮੇਟੀ ਮੈਂਬਰ ਪਿੰਡ ਮੱਲਵਾਲਾ, ਭਗਵਾਨਗੜ੍ਹ, ਮੰਡੀ ਕਲਾਂ ਅਤੇ ਗਿੱਲ ਕਲਾਂ ਤੋਂ ਇਲਾਵਾ ਕੁੱਲ 10 ਪਿੰਡਾਂ ਵਿੱਚ ਗਏ। ਸਭ ਪਰਿਵਾਰਾਂ ਨੇ ਸਿਰ ਚੜ੍ਹੇ ਕਰਜ਼ੇ ਦੀ ਪੰਡ ਦੀ ਗੱਲ ਰੱਖੀ। ਸਭ ਨੇ ਸਰਕਾਰ ਤੋਂ ਰਾਹਤ ਦੀ ਮੰਗ ਕੀਤੀ। ਕਮੇਟੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਘਰਾਂ ਦੇ ਦੁੱਖ ਨੂੰ ਉਹ ਆਪਣੀ ਰਿਪੋਰਟ ਰਾਹੀਂ ਸਰਕਾਰ ਤੱਕ ਪੁੱਜਦਾ ਕਰਨਗੇ।

ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਦਾ ਕਹਿਣਾ ਹੈ ਕਿ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਘਰਾਂ ਦੀ ਸਥਿਤੀ ਦਾ ਜਾਇਜ਼ਾ ਲੈਣਾ ਸਦਨ ਕਮੇਟੀ ਦਾ ਮੁੱਖ ਕਾਰਜ ਹੈ ਅਤੇ ਹੁਣ ਕਮੇਟੀ ਹੋਰ ਜ਼ਿਲ੍ਹਿਆਂ ਵਿੱਚ ਵੀ ਜਾਵੇਗੀ। ਕਮੇਟੀ ਚੇਅਰਮੈਨ ਸੁਖਬਿੰਦਰ ਸਿੰਘ ਸਰਕਾਰੀਆ ਨੇ ਦੱਸਿਆ ਕਿ ਕਮੇਟੀ ਵੱਲੋਂ ਨਵੰਬਰ ਮਹੀਨੇ ਦੇ ਅਖ਼ੀਰ ਤੱਕ ਆਪਣੀ ਰਿਪੋਰਟ ਦੇ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਮੇਟੀ ਨੂੰ ਤਿੰਨ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਅਤੇ ਨਿਸ਼ਚਿਤ ਸਮੇਂ ਵਿੱਚ ਰਿਪੋਰਟ ਦਿੱਤੀ ਜਾਵੇਗੀ। ਦੱਸਣਯੋਗ ਹੈ ਕਿ ਕਿਸਾਨ ਖ਼ੁਦਕੁਸ਼ੀਆਂ ਦੇ ਮਾਮਲੇ 'ਤੇ ਸਰਕਾਰ ਨੇ ਵਿਧਾਨ ਸਭਾ ਦੀ ਕਮੇਟੀ ਬਣਾਈ ਸੀ, ਜਿਸ ਨੇ ਮਾਨਸਾ ਤੋਂ ਦੌਰਾ ਸ਼ੁਰੂ ਕੀਤਾ ਹੈ।

# ਡੇਢ ਕਰੋੜ ਰੁਪਏ ਦੇ ਫੰਡਾਂ ਨਾਲ ਲੱਭੇ ਜਾਣਗੇ ਖ਼ੁਦਕੁਸ਼ੀਆਂ ਦੇ ਮਨੋਵਿਗਿਆਨਕ ਕਾਰਨ

**ਸਤਵਿੰਦਰ ਬਸਰਾ**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (ਪੀਏਯੂ) ਦੇ ਪੱਤਰਕਾਰੀ ਵਿਭਾਗ ਵੱਲੋਂ ਆਉਂਦੇ ਸਮੇਂ ਵਿੱਚ ਕਿਸਾਨਾਂ ਸਮੇਤ ਹੋਰਾਂ ਵੱਲੋਂ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਦੇ ਮਨੋਵਿਗਿਆਨਕ ਪੱਖਾਂ ਸਬੰਧੀ ਖੋਜ ਕੀਤੀ ਜਾਵੇਗੀ। ਇਸ ਕਾਰਜ ਲਈ 'ਵਰਸਿਟੀ ਦੇ ਉਕਤ ਵਿਭਾਗ ਨੂੰ ਪਹਿਲੀ ਵਾਰ ਨੈਸ਼ਨਲ ਐਗਰੀਕਲਚਰਲ ਸਾਇੰਸ ਫੰਡ ਤਹਿਤ 1.35 ਕਰੋੜ ਰੁਪਏ ਦੀ ਰਕਮ ਮਿਲੀ ਹੈ। ਪੀਏਯੂ ਦੇ ਪੱਤਰਕਾਰੀ ਵਿਭਾਗ ਦੇ ਪ੍ਰੋਫੈਸਰ ਅਤੇ ਪ੍ਰਿੰਸੀਪਲ ਇਨਵੈਸਟੀਗੇਟਰ ਡਾ. ਸਰਬਜੀਤ ਸਿੰਘ ਦੀ ਅਗਵਾਈ ਹੇਠ 'ਖ਼ੁਦਕੁਸ਼ੀ: ਮਨੋਵਿਗਿਆਨਕ ਪੱਖ' ਵਿਸ਼ੇ ਹੇਠ ਚਲਾਏ ਜਾ ਰਹੇ ਤਿੰਨ ਸਾਲਾ ਪ੍ਰੋਜੈਕਟ ਵਿੱਚ ਤਿਲੰਗਾਨਾ ਸਟੇਟ ਐਗਰੀਕਲਚਰਲ ਯੂਨੀਵਰਸਿਟੀ ਹੈਦਰਾਬਾਦ, ਮਰਾਠਵਾੜਾ ਖੇਤੀ ਵਿਦਿਆਪੀਠ, ਪਰਭਨੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਟੀਮਾਂ ਵੀ ਸਹਿਯੋਗ ਦੇ ਰਹੀਆਂ ਹਨ। ਚਾਰੇ ਟੀਮਾਂ ਦੀ ਪਟਿਆਲਾ ਵਿਖੇ ਮੀਟਿੰਗ ਵੀ ਹੋ ਚੁੱਕੀ ਹੈ। ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਖ਼ੁਦਕੁਸ਼ੀਆਂ ਦਾ ਮਾਮਲਾ ਇੰਨਾ ਗੰਭੀਰ ਹੈ ਕਿ ਇਸ ਪਾਸੇ ਸੋਚਣਾ ਸਮੇਂ ਦੀ ਅਹਿਮ ਲੋੜ ਬਣ ਗਈ ਹੈ। ਵਿਸ਼ਵ ਸਿਹਤ ਸੰਗਠਨ (ਡਬਲਿਊਐਚਓ) ਦੀ ਹਦਾਇਤਾਂ ਮੁਤਾਬਕ ਖ਼ੁਦਕੁਸ਼ੀ ਨੂੰ ਵਧਾ-ਚੜ੍ਹਾ ਕੇ ਬਿਆਨ ਨਾ ਕੀਤਾ ਜਾਵੇ ਕਿਉਂਕਿ ਮਨੋਵਿਗਿਆਨਕ ਕਾਰਨਾਂ ਕਰਕੇ ਬਹੁਤੇ ਲੋਕ ਅਜਿਹੀਆਂ ਖ਼ਬਰਾਂ ਪੜ੍ਹ ਕੇ ਹੀ ਇਸ ਪਾਸੇ ਨੂੰ ਤੁਰ ਪੈਂਦੇ ਹਨ। ਡਬਲਿਊਐਚਓ ਦਾ ਕਹਿਣਾ ਹੈ ਕਿ ਖ਼ੁਦਕੁਸ਼ੀ ਕਰਨ ਵਾਲੇ ਦੇ ਪਿੱਛੋਂ ਪਰਿਵਾਰਕ ਮੈਂਬਰਾਂ 'ਤੇ ਕਿਹੜੇ ਕਿਹੜੇ ਦੁੱਖ ਆਉਂਦੇ ਹਨ, ਬਾਰੇ ਵੀ ਵਿਸਥਾਰ ਨਾਲ ਦੱਸਣ ਦੀ ਲੋੜ ਹੈ। ਡਾ. ਸਿੰਘ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਉਨ੍ਹਾਂ ਦੀ

### ਖੇਤੀਬਾੜੀ ਯੂਨੀਵਰਸਿਟੀ ਨੂੰ ਦਿੱਤੀ ਜ਼ਿੰਮੇਵਾਰੀ

ਟੀਮ ਇਹ ਖੋਜ ਕਰੇਗੀ ਕਿ ਦੋ ਲੱਖ ਦੇ ਕਰਜ਼ੇ ਵਾਲੇ ਕਿਸਾਨ ਵਿੱਚ ਅਜਿਹੇ ਕਿਹੜੇ ਗੁਣਾਂ ਦੀ ਘਾਟ ਸੀ ਜਿਸ ਨੇ ਉਸ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰ ਦਿੱਤਾ ਜਦਕਿ ਕਈ ਪੰਜ-ਪੰਜ, ਦਸ-ਦਸ ਲੱਖ ਦਾ ਕਰਜ਼ਾ ਲੈਣ ਵਾਲੇ ਕਿਸਾਨ ਵੀ ਕਦੇ ਖ਼ੁਦਕੁਸ਼ੀ ਕਰਨ ਬਾਰੇ ਨਹੀਂ ਸੋਚਦੇ। ਕਿਸਾਨਾਂ ਨੂੰ ਮਨੋਵਿਗਿਆਨਕ ਪੱਖੋਂ ਮਜ਼ਬੂਤ ਬਣਾਉਣ ਦੇ ਮਕਸਦ ਨਾਲ ਸੂਬੇ ਵਿੱਚ 200 ਵਾਲੰਟੀਅਰ ਤਿਆਰ ਕੀਤੇ ਜਾ ਰਹੇ ਹਨ। ਦੋ ਦਿਨ ਦੀ ਸਿਖਲਾਈ ਤੋਂ ਬਾਅਦ ਉਨ੍ਹਾਂ ਨੂੰ ਆਪੋ ਆਪਣੇ ਪਿੰਡਾਂ, ਕਸਬਿਆਂ ਵਿੱਚ ਸੈਮੀਨਾਰਾਂ, ਵਰਕਸ਼ਾਪਾਂ ਅਤੇ ਹੋਰ ਸਾਧਨਾਂ ਰਾਹੀਂ ਜਾਗਰੂਕਤਾ ਫੈਲਾਉਣ ਲਈ ਤਿਆਰ ਕੀਤਾ ਜਾਵੇਗਾ। ਉਨ੍ਹਾਂ ਸਿੱਖਿਆ ਸੰਸਥਾਵਾਂ ਨੂੰ ਕਿਹਾ ਕਿ ਉਹ ਸਕੂਲਾਂ/ਕਾਲਜਾਂ ਵਿੱਚ ਮੁੱਢਲੀ ਡਾਕਟਰੀ ਸਿੱਖਿਆ ਦੇ ਨਾਲ ਨਾਲ ਮੁੱਢਲੀ ਮਨੋਵਿਗਿਆਨਕ ਸਿੱਖਿਆ ਵੀ ਦੇਣੀ ਸ਼ੁਰੂ ਕਰਨ। ਉਨ੍ਹਾਂ ਇਹ ਵੀ ਦੱਸਿਆ ਕਿ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕੀਤੇ ਜਾਣ ਦੇ ਪੱਖ ਨੂੰ ਗੰਭੀਰਤਾ ਨਾਲ ਲੈਂਦਿਆਂ ਪੀਏਯੂ ਦੇ ਉਪ ਕੁਲਪਤੀ ਡਾ. ਬਲਦੇਵ ਸਿੰਘ ਢਿੱਲੋਂ ਨੇ 8 ਸਤੰਬਰ ਤੋਂ ਸ਼ੁਰੂ ਹੋ ਰਹੀ ਪੀਏਯੂ ਕਿਸਾਨ ਮੇਲਿਆਂ ਦੀ ਲੜੀ ਦਾ ਨਾਅਰਾ 'ਸਾਦੇ ਵਿਆਹ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ' ਰੱਖਿਆ ਹੈ।

ਇਸ ਤੋਂ ਇਲਾਵਾ 'ਵਰਸਿਟੀ ਦੇ ਕਾਲਜ ਆਫ ਬੇਸਿਕ ਸਾਇੰਸਿਜ਼ ਐਂਡ ਹਿਊਮੈਨਿਟੀ ਵੱਲੋਂ 10 ਸਤੰਬਰ ਨੂੰ ਵਿਸ਼ਵ ਖ਼ੁਦਕੁਸ਼ੀ ਰੋਕੋ ਦਿਵਸ ਮੌਕੇ 'ਜੀਵਨ ਦੇ ਔਖੇ ਪਲ ਕਿਵੇਂ ਬਿਤਾਈਏ?, ਖ਼ੁਦਕੁਸ਼ੀ: ਇਕ ਸਮੱਸਿਆ, ਹਲ ਨਹੀਂ, ਜੂਝਦੇ ਰਹਿਣਾ ਹੀ ਪੰਜਾਬੀਆਂ ਦੀ ਪਛਾਣ ਹੈ, ਸਾਦੇ ਵਿਆਹ, ਸਾਦੇ ਭੋਗ-ਨਾ ਕਰਜ਼ਾ, ਨਾ ਚਿੰਤਾ ਰੋਗ, ਭਾਈਚਾਰਾ ਵਧਾਈਏ-ਪਰੇਸ਼ਾਨੀਆਂ ਘਟਾਈਏ' ਵਿਸ਼ਿਆਂ 'ਤੇ ਲੇਖ, ਕਵਿਤਾ, ਕਹਾਣੀ, ਨਾਅਰੇ ਅਤੇ ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ।

# ਨਾਮਧਾਰੀ ਧੜੇ ਵਲੋਂ ਆਗੂ ਦੀ ਆਰਤੀ ਉਤਾਰਨ ਸਬੰਧੀ ਅਕਾਲ ਤਖ਼ਤ ਵੱਲੋਂ ਸਖ਼ਤ ਤਾੜਨਾ

ਅੰਮ੍ਰਿਤਸਰ/ਬਿਊਰੋ ਨਿਊਜ਼ :

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਆਰਤੀ ਨੂੰ ਨਾਮਧਾਰੀ ਸੰਪਰਦਾ ਦੇ ਇੱਕ ਧੜੇ ਦੇ ਆਗੂ ਦੀ ਆਰਤੀ ਕਰਨ ਲਈ ਵਰਤੇ ਜਾਣ ਅਤੇ ਇਸ ਦੀ ਵੀਡਿਓ ਵਾਇਰਲ ਹੋਣ 'ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਖ਼ਤ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਤਾੜਨਾ ਕੀਤੀ ਹੈ ਕਿ ਅਜਿਹੀਆਂ ਹਰਕਤਾਂ ਨਾਲ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਭੜਕ ਸਕਦੀਆਂ ਹਨ।

ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਸ ਸਬੰਧੀ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਨਾਮਧਾਰੀ ਸੰਪਰਦਾ ਦੇ ਇਕ ਧੜੇ ਦੇ ਆਗੂ ਠਾਕੁਰ ਦਲੀਪ ਸਿੰਘ ਬੈਠੇ ਹਨ ਅਤੇ ਕੁਝ ਔਰਤਾਂ ਉਨ੍ਹਾਂ ਦੀ ਆਰਤੀ ਉਤਾਰ ਰਹੀਆਂ ਹਨ। ਇਹ ਔਰਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਆਰਤੀ ਨੂੰ ਸੰਪਰਦਾ ਦੇ ਮੁਖੀ ਦੀ ਆਰਤੀ ਉਤਾਰਨ ਲਈ ਵਰਤ ਰਹੀਆਂ ਹਨ, ਜੋ ਘੋਰ ਮਨਮਤ ਹੈ। ਇਸ ਵੀਡੀਓ ਨੂੰ ਦੇਖਣ ਮਗਰੋਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਅਜਿਹੀਆਂ ਮਨਮਤ ਕਾਰਵਾਈਆਂ ਦੀ ਗੁਰਬਾਣੀ ਵਿੱਚ ਨਿਖੇਧੀ ਕੀਤੀ ਗਈ ਹੈ ਅਤੇ ਇਹ ਕਾਰਵਾਈ ਗੁਰਬਾਣੀ ਦਾ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਪਹਿਲਾਂ ਹੀ ਕਈ ਮੁਸ਼ਕਲਾਂ ਵਿੱਚੋਂ ਲੰਘ ਰਹੀ ਹੈ ਅਤੇ ਅਜਿਹੇ ਸਮੇਂ ਵਿੱਚ ਇਸ ਤਰ੍ਹਾਂ ਦੀ ਕਾਰਵਾਈ ਨੁਕਸਾਨਦੇਹ ਸਾਬਿਤ ਹੋ ਸਕਦੀ ਹੈ। ਉਨ੍ਹਾਂ ਸ਼ੰਕਾ ਪ੍ਰਗਟਾਈ ਕਿ ਅਜਿਹੀ ਵੀਡੀਓ ਵਾਇਰਲ ਕਰਨਾ ਸਾਜ਼ਿਸ਼ ਦਾ ਹਿੱਸਾ ਵੀ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਨਾਮਧਾਰੀ ਸੰਪਰਦਾ ਨੇ ਸਿੱਖ ਕੌਮ ਲਈ ਸਮੇਂ-ਸਮੇਂ ਕਈ ਕੁਰਬਾਨੀਆਂ ਕੀਤੀਆਂ ਸਨ ਪਰ ਇਸ ਤਰ੍ਹਾਂ ਦੀ ਕਾਰਵਾਈ ਸੰਪਰਦਾ ਨੂੰ ਸ਼ੋਭਾ ਨਹੀਂ ਦਿੰਦੀ।

# ਵਿਕਾਸਤੰਤਰ ਜਾਂ ਖ਼ੈਰਾਤ-ਤੰਤਰ : ਕੀ ਹੋਵੇ ਤਰਜੀਹ ?

**ਨਿਰਮਲ ਸੰਧੂ**

**ਜੇਕਰ ਮੁਫ਼ਤ ਬਿਜਲੀ ਨਾਲ ਬਾਦਲ ਲਿਸ਼ਕ ਤੇ ਗੜਕ ਕੇ ਚੋਣਾਂ ਵਿੱਚ ਵਿਰੋਧੀਆਂ ਦੀ ਗੋਡਣੀ ਲਵਾ ਸਕਦੇ ਹਨ ਤਾਂ ਉਹ ਵਾਅਦੇ ਪੂਰੇ ਕਰਨ ਲਈ ਸਰਕਾਰੀ ਖ਼ਜ਼ਾਨੇ ਨੂੰ ਖੁੰਘਲ ਕਰਨ ਅਤੇ ਕਰਜ਼ੇ ਉਤੇ ਕਰਜ਼ਾ ਚੁੱਕਣ ਵਿੱਚ ਭੋਰਾ ਵੀ ਗੁਰੇਜ਼ ਨਹੀਂ ਕਰਨਗੇ। ਇਹ ਰਵਾਇਤ ਹਰੇਕ ਸਿਆਸੀ ਵਿਰੋਧੀ ਨੂੰ ਅਜਿਹਾ ਕਰਨ ਲਈ ਮਜਬੂਰ ਕਰੇਗੀ। ਲੋਕਾਂ ਨੂੰ ਖੁਸ਼ ਕਰਨ ਦੀ ਮੁਕਾਬਲੇਬਾਜ਼ੀ ਨੇ ਪੰਜਾਬ ਦੀਆਂ ਜੜ੍ਹਾਂ ਖੁੰਘ ਦਿੱਤੀਆਂ ਹਨ। ਵਿਰਾਸਤ ਵਿੱਚ ਮਿਲੇ ਖਾਲੀ ਖ਼ਜ਼ਾਨੇ ਕਾਰਨ ਹੁਣ ਕੈਪਟਨ ਅਮਰਿੰਦਰ ਸਿੰਘ ਨੂੰ ਕੁੱਝ ਨਹੀਂ ਸੁੱਝ ਰਿਹਾ ਕਿ ਉਸ ਵੱਲੋਂ ਚੋਣਾਂ ਵੇਲੇ ਕੀਤੇ ਬੇਸ਼ੁਮਾਰ ਵਾਅਦੇ ਪੂਰੇ ਕਰਨ ਦਾ ਕਾਰਜ ਕਿਸ ਪਾਸਿਓਂ ਵਿੱਢਿਆ ਜਾਵੇ।**



ਅਸੀਂ ਚੰਗੀ ਤਰ੍ਹਾਂ ਠੋਕ-ਵਜਾ ਕੇ ਸਿੱਧ ਕਰ ਚੁੱਕੇ ਹਾਂ ਕਿ ਅਸੀਂ ਕਿਸੇ ਵੀ ਮੁੱਦੇ ਉਤੇ ਅਰਥਭਰਪੂਰ ਅਤੇ ਸਭਿਅਕ ਬਹਿਸ ਨਹੀਂ ਕਰ ਸਕਦੇ; ਭਾਵੇਂ ਇਹ ਸੰਸਦ ਵਿੱਚ ਹੋਵੇ, ਟੀਵੀ ਸਟੂਡੀਓ ਜਾਂ ਜਨਤਕ ਮੰਚ ਉਤੇ ਹੋਵੇ। ਸਾਨੂੰ ਫ਼ੈਸਲਾ ਕਰਨ ਦੀ ਲੋੜ ਹੈ ਕਿ ਕੀ ਸਰਕਾਰ ਦਾ ਆਕਾਰ ਘਟਾਉਣ ਦੀ ਜ਼ਰੂਰਤ ਹੈ। ਪ੍ਰਸ਼ਾਸਨਿਕ ਸੁਧਾਰਾਂ, ਆਪਣੇ ਆਪ ਪ੍ਰਵਾਨਗੀਆਂ ਅਤੇ ਤਕਨਾਲੋਜੀ ਦੀ ਉਪਲਬੱਧਤਾ ਦੇ ਬਾਵਜੂਦ ਲੰਡੇ ਸਾਨ੍ਹ ਵਾਂਗ ਪੱਸਰੀ ਸਰਕਾਰ, ਜਿਸ ਦਾ ਹਰੇਕ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਨਾਲ ਖ਼ਰਚਾ ਵਧ ਜਾਂਦਾ ਹੈ, ਗਲ ਪਿਆ ਢੋਲ ਬਣ ਗਈ ਹੈ।

ਸਿਆਸਤਦਾਨਾਂ ਨੂੰ ਵੱਡ-ਆਕਾਰੀ ਸਰਕਾਰ ਦੀ ਲੋੜ ਹੁੰਦੀ ਹੈ ਤਾਂ ਜੋ ਹਰੇਕ ਵਫ਼ਾਦਾਰ ਨੂੰ ਖੁਸ਼ ਕਰਨ ਲਈ ਕਿਸੇ ਖੱਲ-ਖੂੰਝੇ ਵਿਚ ਬੰਨ੍ਹਿਆ ਜਾ ਸਕੇ। ਇਨ੍ਹਾਂ ਨੂੰ ਪ੍ਰਸ਼ਾਸਨਿਕ ਵੱਢ ਵਿਚੋਂ ਕੱਢਣ ਲਈ ਕੋਈ ਹੀਲਾ ਨਹੀਂ ਕੀਤਾ ਜਾਂਦਾ। ਅਮਰੀਕੀ ਰਿਪਬਲਿਕਨ ਪਾਰਟੀ ਦਾ ਘੱਟੋ ਘੱਟ ਸ਼ਾਸਨ ਅਤੇ ਘੱਟ ਟੈਕਸਾਂ ਵਿੱਚ ਵਿਸ਼ਵਾਸ ਹੈ, ਜਿਸ ਵਿਚ ਇਕ ਵਾਰ ਨਰਿੰਦਰ ਮੋਦੀ ਵੱਲੋਂ ਵੀ ਭਰੋਸਾ ਜਤਾਇਆ ਗਿਆ ਸੀ। ਡੈਮੋਕਰੈਟਿਕ ਪਾਰਟੀ, ਜੋ ਆਪ ਮੋਟੇ ਤੌਰ 'ਤੇ ਅਜਿਹੀਆਂ ਹੀ ਆਰਥਿਕ ਨੀਤੀਆਂ ਅਪਣਾਉਂਦੀ ਆਈ ਹੈ, ਵੱਲੋਂ ਕਿਰਤੀ ਜਮਾਤ ਅਤੇ ਪਰਵਾਸੀਆਂ ਦੀ ਮਾਂ ਵਾਂਗ ਸੰਭਾਲ ਕੀਤੀ ਜਾਂਦੀ ਹੈ। ਭਾਰਤ ਵਿੱਚ ਰਾਜਸੀ ਪਾਰਟੀਆਂ ਕੋਲ ਘੱਟ ਜਾਂ ਵੱਧ ਸ਼ਾਸਨ ਬਾਰੇ ਕੋਈ ਵਿਚਾਰਧਾਰਕ ਪ੍ਰਤੀਬੱਧਤਾ ਨਹੀਂ ਹੈ। ਉਨ੍ਹਾਂ ਵੱਲੋਂ ਸਰਕਾਰੀ ਸ਼ਾਸਨ ਨੂੰ ਕਾਨੂੰਨੀ ਲਾਲ ਲੀਕ ਤੋਂ ਵੀ ਅਗਾਂਹ ਖਿੱਚਣ ਦਾ ਯਤਨ ਕੀਤਾ ਜਾਂਦਾ ਹੈ।

ਸੋਵੀਅਤ ਸੰਘ ਦੇ ਖਿੰਡਣ ਅਤੇ ਸਮਾਜਵਾਦੀ ਪੰਧ ਤੋਂ ਕਿਨਾਰਾ ਕਰਨ ਬਾਅਦ ਘੱਟ ਸ਼ਾਸਨ ਵਾਲੇ ਪੱਛਮੀ ਮਾਡਲ ਨੂੰ ਤਰਜੀਹ ਦਿੱਤੀ ਗਈ ਸੀ। ਕੈਨੇਡਾ ਦੇ ਪੰਜਾਬੀ ਮੰਤਰੀ ਪੰਜਾਬ ਵਿੱਚ ਆਮ ਨਾਗਰਿਕਾਂ ਵਾਂਗ ਵਿਚਰਦੇ ਹਨ। ਉਹ ਪੰਜਾਬ ਵਿੱਚ ਮੰਤਰੀਆਂ ਦਾ ਲਾਮ-ਲਸ਼ਕਰ ਦੇਖ ਕੇ ਹੱਕੇ ਬੱਕੇ ਰਹਿ ਜਾਂਦੇ ਹਨ ਅਤੇ ਸ਼ਾਸਨ ਦਾ ਨੀਵਾਂ ਪੱਧਰ ਦੇਖ ਕੇ ਭੈਅਭੀਤ ਹੁੰਦੇ ਹਨ। ਭਾਰਤ ਵਿੱਚ ਅਸੀਂ ਬੇਲੋੜੀਆਂ ਚੀਜ਼ਾਂ ਉਤੇ ਵਸੀਲੇ ਖ਼ਰਾਬ ਕਰਦੇ ਹਾਂ। ਅਸੀਂ ਆਸ ਕਰਦੇ ਹਾਂ ਕਿ ਸਰਕਾਰ ਹੀ ਸਾਰਾ ਕੁੱਝ ਕਰੇਗੀ ਅਤੇ ਜੋ ਕੰਮ ਨਹੀਂ ਹੁੰਦਾ ਉਸ ਦਾ ਵੀ ਜ਼ਿੰਮਾ ਲਵੇ। ਇਕ ਮੁਲਕ ਵਜੋਂ ਸਾਡੇ ਟੈਕਸਾਂ ਦਾ ਪੈਸਾ ਕਿਵੇਂ ਖ਼ਰਚਿਆ ਜਾਂਦਾ ਹੈ, ਅਸੀਂ ਬਹੁਤ ਘੱਟ ਗ਼ੌਰ ਕਰਦੇ ਹਾਂ।

ਖੇਤੀਬਾੜੀ ਤੇ ਵਪਾਰ ਸਮੇਤ ਹਰੇਕ ਖੇਤਰ ਵਿੱਚ ਸਰਕਾਰ ਦੇ ਬਹੁਤ ਜ਼ਿਆਦਾ ਦਖ਼ਲ ਬਾਅਦ ਕਿਸਾਨਾਂ ਤੇ ਕਾਰੋਬਾਰੀਆਂ ਵੱਲੋਂ ਰਿਆਇਤਾਂ ਮੰਗਣੀਆਂ ਸੁਭਾਵਿਕ ਹਨ ਅਤੇ ਜੇਕਰ ਬਾਜ਼ੀ ਪੁੱਠੀ ਪੈਂਦੀ ਹੈ ਤਾਂ ਕਰਜ਼ਾ ਮੁਆਫ਼ੀ ਮੰਗਣਾ ਅਧਿਕਾਰ ਬਣ ਜਾਂਦਾ ਹੈ। ਰੱਖਿਆਵਾਦੀ ਨੀਤੀਆਂ ਨੇ ਲੋਕਾਂ ਵਿਚੋਂ ਅਣਖ਼, ਉੱਦਮੀ ਜੋਸ਼, ਆਪਣੇ ਕਦਮਾਂ ਦੀ ਜ਼ਿੰਮੇਵਾਰੀ ਲੈਣ ਅਤੇ ਜੋਖਿਮ ਲੈਣ ਦੀ ਇੱਛਾ ਸ਼ਕਤੀ ਮਾਰ ਦਿੱਤੀ ਹੈ। ਅਸੀਂ ਨਾਕਾਮੀਆਂ ਤੋਂ ਭੱਜਦੇ ਹਾਂ ਅਤੇ ਜੇਕਰ ਸਾਡਾ ਕੋਈ ਫ਼ੈਸਲਾ ਪੁੱਠਾ ਪੈਂਦਾ ਹੈ ਤਾਂ ਸਰਕਾਰ ਤੋਂ ਬਚਾਅ ਦੀ ਆਸ ਰੱਖਦੇ ਹਾਂ। ਸਿਆਸਤਦਾਨ ਵੀ ਚੋਣਾਂ ਦੇ ਮੱਦੇਨਜ਼ਰ ਹਰੇਕ ਵਰਗ ਨੂੰ ਖ਼ੁਸ਼ ਕਰਨ ਲਈ ਕਿਸੇ ਵੀ ਹੱਦ ਤਕ ਜਾਂਦੇ ਹਨ, ਜਿਸ ਨਾਲ ਗ਼ੈਰਤਰਕਸੰਗਤ ਮੰਗਾਂ ਵਧਦੀਆਂ ਹਨ। ਅਸੀਂ ਅਜਿਹੇ ਰਾਜਸੀ ਆਗੂਆਂ ਦੇ ਹੀ ਲਾਇਕ ਹਾਂ, ਜੋ ਅੱਜ ਸਾਡੇ ਕੋਲ ਹਨ।

ਔਖੇ ਸਮੇਂ ਨਾਗਰਿਕਾਂ ਦੀ ਬਾਂਹ ਫੜਨਾ ਜਮਹੂਰੀ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ। ਸਮਾਜਿਕ ਸੁਰੱਖਿਆ ਘੇਰਾ ਮੁਹੱਈਆ ਕਰਾਉਣਾ ਕਲਿਆਣਕਾਰੀ ਰਾਜ ਦਾ ਨਿਸ਼ਾਨਾ ਹੁੰਦਾ ਹੈ। ਸਾਡੇ ਮੁਲਕ ਵਿਚ ਇਕ ਵੀ ਜ਼ਿਕਰਯੋਗ ਸਮਾਜਿਕ ਸੁਰੱਖਿਆ ਯੋਜਨਾ ਨਹੀਂ ਹੈ। ਭਲਾਈ ਦਾ ਵਿਸ਼ਾ ਹਾਸੋਹੀਣੇ ਪੱਧਰ ਤਕ ਪਹੁੰਚ ਗਿਆ ਹੈ। ਅਜਿਹੇ ਸਿਆਸਤਦਾਨਾਂ ਦਾ ਮੁੱਖ ਮਕਸਦ ਸੱਤਾ ਹਾਸਲ ਕਰਨਾ ਤੇ ਇਸ ਨੂੰ ਹਰ ਹਾਲ ਬਰਕਰਾਰ ਰੱਖਣਾ ਹੈ। ਇਸ ਲਈ ਜਦੋਂ ਉਹ ਵੋਟਾਂ ਲਈ ਪੱਲਾ ਅੱਡਦੇ ਹਨ ਤਾਂ ਹਰ ਤਰ੍ਹਾਂ ਦੇ ਵਾਅਦੇ ਕਰਦੇ ਹਨ ਅਤੇ ਉਹੀ ਕੁੱਝ ਮੁੱਖੋਂ ਫਰਮਾਉਂਦੇ ਹਨ ਜੋ ਵੋਟਰ ਸੁਣਨਾ ਚਾਹੁੰਦੇ ਹਨ। ਆਪਣਾ ਭਰੋਸਾ ਬਣਾਈ ਰੱਖਣ ਲਈ ਕਈ ਵਾਰ ਉਹ ਵਾਅਦੇ ਪੂਰੇ ਵੀ ਕਰਦੇ ਹਨ।

ਜੇਕਰ ਸੀਮਤ ਸਾਧਨ ਇਸ ਜਾਂ ਉਸ ਵਰਗ ਨੂੰ ਖ਼ੁਸ਼ ਕਰਨ ਵਾਸਤੇ ਵਰਤੇ ਜਾਣ ਤਾਂ ਇਸ ਨਾਲ ਸ਼ਾਸਨ ਦਾ ਮਿਆਰ ਮੂੰਹ ਪਰਨੇ ਡਿੱਗਣ ਤੋਂ ਇਲਾਵਾ ਸਿਹਤ ਤੇ ਸਿੱਖਿਆ ਸਹੂਲਤਾਂ, ਅਦਾਰਿਆਂ ਦੀ ਕੰਮ-ਕਾਜੀ ਸਮਰੱਥਾ ਅਤੇ ਕੁੱਲ ਮਿਲਾ ਕੇ ਜਨਤਾ ਦੀ ਭਲਾਈ ਅਸਰਅੰਦਾਜ਼ ਹੁੰਦੀ ਹੈ ਜਿਵੇਂ ਪੰਜਾਬ ਵਿਚ ਹੋਇਆ ਹੈ। ਖਾਲੀ ਖ਼ਜ਼ਾਨੇ ਦੇ ਸਾਹਸ ਤੋੜਨ ਵਾਲੇ ਪ੍ਰਭਾਵ ਪੈਂਦੇ ਹਨ ਅਤੇ ਡੁੱਬੇ ਕਰਜ਼ਿਆਂ ਦੀ ਭਾਰੀ ਪੰਡ ਅਗਲੀ ਪੀੜ੍ਹੀ ਦੀ ਧੌਣ ਵਿੱਚ ਵਲ ਪਾਉਂਦੀ ਹੈ। ਮਰਹੂਮ ਮੁੱਖ ਮੰਤਰੀ ਜੈਲਲਿਤਾ ਨੇ ਆਪਣੇ ਲਾਹੇ ਲਈ ਸਫ਼ਲਤਾਪੂਰਬਕ ਕਲਿਆਣਕਾਰੀ ਸਿਆਸਤ ਖੇਡੀ ਸੀ। ਜਿਸ ਗੱਲ ਨੇ ਤਾਮਿਲ ਨਾਡੂ ਨੂੰ ਪੰਜਾਬ ਵਾਂਗ ਦੀਵਾਲੀਆ ਹੋਣ ਤੋਂ ਬਚਾਇਆ, ਉਹ ਸੀ ਆਰਥਿਕਤਾ ਦੇ ਮੁਕੰਮਲ ਵਿਸਥਾਰ ਅਤੇ ਨਿਪੁੰਨਤਾ ਨਾਲ ਸੇਵਾਵਾਂ ਪ੍ਰਦਾਨ ਕਰਨਾ। ਭਾਵੇਂ ਤਾਮਿਲ ਨਾਡੂ ਨੂੰ 'ਭਾਰਤ ਵਿੱਚ ਅੱਵਲ ਨੰਬਰ ਦਾ ਭ੍ਰਿਸ਼ਟ ਸੂਬਾ' ਮੰਨਿਆ ਜਾਂਦਾ ਹੈ ਪਰ ਜੈਲਲਿਤਾ ਨੇ ਯਕੀਨੀ ਬਣਾਇਆ ਕਿ ਮੁਫ਼ਤ ਯੋਜਨਾਵਾਂ ਦਾ ਲਾਭ ਲੋੜਵੰਦਾਂ ਤਕ ਜ਼ਰੂਰ ਪਹੁੰਚੇ।

ਜੇਕਰ ਮੁਫ਼ਤ ਬਿਜਲੀ ਨਾਲ ਬਾਦਲ ਲਿਸ਼ਕ ਤੇ ਗੜਕ ਕੇ ਚੋਣਾਂ ਵਿੱਚ ਵਿਰੋਧੀਆਂ ਦੀ ਗੋਡਣੀ ਲਵਾ ਸਕਦੇ ਹਨ ਤਾਂ ਉਹ ਵਾਅਦੇ ਪੂਰੇ ਕਰਨ ਲਈ ਸਰਕਾਰੀ ਖ਼ਜ਼ਾਨੇ ਨੂੰ ਖੁੰਘਲ ਕਰਨ ਅਤੇ ਕਰਜ਼ੇ ਉਤੇ ਕਰਜ਼ਾ ਚੁੱਕਣ ਵਿੱਚ ਭੋਰਾ ਵੀ ਗੁਰੇਜ਼ ਨਹੀਂ ਕਰਨਗੇ। ਇਹ ਰਵਾਇਤ ਹਰੇਕ ਸਿਆਸੀ ਵਿਰੋਧੀ ਨੂੰ ਅਜਿਹਾ ਕਰਨ ਲਈ ਮਜਬੂਰ ਕਰੇਗੀ। ਲੋਕਾਂ ਨੂੰ ਖੁਸ਼ ਕਰਨ ਦੀ ਮੁਕਾਬਲੇਬਾਜ਼ੀ ਨੇ ਪੰਜਾਬ ਦੀਆਂ ਜੜ੍ਹਾਂ ਖੁੰਘ ਦਿੱਤੀਆਂ ਹਨ। ਵਿਰਾਸਤ ਵਿੱਚ ਮਿਲੇ ਖਾਲੀ ਖ਼ਜ਼ਾਨੇ ਕਾਰਨ ਹੁਣ ਕੈਪਟਨ ਅਮਰਿੰਦਰ ਸਿੰਘ ਨੂੰ ਕੁੱਝ ਨਹੀਂ ਸੁੱਝ ਰਿਹਾ ਕਿ ਉਸ ਵੱਲੋਂ ਚੋਣਾਂ ਵੇਲੇ ਕੀਤੇ ਬੇਸ਼ੁਮਾਰ ਵਾਅਦੇ ਪੂਰੇ ਕਰਨ ਦਾ ਕਾਰਜ ਕਿਸ ਪਾਸਿਓਂ ਵਿੱਢਿਆ ਜਾਵੇ। ਅਮਰੀਕੀ ਪੱਤਰਕਾਰ ਪੀ ਜੇ ਓਰੂਕ ਦੇ ਸ਼ਬਦਾਂ ਨੂੰ ਦਿਮਾਗ ਵਿੱਚ ਰੱਖਣਾ ਚਾਹੀਦਾ ਹੈ, 'ਜਦੋਂ ਇਕ ਸਿਆਸਤਦਾਨ ਆਪਣੇ ਆਪ ਨੂੰ ਦਰਦਮੰਦ ਅਤੇ ਸੰਵੇਦਨਸ਼ੀਲ ਇਨਸਾਨ ਵਜੋਂ ਪੇਸ਼ ਕਰਦਾ ਹੈ ਕਿਉਂਕਿ ਉਹ ਸਰਕਾਰ ਦੇ ਲੋਕ ਭਲਾਈ ਪ੍ਰੋਗਰਾਮਾਂ ਦਾ ਵਿਸਥਾਰ ਕਰਨਾ ਚਾਹੁੰਦਾ ਹੈ, ਤਾਂ ਅਸਲ ਵਿੱਚ ਉਹ ਕਹਿ ਰਿਹਾ ਹੁੰਦਾ ਹੈ ਕਿ ਉਹ ਹੋਰ ਲੋਕਾਂ ਦੇ ਧਨ ਨਾਲ ਚੰਗਾ ਕਰਨ ਦੀ ਇੱਛਾ ਰੱਖਦਾ ਹੈ।'

ਹਾਲ ਹੀ ਵਿੱਚ 'ਜਨ ਧਨ' ਨਾਲ ਆਪਣਾ ਜਨਤਕ ਅਕਸ ਸੰਵਾਰਨ ਵਾਲਿਆਂ ਵਿੱਚ ਨਰਿੰਦਰ ਮੋਦੀ ਸ਼ਾਮਲ ਹੋਇਆ ਹੈ। ਜੇਕਰ ਉਹ ਉੱਤਰ ਪ੍ਰਦੇਸ਼ ਵਿੱਚ ਫਿਰਕੂ ਸਿਆਸਤ ਦਾ ਪੱਤਾ ਖੇਡਣ ਤੋਂ ਇਲਾਵਾ ਮੁਫ਼ਤ ਗੈਸ ਸਿਲੰਡਰਾਂ ਦੀ ਪੇਸ਼ਕਸ਼ ਕਰਕੇ ਚੋਣ ਜਿੱਤ ਸਕਦਾ ਹੈ ਤਾਂ ਉਹ ਹਰੇਕ ਸੂਬੇ ਵਿੱਚ ਆਗਾਮੀ ਚੋਣਾਂ ਸਮੇਂ ਅਜਿਹਾ ਹੀ ਕਰੇਗਾ। ਇਸ ਬਾਅਦ ਉਸ ਕੋਲ ਮੱਧ ਵਰਗ ਦੀ ਗੈਸ ਸਬਸਿਡੀ ਖੋਹਣ ਅਤੇ ਪੈਟਰੋਲ ਤੇ ਡੀਜ਼ਲ ਉਤੇ ਟੈਕਸ ਵਧਾਉਣ ਦਾ ਆਧਾਰ ਵੀ ਹੋਵੇਗਾ ਤੇ ਅਧਿਕਾਰ ਵੀ।

ਜੇਕਰ ਖ਼ੈਰਾਤ ਵਾਲਾ ਸਭਿਆਚਾਰ ਬਰਕਰਾਰ ਰੱਖਣਾ ਹੈ, ਜੋ ਲੋੜਵੰਦਾਂ ਨਾਲੋਂ ਸਿਆਸਤਦਾਨਾਂ ਦੀ ਵੱਧ ਮਦਦ ਕਰਦਾ ਹੈ, ਤਾਂ ਸਰਦੇ-ਪੁੱਜਦੇ ਵਰਗਾਂ ਨੂੰ ਕੁਰਬਾਨੀਆਂ ਦੇਣੀਆਂ ਹੀ ਪੈਣਗੀਆਂ। ਇਸ ਤੋਂ ਬਾਅਦ ਵਿੱਚ ਸਰਕਾਰੀ ਕਰਾਂ ਜਾਂ ਕਰਜ਼ਾ ਵਧਣ ਬਾਰੇ ਰੋਣਾ ਨਹੀਂ ਰੋਇਆ ਜਾ ਸਕਦਾ। ਸਾਨੂੰ ਇਸ ਬਹਿਸ ਨੂੰ ਸਿਰੇ ਲਾਉਣ ਦੀ ਲੋੜ ਹੈ ਕਿ ਕੀ 'ਗ਼ਰੀਬ ਪੱਖੀ' ਸਿਆਸਤ ਨਾਲ ਦੇਸ਼ ਦਾ ਕੁੱਝ ਸੰਵਰ ਰਿਹਾ ਹੈ ਜਾਂ ਨਹੀਂ ? ਕੀ ਅਸੀਂ ਅੱਖਾਂ ਮੁੰਦ ਕੇ ਉਨ੍ਹਾਂ ਯੋਜਨਾਵਾਂ ਲਈ ਫੰਡ ਨਹੀਂ ਦੇ ਰਹੇ, ਜਿਨ੍ਹਾਂ ਸਹਾਰੇ ਭ੍ਰਿਸ਼ਟ ਖੱਟ ਰਹੇ ਹਨ ਅਤੇ ਸਿਆਸਤਦਾਨ ਆਪਣੇ ਆਪ ਨੂੰ ਚਮਕਾ ਰਹੇ ਹਨ ? ਜਾਂ ਅਸੀਂ ਸਰਕਾਰ ਨੂੰ ਸਾਡੀ ਪਿੱਠ ਤੋਂ ਹੱਥ ਚੁੱਕਣ ਅਤੇ ਪੁੱਜਤ ਮੁਤਾਬਕ ਘੱਟ ਤੋਂ ਘੱਟ ਮਦਦ ਕਰਨ ਲਈ ਕਹਿਣਾ ਚਾਹੁੰਦੇ ਹਾਂ ?

ਜੇਕਰ ਅਸੀਂ ਸਰਕਾਰ ਵੱਲੋਂ ਹੋਟਲ, ਏਅਰਲਾਈਨਜ਼ ਅਤੇ ਬੈਂਕ ਚਲਾਏ ਜਾਣਾ ਪ੍ਰਵਾਨ ਕਰਦੇ ਹਾਂ, ਜੋ ਸਿਆਸੀ ਦਖ਼ਲ, ਭ੍ਰਿਸ਼ਟਾਚਾਰ ਤੇ ਪੇਸ਼ੇਵਰ ਕੰਮ ਸੱਭਿਆਚਾਰ ਦੀ ਘਾਟ ਕਾਰਨ ਲਗਾਤਾਰ ਘਾਟੇ 'ਤੇ ਜਾ ਰਹੇ ਹਨ, ਜਾਂ ਇਨ੍ਹਾਂ ਘਾਟੇ ਵਾਲੇ ਅਦਾਰਿਆਂ ਜਾਂ ਡੁੱਬੇ ਕਾਰੋਬਾਰਾਂ ਨੂੰ ਵਿੱਤੀ ਸਹਾਰੇ ਨੂੰ ਮਾਨਤਾ ਦਿੰਦੇ ਹਾਂ ਤਾਂ ਸਾਨੂੰ ਉਹ ਸਾਰੇ ਟੈਕਸ ਖਿੜੇ ਮੱਥੇ ਅਦਾ ਕਰਨੇ ਚਾਹੀਦੇ ਹਨ ਜੋ ਸਾਥੋਂ ਮੰਗੇ ਜਾਂਦੇ ਹਨ।

ਸਿੱਖਿਆ, ਸਿਹਤ ਸੰਭਾਲ, ਮੁਢਲਾ ਢਾਂਚਾ ਸਮੇਤ ਹੋਰ ਵਿਕਾਸ ਕਾਰਜਾਂ ਤੋਂ ਵੱਡੇ ਪੱਧਰ ਉਤੇ ਫੰਡ ਤਬਦੀਲ ਕੀਤੇ ਜਾਣ ਕਾਰਨ ਕਈ ਵਰਗਾਂ ਵਿੱਚ ਨਾਖੁਸ਼ੀ ਵਧ ਰਹੀ ਹੈ। ਯੂ. ਪੀ. ਦੇ ਇਕ ਹਸਪਤਾਲ ਵਿੱਚ ਆਕਸੀਜਨ ਦੀ ਘਾਟ ਕਾਰਨ ਬੱਚੇ ਮਰ ਰਹੇ ਹਨ, ਜਿਸ ਤੋਂ ਮੁਲਕ ਵਿੱਚ ਸਿਹਤ ਸੰਭਾਲ ਦੀ ਅਸਲ ਹਾਲਤ ਬਾਰੇ ਪਤਾ ਲੱਗਦਾ ਹੈ। ਮਹਾਰਾਸ਼ਟਰ ਵਿੱਚ ਮਰਾਠਾ ਮਾਰਚ, ਹਰਿਆਣਾ ਵਿੱਚ ਜਾਟ ਰਾਖਵਾਂਕਰਨ ਅੰਦੋਲਨ, ਗੁਜਰਾਤ ਦੀਆਂ ਗਲੀਆਂ ਵਿੱਚ ਗਰਜਦੇ ਪਾਟੀਦਾਰ ਅਤੇ ਪੰਜਾਬ ਦੇ ਕਿਸਾਨਾਂ ਵਿਚ ਬੇਚੈਨੀ, ਅਤੇ ਹੋਰ ਥਾਈਂ ਵੀ ਅਸ਼ਾਂਤੀ ਇਹੋ ਕੁਝ ਦਰਸਾਉਂਦੀ ਹੈ ਕਿ ਆਰਥਿਕ ਇੱਛਾਵਾਂ ਅਣਸੁਲਝੀਆਂ ਪਈਆਂ ਹਨ। ਖੇਤੀਬਾੜੀ ਵਿੱਚ ਲਾਇਆ ਜਾਣ ਵਾਲਾ ਧਨ ਲੋਕਾਂ ਨੂੰ ਖੁਸ਼ ਕਰਨ ਵਾਸਤੇ ਵਰਤਿਆ ਜਾਣਾ ਵੀ ਅਜਿਹੀ ਸਥਿਤੀ ਲਈ ਇਕ ਹੱਦ ਤਕ ਜ਼ਿੰਮੇਵਾਰ ਹੈ।

ਇਸ ਵਾਂਝੇਕਰਨ ਤੋਂ ਮੁਕਤੀ ਲਈ ਦੋ ਰਸਤੇ ਹਨ। ਇਕ ਤਹਿਤ ਸਿੱਖਿਆ ਤੇ ਸਿਹਤ ਸੰਭਾਲ ਉਤੇ ਹੋਰ ਖਰਚ ਕਰਨਾ ਤਾਂ ਜੋ ਹਰੇਕ ਭਾਰਤੀ ਉੱਚੇ ਵਿਕਾਸ ਵਾਲੇ ਯਤਨਾਂ ਵਿੱਚ ਹਿੱਸਾ ਲੈਣ ਦੇ ਯੋਗ ਹੋ ਸਕੇ ਅਤੇ ਰਹਿਣ ਸਹਿਣ ਦਾ ਪੱਧਰ ਉਪਰ ਉੱਠ ਸਕੇ। ਦੂਜੇ ਮਾਡਲ ਤਹਿਤ ਪਹਿਲਾਂ ਵਿਕਾਸ 'ਤੇ ਧਿਆਨ ਕੇਂਦਰਿਤ ਕਰਨਾ ਅਤੇ ਬਾਅਦ ਵਿੱਚ ਲਾਭ ਨੂੰ ਹੇਠਲੇ ਪੱਧਰ ਉਤੇ ਲੋਕਾਂ ਤਕ ਪਹੁੰਚਾਉਣਾ ਹੈ। ਦੂਜੇ ਮਾਡਲ ਦੇ ਕੋਈ ਉਤਸ਼ਾਹੀ ਨਤੀਜੇ ਸਾਹਮਣੇ ਨਹੀਂ ਆਏ ਹਨ। ਲੋਕਾਂ ਨੂੰ ਲੁਭਾਉਣ ਵਾਲੀ ਸਿਆਸਤ ਵਿਕਾਸ ਦੇ ਹਰੇਕ ਮਾਡਲ ਦਾ ਮੂੰਹ ਚਿੜ੍ਹਾਉਂਦੀ ਹੈ ਅਤੇ ਇਹੋ ਹੁਣ ਕੇਂਦਰ ਤੇ ਸੂਬਿਆਂ ਵਿੱਚ ਪੂਰੇ ਜ਼ੋਰ ਸ਼ੋਰ ਨਾਲ ਅਜ਼ਮਾਈ ਜਾ ਰਹੀ ਹੈ।

ਸਾਡੇ ਕੋਲ ਵਿਸ਼ਵ ਪੱਧਰੀ ਅਰਥਸ਼ਾਸਤਰੀ ਸਨ ਪਰ ਸੱਤਾ ਦੀ ਝਾਕ ਅੱਗੇ ਉਹ ਬੇਵੱਸ ਹੋ ਗਏ। ਯੂਪੀਏ ਕੋਲ ਡਾ. ਮਨਮੋਹਨ ਸਿੰਘ, ਪੀ. ਚਿਦੰਬਰਮ, ਡਾ. ਮੌਨਟੇਕ ਸਿੰਘ ਆਹਲੂਵਾਲੀਆ ਅਤੇ ਰਘੂਰਾਮ ਰਾਜਨ ਵਰਗੀ ਵਧੀਆ ਟੀਮ ਸੀ ਪਰ 'ਸਰਬ ਸਾਂਝੇ ਵਿਕਾਸ' ਉਤੇ ਜ਼ਿਆਦਾ ਧਿਆਨ ਕੇਂਦਰਿਤ ਕਰਨ ਅਤੇ ਚੋਣ ਜਿੱਤਣ ਵਾਲੀਆਂ ਸਿਆਸੀ ਤਰਜੀਹਾਂ ਹਾਵੀ ਹੋਣ ਕਾਰਨ ਉਨ੍ਹਾਂ ਨੂੰ ਮਨਇੱਛਤ ਸੁਧਾਰਾਂ ਲਈ ਖੁੱਲ੍ਹ ਨਹੀਂ ਦਿੱਤੀ ਗਈ।

ਜੇਕਰ ਸਰਕਾਰ ਸਭਨਾਂ ਦੀ ਪਾਲਣਹਾਰ ਅਤੇ ਸਭਨਾਂ ਨੂੰ ਸਭ ਕੁਝ ਪ੍ਰਦਾਨ ਕਰਨ ਵਾਲੀ 'ਦਾਤਾਗਿਰੀ' ਛੱਡ ਕੇ ਆਪਣੇ ਆਪ ਨੂੰ ਲੋੜੀਂਦੀ ਮਸ਼ੀਨਰੀ ਬਣਨ- ਭਾਵ ਚੁਸਤ, ਦਰੁਸਤ ਤੇ ਕਾਰਗਰ ਰਾਜ ਪ੍ਰਬੰਧ ਤਕ ਸੀਮਤ ਕਰਨ ਲਵੇ ਤਾਂ ਅਸੀਂ ਸ਼ਾਇਦ ਸਚਮੁੱਚ ਹੀ ਸੁੱਖ ਦਾ ਸਾਹ ਲੈ ਸਕਾਂਗੇ ਅਤੇ ਉਸ ਸਾਰੇ ਵਿੱਤੀ ਬੋਝ ਤੋਂ ਬਚ ਸਕੀਏ, ਜੋ ਅੱਜ ਸਾਡੇ ਗਲ ਦੀ ਫਾਹੀ ਬਣ ਗਿਆ ਹੈ।

## ਲੋਕਾਂ ਦਾ ਕੈਪਟਨ ਸਰਕਾਰ ਤੋਂ ਲੱਥ ਚੁੱਕੈ ਚਾਅ : ਭਗਵੰਤ ਮਾਨ

**ਸੰਗਰੂਰ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਬੁਲਾਰੇ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਇੱਥੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੀ ਨਵੀਂ ਬਣੀ ਸਰਕਾਰ ਤੋਂ ਲੋਕਾਂ ਦਾ ਚਾਅ ਲੱਥ ਚੁੱਕਿਆ ਹੈ ਅਤੇ ਉਮੀਦਾਂ ਟੁੱਟ ਚੁੱਕੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁਆਫ਼ੀ ਦਾ ਝੂਠਾ ਲਾਰਾ ਲਾ ਕੇ ਪੰਜਾਬ ਦੇ ਕਿਸਾਨਾਂ ਨੂੰ ਗੁੰਮਰਾਹ ਕੀਤਾ ਅਤੇ ਸੱਤਾ ਮਿਲਦਿਆਂ ਹੀ ਉਹ ਵਾਅਦਿਆਂ ਤੋਂ ਭੱਜ ਗਏ। ਇਸੇ ਕਾਰਨ ਕਾਂਗਰਸ ਸਰਕਾਰ ਬਣਨ ਮਗਰੋਂ ਹੁਣ ਤੱਕ ਕਰੀਬ 200 ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ।



ਇੱਥੇ ਰੈਸਟ ਹਾਊਸ ਵਿੱਚ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਕੇਂਦਰੀ ਵਿੱਤ ਮੰਤਰੀ ਨੂੰ ਗੁਲਦਸਤੇ ਦੇ ਕੇ ਮਸਲੇ ਹੱਲ ਨਹੀਂ ਹੋਣਗੇ ਸਗੋਂ ਪੰਜਾਬ ਸਰਕਾਰ ਨੂੰ ਕਿਸਾਨੀ ਕਰਜ਼ੇ ਦੀ ਮੁਆਫ਼ੀ ਲਈ ਕੀਤਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ। ਸ੍ਰੀ ਮਾਨ ਨੇ ਕਿਹਾ ਕਿ ਉਹ ਐਨਆਰਆਈ ਭਰਾਵਾਂ ਸਮੇਤ ਜ਼ਿਲ੍ਹਾ ਮਾਨਸਾ ਵਿੱਚ 20 ਕਿਸਾਨ ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਘਰ ਜਾਣਗੇ ਅਤੇ ਐਨਆਰਆਈਜ਼ ਵੱਲੋਂ ਇਨ੍ਹਾਂ ਕਿਸਾਨ ਪਰਿਵਾਰਾਂ ਦੀ ਮਾਲੀ ਸਹਾਇਤਾ ਕੀਤੀ ਜਾਵੇਗੀ।

ਉਨ੍ਹਾਂ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੂਰੇ ਦੇਸ਼ ਵਿੱਚ ਫਿਰਕਾਪ੍ਰਸਤੀ ਦਾ ਮਾਹੌਲ ਪੈਦਾ ਕਰ ਦਿੱਤਾ ਹੈ, ਜਿਸ ਕਾਰਨ ਘੱਟ ਗਿਣਤੀਆਂ ਲਈ ਵੱਡਾ ਖ਼ਤਰਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਨੇ ਆਜ਼ਾਦੀ ਦਿਵਸ ਦਾ ਭਗਵਾਂਕਰਨ ਕਰ ਦਿੱਤਾ ਹੈ ਅਤੇ ਸ਼ਹੀਦ ਭਗਤ, ਰਾਜਗੁਰੂ ਤੇ ਸੁਖਦੇਵ ਵਰਗੇ ਸ਼ਹੀਦਾਂ ਨੂੰ ਵੀ ਯਾਦ ਨਹੀਂ ਕੀਤਾ ਪ੍ਰੰਤੂ ਆਪਣੇ ਨਵੇਂ ਸ਼ਹੀਦ ਪਤਾ ਨਹੀਂ ਕਿੱਥੋਂ ਕੱਢ ਲਿਆਂਦੇ ਹਨ।

## ਬੈਂਸ ਭਰਾਵਾਂ ਨੂੰ ਝਟਕਾ, ਦੋ ਵਿੰਗਾਂ ਦੇ ਸੂਬਾ ਪ੍ਰਧਾਨਾਂ ਨੇ ਪਾਰਟੀ ਨੂੰ ਅਲਵਿਦਾ ਕਿਹਾ

**ਲੁਧਿਆਣਾ/ਬਿਊਰੋ ਨਿਊਜ਼ :**

ਲੋਕ ਇਨਸਾਫ਼ ਪਾਰਟੀ ਦੇ ਦੋ ਵਿੰਗਾਂ ਦੇ ਸੂਬਾ ਪ੍ਰਧਾਨਾਂ ਨੇ ਸਾਥੀਆਂ ਸਣੇ ਪਾਰਟੀ ਛੱਡਣ ਦਾ ਐਲਾਨ ਕਰ ਦਿੱਤਾ। ਲੋਕ ਇਨਸਾਫ਼ ਪਾਰਟੀ ਦੇ ਜਨਰਲ ਸਕੱਤਰ ਤੇ ਇੰਡਸਟਰੀਅਲ ਵਿੰਗ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਠੁਕਰਾਲ, ਵਿਦਿਆਰਥੀ ਵਿੰਗ ਦੇ ਸੂਬਾ ਪ੍ਰਧਾਨ ਮਨਰਾਜ ਸਿੰਘ ਠੁਕਰਾਲ, ਹਲਕਾ ਦੱਖਣੀ ਦੇ ਵਿਦਿਆਰਥੀ ਵਿੰਗ ਦੇ ਪ੍ਰਧਾਨ ਜੈਪਾਲ ਸਿੰਘ ਸੰਧੂ, ਆਤਮ ਨਗਰ ਵਿਦਿਆਰਥੀ ਵਿੰਗ ਦੇ ਪ੍ਰਧਾਨ ਕੁਲਵਿੰਦਰ ਸਿੰਘ ਟੋਨੀ ਅਰੋੜਾ ਸਾਂਝੇ ਤੌਰ 'ਤੇ ਪਾਰਟੀ ਦੇ ਸਾਰੇ ਅਹੁਦਿਆਂ ਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਜਸਵਿੰਦਰ ਸਿੰਘ ਠੁਕਰਾਲ ਨੇ ਕਿਹਾ ਕਿ ਉਹ ਪਿਛਲੇ 14-15 ਸਾਲਾਂ ਤੋਂ ਬੈਂਸ ਭਰਾਵਾਂ ਨਾਲ ਰਾਜਸੀ ਤੌਰ 'ਤੇ ਜੁੜਿਆ ਹੋਇਆ ਸੀ ਪਰ ਸਾਲ 2017 ਦੀਆਂ

ਬਾਕੀ ਸਫ਼ਾ 31 'ਤੇ

# ਸਿੱਕਮ : ਸ਼ਰਾਰਤੀ ਅਨਸਰਾਂ ਨੇ ਗੁਰਦੁਆਰਾ ਗੁਰੂ ਡਾਂਗਮਾਰ 'ਚੋਂ ਪਾਵਨ ਸਰੂਪ ਤੇ ਹੋਰ ਸਾਮਾਨ ਕੱਢ ਕੇ ਸੜਕ 'ਤੇ ਸੁੱਟਿਆ

**ਲੁਧਿਆਣਾ/ਬਿਊਰੋ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੂਰਬੀ ਰਾਜਾਂ ਵਿਚ ਕੀਤੀ ਪ੍ਰਚਾਰ ਯਾਤਰਾ (ਉਦਾਸੀ) ਦੌਰਾਨ ਸਿੱਕਮ ਵਿਖੇ ਬਣਾਏ ਗਏ ਇਤਿਹਾਸਕ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਸਾਮਾਨ ਕੁਝ ਸ਼ਰਾਰਤੀਆਂ ਨੇ ਕੱਢ ਕੇ ਸੜਕ 'ਤੇ ਸੁੱਟ ਦਿੱਤਾ। ਭਾਰਤ-ਤਿੱਬਤ ਸਰਹੱਦ 'ਤੇ 18000 ਫੁੱਟ ਦੀ ਉੱਚਾਈ 'ਤੇ ਕਚਨਜੰਗਾ ਪਹਾੜੀਆਂ ਦੇ ਇਲਾਕੇ ਵਿਚ ਇਹ ਇਤਿਹਾਸਕ ਗੁਰਦੁਆਰਾ ਸਾਹਿਬ 1970-71 ਵਿਚ ਇੱਥੇ ਤਾਇਨਾਤ ਕੁਝ ਸਿੱਖ ਫ਼ੌਜੀਆਂ ਵਲੋਂ ਸਥਾਨਕ ਲੋਕਾਂ ਵਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਬਣਾਇਆ ਗਿਆ ਸੀ। ਕਰਨਲ ਦਵਿੰਦਰ ਸਿੰਘ ਗਰੇਵਾਲ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਇਲਾਕੇ ਵਿਚ ਸਭ ਤੋਂ ਪਹਿਲਾਂ 1968-69 ਵਿਚ ਚੁੰਘਥਾਨ ਵਿਖੇ ਗੁਰਦੁਆਰਾ ਗੁਰੂ ਨਾਨਕ ਲਾਮਾ ਸਾਹਿਬ ਬਣਾਇਆ ਗਿਆ ਸੀ ਤੇ ਕੁਝ ਵਰ੍ਹੇ ਬਾਅਦ ਇੱਥੋਂ 80-85 ਕਿੱਲੋਮੀਟਰ ਦੂਰ ਸਰਹੱਦ ਨੇੜੇ ਗੁਰਦੁਆਰਾ ਗੁਰੂ ਡਾਂਗਮਾਰ ਵੀ ਫ਼ੌਜੀ ਅਧਿਕਾਰੀਆਂ ਵਲੋਂ ਉਸਾਰਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਥਾਨ 'ਤੇ ਗੁਰੂ ਨਾਨਕ ਸਾਹਿਬ ਦੀ ਫੇਰੀ ਬਾਰੇ ਕਈ ਇਤਿਹਾਸਕਾਰਾਂ ਨੇ ਆਪਣੀਆਂ ਲਿਖਤਾਂ ਵਿਚ ਜ਼ਿਕਰ ਕੀਤਾ ਹੈ। ਕਰਨਲ ਗਰੇਵਾਲ ਨੇ ਦੱਸਿਆ ਕਿ ਪਹਿਲਾਂ ਵੀ ਇਕ ਵਾਰ ਸਥਾਨਕ ਫਿਰਕੂ ਲੋਕਾਂ ਨੇ ਇਸ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਕਰਨ ਦਾ ਯਤਨ ਕੀਤਾ ਸੀ ਤਾਂ ਉਨ੍ਹਾਂ ਨੇ ਸਾਰਾ ਮਾਮਲਾ ਮੌਕੇ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਧਿਆਨ ਵਿਚ ਲਿਆਂਦਾ ਸੀ ਜਿਨ੍ਹਾਂ ਨੇ ਮੌਕੇ ਦੇ ਰੱਖਿਆ ਮੰਤਰੀ ਜਾਰਜ ਫਰਨਾਡਿਜ਼ ਨਾਲ ਗੱਲਬਾਤ ਕੀਤੀ ਜਿਨ੍ਹਾਂ ਦੇ ਦਖ਼ਲ ਉਪਰੰਤ ਮਾਮਲਾ ਸ਼ਾਂਤ ਹੋ ਗਿਆ। ਉਨ੍ਹਾਂ ਦੱਸਿਆ ਕਿ 2012 ਤੱਕ ਇੱਥੇ ਬਾਕਾਇਦਾ ਸ੍ਰੀ ਨਿਸ਼ਾਨ ਸਾਹਿਬ ਵੀ ਸੁਸ਼ੋਭਿਤ ਸੀ ਅਤੇ ਇਸ ਇਲਾਕੇ ਵਿਚ ਤਾਇਨਾਤ ਸਿੱਖ ਫ਼ੌਜੀ ਇਸ ਅਸਥਾਨ 'ਤੇ ਸੇਵਾ ਸੰਭਾਲ ਕਰਦੇ ਰਹੇ ਹਨ। ਬਾਅਦ ਵਿਚ ਸਥਾਨਕ ਫ਼ਿਰਕੂ ਲੋਕਾਂ ਨੇ ਮੁੜ ਇਸ 'ਤੇ ਕਬਜ਼ਾ ਕਰਨ ਲਈ ਸਾਜ਼ਿਸ਼ ਅਧੀਨ ਕੁਝ ਫਿਰਕੂ ਸਰਕਾਰੀ ਅਧਿਕਾਰੀਆਂ ਨਾਲ ਮਿਲ ਕੇ ਇਸ ਅਸਥਾਨ ਨੂੰ ਪਹਿਲਾਂ ਸਰਬ ਧਰਮ ਪ੍ਰਾਰਥਨਾ ਸਥਾਨ ਦੇ ਰੂਪ ਵਿਚ ਤਬਦੀਲ ਕਰਕੇ ਇੱਥੋਂ ਨਿਸ਼ਾਨ ਸਾਹਿਬ ਹਟਾ ਦਿੱਤਾ ਅਤੇ ਅੰਦਰ ਬੋਧੀ ਤੇ ਹਿੰਦੂ ਦੇਵਤਿਆਂ ਦੀਆਂ ਮੂਰਤੀਆਂ ਰੱਖ ਦਿੱਤੀਆਂ। ਪਤਾ ਲੱਗਣ 'ਤੇ ਸ਼੍ਰੋਮਣੀ ਕਮੇਟੀ ਵਲੋਂ ਸੁਖਦੇਵ ਸਿੰਘ ਭੌਰ, ਰਜਿੰਦਰ ਸਿੰਘ ਮਹਿਤਾ ਤੇ ਕਰਨਲ ਗਰੇਵਾਲ ਖੁਦ ਮੌਕੇ 'ਤੇ ਗਏ ਤੇ ਸਥਾਨਕ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ। ਚੁੰਘਥਾਨ ਵਿਚ ਕਾਰਸੇਵਾ ਕਰਵਾ ਰਹੇ ਭਾਈ ਯਾਦਵਿੰਦਰ ਸਿੰਘ ਨੇ ਬੀਤੇ ਦਿਨੀਂ ਵਾਪਰੀ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁਝ ਬੋਧੀ ਤੇ ਹੋਰ ਸਥਾਨਕ ਲੋਕ ਬੀਤੇ ਦਿਨ ਗੁਰੂ ਗ੍ਰੰਥ ਸਾਹਿਬ, ਰੁਮਾਲੇ, ਧਾਰਮਿਕ ਤਸਵੀਰਾਂ ਤੇ ਗੁਰਦੁਆਰਾ ਸਾਹਿਬ ਵਿਚ ਪਿਆ ਹੋਰ ਸਾਮਾਨ ਚੁੱਕ ਲਿਆਏ ਤੇ ਸਾਰਾ ਸਾਮਾਨ ਉਨ੍ਹਾਂ ਨੂੰ ਸੌਂਪਣ ਲੱਗੇ ਪਰ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਤੁਸੀਂ ਜ਼ਬਰੀ ਗੁਰੂਘਰ ਦਾ ਸਾਮਾਨ ਚੁੱਕ ਕੇ ਨਹੀਂ ਲਿਆ ਸਕਦੇ। ਇਸ ਬਾਰੇ ਪਹਿਲਾਂ ਸ਼੍ਰੋਮਣੀ ਕਮੇਟੀ ਜਾਂ ਹੋਰ ਸਥਾਨਕ ਸਿੱਖ ਆਗੂਆਂ ਨਾਲ ਗੱਲ ਕਰਨੀ ਪਵੇਗੀ। ਇਹ ਸੁਣ ਕੇ ਸਾਮਾਨ ਲਿਆਉਣ ਵਾਲੇ ਲੋਕ ਸਾਰਾ ਸਾਮਾਨ ਗੁਰਦੁਆਰਾ ਸਾਹਿਬ ਦੇ ਬਾਹਰ ਸੜਕ 'ਤੇ ਸੁੱਟ ਕੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਪਤਾ ਲੱਗਣ 'ਤੇ ਉਨ੍ਹਾਂ ਨੇ ਪਾਵਨ ਸਰੂਪ ਤੇ ਹੋਰ ਸਾਮਾਨ ਮਰਿਆਦਾ ਮੁਤਾਬਕ ਸਤਿਕਾਰ ਨਾਲ ਗੁਰਦੁਆਰਾ ਸਾਹਿਬ ਦੇ ਅੰਦਰ ਲਿਆਂਦਾ। ਸਿਲੀਗੁੜੀ ਵਿਚ ਰਹਿੰਦੇ ਸਿੱਖ ਆਗੂ ਦਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਬਾਰੇ ਸਥਾਨਕ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ ਪਰ ਅਜੇ ਕੋਈ ਹੱਲ ਨਹੀਂ ਨਿਕਲਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਇਸ ਘਟਨਾ 'ਤੇ ਡੂੰਘਾ ਅਫਸੋਸ ਜ਼ਾਹਰ ਕਰਦਿਆਂ ਦੱਸਿਆ ਕਿ ਕਮੇਟੀ ਵੱਲੋਂ ਕਰਨਲ ਗਰੇਵਾਲ ਦੇ ਨਾਲ ਇਕ ਵਫ਼ਦ ਸਿੱਕਮ ਜਾ ਕੇ ਸਾਰੇ ਹਾਲਾਤ ਦਾ ਜਾਇਜ਼ਾ ਲਵੇਗਾ ਤੇ ਸਿੱਕਮ ਸਰਕਾਰ ਤੋਂ ਇਲਾਕਾ ਕੇਂਦਰ ਸਰਕਾਰ ਨਾਲ ਵੀ ਇਸ ਬਾਰੇ ਗੱਲਬਾਤ ਕਰਕੇ ਮਸਲੇ ਦਾ ਢੁੱਕਵਾਂ ਹੱਲ ਕੱਢਿਆ ਜਾਵੇਗਾ।

# ਹੜ੍ਹਾਂ ਦੇ ਮਾਰੇ ਬਿਹਾਰੀਆਂ ਦੀਆਂ ਪੰਜਾਬ ਵਲ ਵਹੀਰਾਂ

**ਰਾਜਪੁਰਾ/ਬਿਊਰੋ ਨਿਊਜ਼:** "ਏਕ ਰੋਟੀ ਔਰ ਆਚਾਰ ਪੇ ਹਮ ਦੋ ਰਾਤ ਗੁਜ਼ਾਰੇ ਹੈਂ।" ਇਹ ਦਾਅਵਾ ਬਿਹਾਰ ਦੇ ਹੜ੍ਹ ਪ੍ਰਭਾਵਿਤ ਇਕ ਪਿੰਡ ਤੋਂ ਬੱਚਿਆਂ ਸਮੇਤ ਆਪਣੇ ਪਤੀ ਕੋਲ ਜਲੰਧਰ ਜਾ ਰਹੀ ਰਾਣੀ ਦੇਵੀ ਨੇ ਕੀਤਾ। ਰੇਲ ਗੱਡੀ ਦੇ ਇਕ ਡੱਬੇ ਵਿੱਚ ਪਖਾਨੇ ਨੇੜੇ ਆਪਣੇ ਚਾਰ ਤੇ ਪੰਜ ਸਾਲਾਂ ਦੇ ਦੋ ਬੱਚਿਆਂ ਨੂੰ ਕਸ ਕੇ ਫੜੀ ਬੈਠੀ ਰਾਣੀ ਦੇਵੀ ਨੂੰ ਆਖ਼ਰਕਾਰ ਪੰਜਾਬ ਆ ਕੇ ਰਾਹਤ ਮਿਲੀ ਹੈ। ਇੱਥੇ ਕੁੱਝ ਨੇਕ ਦਿਲ ਇਨਸਾਨਾਂ ਨੇ ਉਸ ਨੂੰ ਦੁੱਧ, ਪਕੌੜੇ ਅਤੇ ਚਾਹ ਦੀ ਪੇਸ਼ਕਸ਼ ਕੀਤੀ। ਹੁਣ ਇਹ ਔਰਤ ਆਪਣੇ ਭਵਿੱਖ ਬਾਰੇ ਚਿੰਤਤ ਹੈ। ਹੜ੍ਹਾਂ ਕਾਰਨ ਪਸ਼ੂਆਂ, ਫ਼ਸਲਾਂ ਤੇ ਘਰਾਂ ਦੇ ਨੁਕਸਾਨ ਮਗਰੋਂ ਬਿਹਾਰ ਦੇ ਪਿੰਡਾਂ ਤੋਂ ਪਰਵਾਸੀਆਂ ਨੇ ਆਸ ਦੀ ਕਿਰਨ ਨਾਲ ਪੰਜਾਬ ਵੱਲ ਰੁਖ਼ ਕੀਤਾ ਹੈ। ਬਿਹਾਰ ਵਿੱਚ ਯਕਦਮ ਆਏ ਹੜ੍ਹਾਂ ਤੋਂ ਬਾਅਦ ਇਸ ਰਾਜ ਤੋਂ ਇਨ੍ਹੀਂ ਦਿਨੀਂ ਪੰਜਾਬ ਆਉਣ ਵਾਲਿਆਂ ਦੀ ਗਿਣਤੀ ਵਧ ਗਈ ਹੈ। ਉਥੋਂ ਆ ਰਹੀਆਂ ਰੇਲ ਗੱਡੀਆਂ ਦੇ ਹਰੇਕ ਡੱਬੇ ਵਿੱਚ ਸੈਂਕੜੇ ਪਰਵਾਸੀ ਭਰੇ ਹੁੰਦੇ ਹਨ, ਜਿਨ੍ਹਾਂ ਕੋਲ ਬੋਰੀਆਂ ਵਿੱਚ ਗਿੱਲੇ ਕੱਪੜੇ ਤੁੰਨੇ ਹੁੰਦੇ ਹਨ ਅਤੇ ਬਾਹਾਂ ਵਿੱਚ ਪਾਣੀ ਦੀਆਂ ਬੋਤਲਾਂ ਫਸਾਈਆਂ ਹੁੰਦੀਆਂ ਹਨ। ਦੋਵਾਂ ਸੂਬਿਆਂ ਵਿਚਾਲੇ ਚੱਲ ਰਹੀਆਂ ਰੇਲ ਗੱਡੀਆਂ ਵਿੱਚ ਹੜ੍ਹ ਪ੍ਰਭਾਵਿਤ ਪੂਰਨੀਆ, ਅਰੱਈਆ, ਕਿਸ਼ਨਗੰਜ ਅਤੇ ਕਟਿਹਾਰ ਜ਼ਿਲ੍ਹਿਆਂ ਤੋਂ ਪਰਵਾਸੀ ਪੰਜਾਬ ਆ ਰਹੇ ਹਨ। ਬਿਹਾਰ ਦੇ ਸਹਿਰਸਾ ਤੋਂ ਆਉਂਦੀ ਜਨਸੇਵਾ ਐਕਸਪ੍ਰੈੱਸ ਪਹਿਲਾਂ ਹੀ ਵੱਡੀ ਗਿਣਤੀ ਪਰਵਾਸੀਆਂ ਨੂੰ ਰਾਜਪੁਰਾ ਰੇਲਵੇ ਸਟੇਸ਼ਨ ਉਤੇ ਲਿਆ ਚੁੱਕੀ ਹੈ। ਹੜ੍ਹਾਂ ਵਿੱਚ ਆਪਣਾ ਘਰ ਬਾਰ ਅਤੇ ਜਾਇਦਾਦ ਗਵਾਉਣ ਮਗਰੋਂ ਉਹ ਕੰਮ ਦੀ ਭਾਲ ਵਿੱਚ ਪੰਜਾਬ ਆ ਰਹੇ ਹਨ। ਰਾਜਪੁਰਾ ਰੇਲਵੇ ਸਟੇਸ਼ਨ ਦਾ ਗੇੜਾ ਮਾਰਨ ਉਤੇ ਦੇਖਿਆ ਕਿ ਹੜ੍ਹਾਂ ਦੇ ਝੰਬੇ ਪਰਵਾਸੀਆਂ ਦੀਆਂ ਅੱਖਾਂ ਵਿੱਚ ਬਠਿੰਡਾ, ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਦੇ ਸਨਅਤੀ ਖੇਤਰਾਂ ਵਿੱਚ ਕੋਈ ਕੰਮ ਮਿਲਣ ਦੀ ਆਸ ਹੈ। ਹੜ੍ਹ ਰਾਹਤ ਸਮੱਗਰੀ ਦਾ ਇਕ ਇਕ ਪੈਕਟ ਚੁੱਕੀ ਪੁੱਜੇ ਸਹਿਰਸਾ ਵਾਸੀਆਂ ਰਾਜਕੁਮਾਰ, ਰਾਏਬੀਰ ਅਤੇ ਰਾਜੂ ਯਾਦਵ ਨੂੰ ਲੁਧਿਆਣਾ ਪੁੱਜਣ ਦੀ ਉਮੀਦ ਹੈ, ਜਿੱਥੇ ਹੌਜ਼ਰੀ ਯੂਨਿਟ ਵਿੱਚ ਉਨ੍ਹਾਂ ਦੇ ਰਿਸ਼ਤੇਦਾਰ ਕੰਮ ਕਰਦੇ ਹਨ। ਰਾਏਬੀਰ ਨੇ ਕਿਹਾ ਕਿ "ਅਚਾਨਕ ਆਏ ਹੜ੍ਹਾਂ ਕਾਰਨ ਮੇਰਾ ਛੋਟਾ ਜਿਹਾ ਘਰ, ਦੋ ਗਊਆਂ ਅਤੇ ਬੱਕਰੀ ਰੁੜ੍ਹ ਗਈ। ਮੈਂ ਦੋ ਦਿਨਾਂ ਤੱਕ ਹਾਲਾਤ ਸੁਧਰਨ ਦਾ ਇੰਤਜ਼ਾਰ ਕਰਦਾ ਰਿਹਾ ਪਰ ਸਰਕਾਰ ਵੱਲੋਂ ਸਥਾਪਤ ਹੜ੍ਹ ਰਾਹਤ ਕੈਂਪਾਂ ਵਿੱਚ ਪੂਰੀ ਸਪਲਾਈ ਨਾ ਪੁੱਜਣ ਕਾਰਨ ਸਭ ਕੁਝ ਛੱਡ ਕੇ ਆਉਣਾ ਪਿਆ।"



ਚੰਪਾਰਨ ਦੇ ਲਛਮਣ ਆਹਲੋ ਨੇ ਕਿਹਾ ਕਿ "ਪਿਛਲੇ ਹੜ੍ਹਾਂ ਦੌਰਾਨ ਮੈਂ ਕੰਮ ਅਤੇ ਪੈਸਾ ਬਚਾਉਣ ਲਈ ਤਿੰਨ ਮਹੀਨੇ ਪੰਜਾਬ ਵਿੱਚ ਰਿਹਾ ਸੀ। ਬਿਹਾਰ ਵਿੱਚ ਹੜ੍ਹਾਂ ਕਾਰਨ ਸਥਿਤੀ ਕਾਫ਼ੀ ਭਿਆਨਕ ਹੈ। ਮੇਰਾ ਭਰਾ ਪਿਛਲੇ ਮੰਗਲਵਾਰ ਤੋਂ ਲਾਪਤਾ ਹੈ ਅਤੇ ਉਸ ਦਾ ਮੋਬਾਈਲ ਵੀ ਬੰਦ ਹੈ। ਉਹ ਨੇੜਲੇ ਰਾਹਤ ਕੈਂਪ ਵਿੱਚ ਵੀ ਨਹੀਂ ਲੱਭਿਆ।"
ਅਰੱਈਆ ਦੇ ਪ੍ਰਿਤਪਾਲ ਚੌਹਾਨ ਨੇ ਕਿਹਾ ਕਿ "ਜਦੋਂ ਅਸੀਂ ਘਰਾਂ ਵਿੱਚ ਸੁੱਤੇ ਪਏ ਸੀ ਤਾਂ ਲੋਕਾਂ ਨੇ ਰੌਲਾ ਪਾ ਦਿੱਤਾ ਕਿ ਪਾਣੀ ਆ ਗਿਆ। ਜਿਸ ਦੇ ਹੱਥ ਜੋ ਵੀ ਲੱਗਿਆ, ਉਹ ਚੁੱਕ ਕੇ ਭੱਜਿਆ।"
ਜਿਉਂ ਹੀ ਉਸ ਦੀ ਰੇਲ ਗੱਡੀ ਥੋੜ੍ਹੇ ਸਮੇਂ ਲਈ ਰਾਜਪੁਰਾ ਰੇਲਵੇ ਸਟੇਸ਼ਨ ਉਤੇ ਰੁਕੀ ਤਾਂ ਉਸ ਨੇ ਬੋਰੀ ਵਿੱਚੋਂ ਗਿੱਲੇ ਕੱਪੜੇ ਕੱਢ ਕੇ ਸੁਕਾਉਣ ਦੀ ਕੋਸ਼ਿਸ਼ ਕੀਤੀ।

# ਸ੍ਰੀ ਹਰਿਮੰਦਰ ਯਾਤਰਾ



ਕਿੰਨੇ ਦਿਨ ਹੋ ਗਏ, ਮੈਂ ਹਰਿਮੰਦਰ ਦੀ ਯਾਤਰਾ ਨਹੀਂ ਗਿਆ; ਬਾਬੇ ਦੇ ਦਰਸ਼ਨ ਨਹੀਂ ਕੀਤੇ। ਲੋਕਾਂ ਦੇ ਭਾਣੇ ਮੈਂ ਕਾਫ਼ਰ ਹੋਇਆ, ਪਰ ਮੇਰੇ ਭਾਗ ਨਹੀਂ ਜਾਗੇ। ਮੈਂ ਕੀ ਕਰਾਂ! ਮੇਰੇ ਬਖ਼ਤ ਕਦੀ ਜਾਗਦੇ ਤੇ ਕਦੀ ਸੌਂਦੇ ਹਨ; ਮੇਰੇ ਭਾਗ ਦਾ ਤਾਰਾ ਨਹੀਂ ਚੜ੍ਹਿਆ। ਮੇਰੀ ਨੀਂਦ ਨਾ ਆਈ, ਮੇਰੀ ਰਾਤ ਨਾ ਖਿੜੀ। ਅੱਜ ਮੱਲੋਮੱਲੀ ਮੈਂ ਹਰਿਮੰਦਰ ਦੀ ਯਾਤਰਾ ਨੂੰ ਚੱਲਿਆ। ਪੈਰ ਜ਼ਮੀਨ 'ਤੇ ਨਹੀਂ ਟਿਕਦੇ ਹਨ। ਦਿਲ ਛਾਤੀ ਵਿਚ ਨਹੀਂ ਸੀ ਟਿਕਦਾ। ਮੈਂ ਘੰਟੇ ਘਰ ਥੀਂ ਹੇਠ ਉਤਰ ਕੇ ਸੀਸ ਸੰਗਮਰਮਰ 'ਤੇ ਰੱਖ ਦਿੱਤਾ। ਕਿਸੀ ਦੇ ਚਰਨਾਂ ਪਰ ਹੋਸੀ, ਕਿਸੀ ਨਾਲ ਛੂਹਿਆ ਹੋਸੀ। ਸਿਰ ਰੱਖਦਿਆਂ ਹੀ ਦਿਲ ਉਛਲਿਆ। ਇਥੋਂ ਚਿਤ ਕਰੇ ਵਹਿਲਾ ਵਹਿਲਾ ਜਾਵਾਂ, ਕੋਈ ਜਿਵੇਂ ਕੰਨ ਵਿਚ ਆਖਦਾ ਹੁੰਦਾ ਹੈ ਛੇਤੀ ਜਾਹ ਬਾਬਾ ਜੀ ਉਡੀਕ ਰਹੇ ਹਨ। ਕਲਗੀਆਂ ਵਾਲੇ ਚਾਹਨਾ ਕਰ ਰਹੇ ਹਨ। ਕਿਸੀ ਅਦ੍ਰਿਸ਼ਟ ਡੋਰ ਵਿਚ ਵੱਧ ਲਾਟੂ ਵਾਂਗ ਪਰਕਰਮਾ ਦੀ ਭਵਾਟਣੀ ਖਾਂਦਾ, ਦੌੜਿਆ ਹੀ ਗਿਆ, ਦਰਸ਼ਨੀ ਦਰਵਾਜ਼ੇ ਉਪਰ ਆਣ ਢੱਠਾ। ਲਾਡ ਵਿਚ ਮਾਫ਼ੀ ਹੈ। ਬਾਬੇ ਅੱਗੇ ਜਾ ਕੇ ਕਲਗੀਆਂ ਵਾਲੇ ਦੇ ਬੰਦੇ ਦਾ ਸੀਸ ਭੇਟ ਕੀਤਾ; ਫੁੱਲ ਮਿਲੇ, ਇਕ ਹਾਰ ਨਹੀਂ, ਅੱਠ ਹਾਰ ਪਏ। ਮੁੜ ਚਾਰ ਹੋਰ ਪਏ, ਕਲ਼ਗੀਆਂ ਵਾਲੇ ਨੇ ਪਾਏ, ਸੱਜ ਗਿਆ। ਹੁਣ ਚਾਉ ਮਾਨਿਆ ਨਾ ਜਾਏ। ਮੈਂ ਨੱਚਣ ਲੱਗ ਗਿਆ। ਮਨ ਨੇ ਘੁੰਗਰੂ ਪਾ ਲਏ। ਸਤਿਗੁਰੂ ਜਗ-ਪਾਲਕ ਬਾਪ ਰੂਪ ਹੋ ਮਿਲਆ। ਹਜ਼ੂਰ ਥੀਂ ਚੱਲੀਆਂ ਕਿਰਨਾਂ ਆਈਆਂ। ਮਾਂ ਜੀ ਮਿਲੇ। ਅੱਜ ਮੈਨੂੰ ਸੋਝੀ ਆਈ; ਅੱਜ ਪਤਾ ਲੱਗਾ। ਮੈਂ ਸਹੁੰ ਖਾ ਕੇ ਯਥਾਰਥ ਕਹਿੰਦਾ ਹਾਂ ਕਿ ਹਰਿਮੰਦਰ ਮੇਰਾ ਹੈ, ਇਹ ਮੇਰੀ ਜ਼ਾਤੀ ਆਪਣੀ ਵਿਰਾਸਤ ਹੈ।



ਪ੍ਰੋਫੈਸਰ ਪੂਰਨ ਸਿੰਘ ਜੀ

ਇਹ ਸੱਚਖੰਡ ਦਾ ਟੁਕੜਾ ਕਲ਼ਗੀਆਂ ਵਾਲੇ ਨੇ ਆਪਣੇ ਜਾਗਦੇ ਬੱਚਿਆਂ ਲਈ ਘੱਲਿਆ ਹੈ। ਦਿਸੇ ਭਾਵੇਂ ਨਾ ਦਿਸੇ, ਇਹ ਇਸ ਮੰਡਲ ਵਿਚ ਬਾਬੇ ਜੀ ਦਾ ਸੱਚਖੰਡ ਹੈ; ਕਲਗੀਆਂ ਵਾਲੇ ਦਾ ਵਤਨ ਹੈ। ਅਸਾਂ ਇਸ ਚੋਲੇ ਨੂੰ ਛੱਡ ਕੇ ਇਥੇ ਹੀ ਜਾਣਾ ਹੈ। ਅਰਸ਼ਾਂ ਦੇ ਦੇਵਤੇ ਇਥੇ ਦਿਨ ਰਾਤ ਗਾਉਂਦੇ ਹਨ, ਝੂਲਦੇ ਹਨ, ਅਸਰੀਰੀ ਦੇਵਤੇ ਹੀ ਨਹੀਂ ਸਰੀਰ ਧਾਰ ਕੇ ਭੀ ਦੇਵਤੇ ਮਨੁੱਖ ਰੂਪ ਵਿਚ ਇਸ ਮੰਦਿਰ ਵਿਚ ਰਹਿੰਦੇ ਹਨ। ਜਾਗਦਿਆਂ ਦੇ ਅਰਦਾਸੇ ਦਾ ਉੱਤਰ ਉਹ ਦੇਂਦੇ ਹਨ। ਉਹ ਕਲਗੀਆਂ ਵਾਲੇ ਦੇ ਆਸ਼ਕ ਹਨ। ਇਥੇ ਬਿਰਹੀਆਂ ਨੂੰ ਦਿਦਾਰ ਹੁੰਦੇ ਹਨ, ਭਗਤਾਂ ਦੇ ਚਿੱਤ ਨੂੰ ਸਹੰਸਰ ਚਰਨਾਂ ਵਾਲੇ ਦੇ ਕਮਲ ਚਰਨਾਂ ਦੀ ਛੁਹ ਪ੍ਰਾਪਤ ਹੁੰਦੀ ਹੈ। ਤੂੰ ਮੰਨਦਾ ਨਹੀਂ, ਪਰ ਮੈਂ ਕਹਿਣ ਥੀਂ ਕਿਉਂ ਟਲਾਂ, ਬਾਬਾ ਨਾਨਕ ਕਦੀ ਕਿਸੀ 'ਨਾਮੀ ਫ਼ਕੀਰ' ਦੀ ਬੁੱਕਲ ਵਿਚ, ਕਦੀ ਰਸਿਕ ਬੈਰਾਗੀ, ਦੀ ਬੁੱਕਲ ਵਿਚ ਵਾਹਿਗੁਰੂ ਵਾਹਿਗੁਰੂ ਕਰਦਾ ਹੈ। ਓਹੋ! ਕੀ ਬਾਬਾ ਤੈਨੂੰ ਨਹੀਂ ਦਿੱਸਦਾ?
ਕੀ ਕਲ਼ਗੀਆਂ ਵਾਲੇ ਦਾ ਪਤਾ ਨਹੀਂ ਲੱਗਦਾ। ਔਹ ਸਾਹਮਣੇ ਦੇਖ, ਔਹ ਸੁੱਤਾ ਪਿਆ ਹੀ ਨਾ ਦੌੜ, ਮਰ ਜਾਣਿਆਂ! ਦੌੜ! ਇਹ ਸਾਡਾ ਅਟੱਲ, ਅਮਰ, ਸੱਚ ਘਰ ਹੈ, ਸੱਚ ਵਤਨ ਹੈ। ਦੇਖੋ ਭਾਈ, ਸਾਡੇ ਦੀਨ ਦੁਨੀ ਦੇ ਵਾਲੀ ਇਥੇ ਰਹਿੰਦੇ ਹਨ। ਇਹ ਗੁਰੂ ਰਾਮਦਾਸ ਜੀ ਦੀ ਦੇਹ ਹੈ। ਇਹ ਹਰਿਮੰਦਰ ਸਾਡਾ ਜੀਵਨ, ਪ੍ਰਾਣ, ਧਰਤ, ਆਕਾਸ਼, ਹੱਡੀ, ਮਾਸ, ਰੁਧਰ ਹੈ; ਇਹ ਸਾਡਾ ਦਿਲ ਹੈ। ਇਹ ਸਾਡੇ ਲੋਕ ਪਰਲੋਕ ਦੀ ਫ਼ਤਹਿ ਹੈ। ਇਹ ਸਾਡਾ ਮਹਾਨ ਕੇਂਦਰ ਹੈ। ਇਹ ਸਾਡੇ ਰੱਬ ਦਾ ਘਰ ਹੈ। ਦਰਬਾਰ ਸਾਹਿਬ ਰੂਹ ਦਾ ਸਵਪਨ, ਸੱਚ ਤੇ ਸੱਚ-ਸਵਪਨ ਹੈ। ਦਰਬਾਰ ਸਾਹਿਬ ਠੀਕ ਸੱਚਖੰਡ ਦਾ ਟੁਕੜਾ ਹੈ, ਜਿਹੜਾ ਅਨੰਤ ਤੀਰੀ ਰਸ਼ਮੀਆਂ ਨਾਲ ਧੁਰ ਅਰਸ਼ਾਂ ਥੀਂ ਪੰਘੂੜੇ ਵਾਂਗ ਨਿਰੋਲ ਆਕਾਸ਼ ਵਿਚ ਝੂਲ ਰਿਹਾ ਹੈ। ਜੋ ਮੰਨ ਕੇ ਇਥੇ ਆਇਆ, ਉਹ ਜੀਵਨ ਮੁਕਤ ਹੈ, ਜੀਵਨ ਮੁਕਤੀ ਇਸ ਵਿਸ਼ਵਾਸ ਦਾ ਆਉਣਾ ਹੈ। ਇਹ ਸਥਾਨ ਕਲ਼ਗੀਆਂ ਵਾਲੇ ਦੀ ਸੁਰਤਿ ਵਿਚ ਚਮਕ ਰਿਹਾ ਹੈ। ਸਾਰੀ ਕੁਦਰਤ ਦੇ ਮੁੱਲ ਵਿਚ ਅਸੀਂ ਇਸ ਦੀ ਇਕ ਸ਼ਿਲਾ ਨਹੀਂ ਦੇ ਸਕਦੇ। ਕਿੰਵ ਕੰਵਲ ਵੱਤ ਇਹ ਅਸਗਾਹ ਜਲ ਵਿਚ ਖੜਾ ਹੈ। ਇਹ ਸਾਡਾ ਨਾਮ ਮੰਤਰ ਹੈ; ਇਹ ਸਾਡਾ ਧਿਆਨ ਹੈ। ਇਕ ਇਕ ਸ਼ਿਲਾ ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਸ਼ਿਲਾ ਨਹੀਂ, ਸੰਗਮਰਮਰ ਨਹੀਂ, ਇਹ ਈਸ਼ਵਰੀ ਦਰਬਾਰ ਦੇ ਅੱਡ ਅੱਡ ਸਿੰਘਾਸਨ ਹਨ; ਜਿਥੇ ਰਸੀਏ, ਪਹੁੰਚੇ ਹੋਏ ਫ਼ਕੀਰ, ਪੀਰ-ਮੀਰ, ਸਰੀਰਾਂ ਨੂੰ ਧਿਆਨ ਲੀਨ ਕਰ ਬੈਠੇ ਹਨ। ਹੇ ਜਾਣ ਵਾਲੇ ਅਣਜਾਣ! ਹੇ ਵਹਿਸ਼ੀ! ਹੇ ਨੈਣ ਜੋਤਿ ਥੀਂ ਹੀਨ ਮਨੁੱਖ! ਭਾਵੇਂ ਤੂੰ ਕੋਈ ਹੋਵੇਂ, ਇਥੇ ਸਿਰ ਦੇ ਬਲ ਚੱਲ, ਇਹ ਪੀਰਾਂ ਪੈਗੰਬਰਾਂ ਦੇ ਅਦਬ ਦਾ ਸਥਾਨ ਹੈ। ਕੁੱਲ ਦੁਨੀਆ ਵਿਚ ਬਸ ਇਕ ਹੈ। ਬਾਲਕ ਰੂਪ ਹੋ ਨੱਸ, ਗੋਦ ਵਿਚ ਬੈਠ, ਇਥੇ ਜਾਗਦਾ ਬੰਦਾ ਬਣ ਕੇ ਆ, ਇਥੇ ਅਨੰਦ ਅਦਬ ਨਾਲ ਸਿਰ ਝੁਕਾ, ਮੱਥਾ ਟੇਕ, ਨਹੀਂ ਤਾਂ ਜਾਹ ਮਰ ਜਾਏਂਗਾ। ਓ ਪੁਜਾਰੀ! ਦੇਖ ਪੂਜਾ ਦੀ ਘੜੀ ਹੈ, ਦਿਲ ਵਿਚ ਅੰਦਰ ਦਾ ਪਹੁ-ਫੁਟਾਲਾ ਲੈ ਕੇ ਆ; ਰਾਤ ਕਿਉਂ ਲਈ ਆਉਦਾ ਏਂ? ਦਿਲ ਦੀ ਮਸ਼ਾਲ ਜਗਾ!

# ਫੋਲਸਮ ਵਿਖੇ ਮਨਾਇਆ 'ਇੰਡੀਆ ਡੇਅ ਮੇਲਾ'



**ਸੈਕਰਾਮੈਂਟੋ/ਬਿਊਰੋ ਨਿਊਜ਼ :** ਇੰਡੀਅਨ ਐਸੋਸੀਏਸ਼ਨ ਆਫ ਸੈਕਰਾਮੈਂਟੋ ਵੱਲੋਂ ਸਾਲਾਨਾ ਇੰਡੀਆ ਡੇਅ ਮੇਲਾ ਫੋਲਸਮ ਵਿਖੇ ਕਰਵਾਇਆ ਗਿਆ। ਇਸ ਵਿਚ ਭਾਰਤ ਦੇ ਵੱਖ-ਵੱਖ ਸੂਬਿਆਂ ਨਾਲ ਸੰਬੰਧਤ ਭਾਈਚਾਰੇ ਨੇ ਸ਼ਿਰਕਤ ਕੀਤੀ। ਸਟੇਜ ਤੋਂ ਪੇਸ਼ ਕੀਤੀਆਂ ਗਈਆਂ ਆਈਟਮਾਂ ਵਿਚ ਵੀ ਭਾਰਤ ਦੀਆਂ ਤਕਰੀਬਨ ਹਰ ਸੂਬੇ ਦੇ ਰੰਗ ਦੇਖਣ ਨੂੰ ਮਿਲੇ। ਗੁਜਰਾਤੀ, ਬੰਗਾਲੀ, ਪੰਜਾਬੀ, ਕੰਨੜ, ਮਲਿਆਲਮ, ਤੇਲਗੂ, ਤਾਮਿਲ, ਮਰਾਠੀ ਤੋਂ ਇਲਾਵਾ ਹੋਰ ਭਾਸ਼ਾਵਾਂ 'ਤੇ ਸਭਿਆਚਾਰਕ ਆਈਟਮਾਂ ਹੋਈਆਂ, ਜਿਸ ਦਾ ਖਚਾਖਚ ਭਰੇ ਹਾਲ ਵਿਚ ਬੈਠੇ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ। ਅਮਰੀਕੀ ਅਧਿਕਾਰੀ ਅਤੇ ਲੀਡਰ ਇਸ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਨ੍ਹਾਂ ਵਿਚ ਅਸੈਂਬਲੀ ਮੈਂਬਰ ਐਸ਼ ਕਾਲੜਾ, ਮੇਅਰ ਸਟੀਵ ਲੀ, ਅਸੈਂਬਲੀ ਮੈਂਬਰ, ਕੌਂਸਲ ਮੈਂਬਰ ਰੋਜਰ ਗੇਲੋਰਡ, ਸਕੂਲ ਬੋਰਡ ਤੋਂ ਕ੍ਰਿਸ ਕਲਾਰਕ, ਸੈਕਰਾਮੈਂਟੋ ਕਾਊਂਟੀ ਸੁਪਰਵਾਈਜ਼ਰ ਸੂਅ ਫਰੋਸਟ, ਡਾ. ਬਾਵੇਨ ਪਾਰਖ, ਗੁਰਜਤਿੰਦਰ ਸਿੰਘ ਰੰਧਾਵਾ ਮਲਟੀਕਲਚਰ ਕਮਿਸ਼ਨਰ ਐਲਕ ਗਰੋਵ ਵੀ ਹਾਜ਼ਰ ਸਨ। ਹਾਲ ਦੇ ਬਾਹਰ ਲੋਕਾਂ ਨੇ ਸਟਾਲ ਲਾਏ ਹੋਏ ਸਨ। ਗਹਿਣੇ ਤੇ ਕੱਪੜਿਆਂ ਦੇ ਵੀ ਸਟਾਲ ਲੱਗੇ।

# ਮਲਟੀਕਲਚਰਲ ਪ੍ਰੋਗਰਾਮ ਦੌਰਾਨ ਬੱਚਿਆਂ ਨੂੰ ਕੀਤਾ ਸਿੱਖਿਅਤ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਐਲਕ ਗਰੋਵ ਸ਼ਹਿਰ ਵੱਲੋਂ ਅਗਸਤ ਦਾ ਮਹੀਨਾ ਮਲਟੀਕਲਚਰਲ ਮਹੀਨੇ ਵਜੋਂ ਮਨਾਇਆ ਜਾ ਰਿਹਾ ਹੈ। ਇਸ ਸਿਟੀ ਵਿਚ ਬਹੁਤ ਸਾਰੇ ਬਹੁ-ਭਾਸ਼ੀ ਅਤੇ ਬਹੁ-ਜਾਤੀ ਪ੍ਰੋਗਰਾਮਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸੇ ਤਰ੍ਹਾਂ ਬੀਤੇ ਦਿਨੀਂ ਵੱਖ-ਵੱਖ ਵਰਗਾਂ ਦੇ ਛੋਟੇ ਬੱਚਿਆਂ ਦਾ ਮਲਟੀਕਲਚਰਲ ਸਟੋਰੀ ਨਾਂ ਦਾ ਸਮਾਗਮ ਕਰਵਾਇਆ ਗਿਆ, ਜਿੱਥੇ ਬੱਚਿਆਂ ਨੂੰ ਸਿੱਖਿਆ ਦਿੱਤੀ ਗਈ। ਇਸ ਮੌਕੇ ਮਲਟੀਕਲਚਰਲ ਕਮੇਟੀ ਦੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਵੀ ਵਿਸ਼ੇਸ਼ ਰੂਪ ਨਾਲ ਹਾਜ਼ਰ ਹੋਏ।



# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫ਼ੋਨ: 98889-02339, 84271-12339

(ਭਾਗ- 17)

## ਮਰ ਜਾਏਂ ਤੂੰ ਬਾਲੋ

**ਖੂਹਾਂ ਦੇ ਪਾਣੀ -**

ਸਿਆਲਾਂ ਵਿਚ ਨਿੱਘੇ, ਭਾਫਾਂ ਮਾਰਦੇ ਤੇ ਗਰਮੀਆਂ ਵਿਚ ਠੰਢੇ - ਅਤੀ ਸੀਤ।

ਫੇਰ ਨਹਾਉਣਾ ਖੂਹਾਂ ਦੇ ਤਾਜ਼ੇ ਪਾਣੀਆਂ ਦਾ - ਨਿਆਮਤਾਂ ਜਿਹੀਆਂ - ਨਿਆਮਤਾਂ।

ਪਿੰਡ - ਸਾਡੇ ਘਰ ਦੇ ਸੱਜੇ, ਖੱਬੇ ਦੋ ਖੂਹ ਹਨ - ਇਕ ਰਤਾ ਡੂੰਘਾ ਹੈ - ਠੰਢੇ ਮਿੱਠੇ ਪਾਣੀ ਦਾ - ਖ਼ਬਰਨੀ ਕਦੋਂ ਦਾ ਬਣਿਆ ਹੋਇਆ ਹੈ- ਸ਼ਾਇਦ ਸਾਡੀ ਸੋਝੀ ਤੋਂ ਪਹਿਲਾਂ ਦਾ - ਸ਼ਾਇਦ ਪਿੰਡ ਦੇ ਵਸੇਬੇ ਵੇਲੇ ਤੋਂ ਦਾ ਹੀ - ਨਿੱਕੀ ਇੱਟ ਦਾ।

ਖੂਹ ਦੀ ਮੌਣ, ਘੜੇ ਰੱਖ ਰੱਖ ਵੱਡੇ ਵੱਡੇ ਡੂੰਘਾਂ ਵਿਚ ਬਦਲ ਗਈ ਹੈ, ਹੇਠਾਂ ਚਾਰੇ ਪਾਸੇ ਥੜ੍ਹੇ 'ਤੇ ਥਾਂ-ਥਾਂ ਚਬੱਚੇ ਬਣੇ ਹੋਏ ਹਨ - ਆਂਡੇਕਾਰ -ਡੰਗਰਾਂ ਨੂੰ ਪਾਣੀ ਪਿਆਉਣ ਤੇ ਨਹਾਉਣ ਲਈ। ਖੂਹ ਦੇ ਆਸ ਪਾਸ ਸਦਾ ਪਾਣੀ ਖੜ੍ਹਾ ਰਹਿੰਦਾ ਹੈ - ਚੁਲ੍ਹੇ ਦੀ ਸ਼ਕਲ ਵਿਚ। ਥੜ੍ਹੇ 'ਤੇ ਤਾਂ ਤੀਵੀਆਂ, ਮੋਗਰੀਆਂ ਮਾਰ ਮਾਰ ਕੱਪੜੇ ਵੀ ਧੋਂਦੀਆਂ ਰਹਿੰਦੀਆਂ ਹਨ - ਸਾਰਾ ਸਾਰਾ ਦਿਨ - ਪਿਆ ਗਿਰੀ ਜਾਏ ਛਿੱਟਿਆਂ ਨਾਲ - ਗੰਦਾ ਪਾਣੀ - ਖੂਹ ਵਿਚ - ਕੌਣ ਸਮਝਾਵੇ ਇਨ੍ਹਾਂ ਨੂੰ - ਸਮਝੇ ਵੀ ਤਾਂ ਜੇ ਸਮਝ ਹੋਵੇ। ਕਿਸੀ ਨੂੰ - ਇਹ ਤਾਂ ਆਂਏ ਹੀ ਚਲਦਾ ਆਇਆ ਹੈ, ਚਲਦਾ ਰਹਿਣਾ ਹੈ ਬੱਸ। ਸੰਝ ਸਵੇਰੇ ਖੂਹ 'ਤੇ ਰੌਣਕਾਂ ਹੀ ਰੌਣਕਾਂ।

ਉਂਜ ਰੌਣਕਾਂ ਦਾ ਕੀ ਹੈ -

ਰੌਣਕਾਂ ਤਾਂ ਉਦੋਂ ਵੀ ਬਹੁਤ ਹੁੰਦੀਆਂ ਹਨ ਖੂਹ 'ਤੇ, (ਵੇਲਾ ਕੋਈ ਵੀ ਹੋਏ) ਜਦੋਂ ਕਿਸੀ ਦਾ ਖੂਹ ਵਿਚ ਕੁਝ ਡਿੱਗ ਜਾਂਦਾ - ਡੋਲ ਬਾਲਟੀ ਜਾਂ ਕੁਝ ਹੋਰ।

ਫੇਰ ਪਹਿਲਾਂ ਤਾਂ ਇਕ ਦੰਦੇਦਾਰ ਜਿਹਾ ਸੰਦ ਕੰਡਾ ਲੱਜ ਜਾਂ ਕਿਸੇ ਲੰਮੇ ਰੱਸੇ ਨੂੰ ਬੰਨ੍ਹ ਖੂਹ ਵਿਚ ਘੁਮਾਇਆ ਜਾਂਦਾ - ਕੋਈ ਵੀ ਕਰ ਸਕਦਾ ਹੈ ਇਹ ਕੰਮ - ਉਸ ਸੰਦ ਦੇ ਮੁੜੇ ਦੰਦਿਆਂ ਵਿਚ ਫਸ ਕੇ ਨਿਕਲ ਆਉਂਦੀ ਪਾਣੀ ਵਿਚ ਡੁੱਬੀ ਚੀਜ਼, ਪਰ ਜਦ ਵਾਹ ਲਾ ਕੇ ਕੁਝ ਨਾ ਨਿਕਲਨਾ ਜੋ ਕਦੀ ਕਦੀ ਬਹੁਤਾ ਕੀਮਤੀ ਵੀ ਹੋਣਾ ਤਾਂ 'ਡਬੋਲੀਏ' (ਉਹ ਬੰਦਾ ਜੋ ਖੂਹ 'ਚੋਂ ਗੋਤਾ ਜਾਂ ਚੁੱਭੀ ਮਾਰ ਕੇ ਕੱਢ ਲਿਆਉਂਦਾ ਹੈ, ਡੁੱਬੀ ਸ਼ੈਅ ਨੂੰ ਜਾਂ ਬੰਦੇ ਨੂੰ) ਹੀ ਕਰਦਾ ਹੈ - ਇਹ ਕੰਮ - ਫੇਰ ਤਾਂ ਖੂਹ ਦੇ ਆਸ ਪਾਸ। ਬਿਨ ਬੁਲਾਏ ਆ ਜਾਂਦੇ ਹਨ, ਕਿਸੀ ਵੀ ਉਮਰ ਦੇ, ਤਮਾਸ਼ਬੀਨ - ਮੇਲਾ ਦੇਖਣ ਵਾਂਗ-ਮੇਲਾ ਬਣ ਬਣ।

ਦੂਜਾ ਖੂਹ ਸਾਡੇ ਘਰ ਦੇ ਐਨ ਸਾਹਮਣੇ ਹੈ - ਪੰਦਰਾਂ ਵੀਹ ਗਜ਼ ਦੀ ਵਿੱਥ 'ਤੇ।

ਇਹ ਖੂਹ ਦਾ ਪਾਣੀ ਖਾਰਾ ਹੈ ਤੇ ਉਚਾ ਵੀ ਬਹੁਤਾ, ਮਸਾਂ ਪੰਜ-ਸੰਤ ਹੱਥ ਦੀ ਲੇਜੂ (ਲੱਜ) ਹੀ ਜਾਂਦੀ ਹੈ ਹੇਠਾਂ ਪਾਣੀ ਕੱਢਣ ਲਈ - ਇਹ ਪਾਣੀ ਪੀਣ ਵਾਲਾ ਨਹੀਂ ਹੈ - ਨਹਾਉਣ ਧੋਣ ਜਾਂ ਮਾਲ ਡੰਗਰ ਲਈ ਵਰਤਿਆ ਜਾਂਦਾ ਹੈ।

ਸੰਝ ਸਵੇਰੇ ਖੇਤਾਂ ਤੋਂ ਮੁੜੇ ਮਰਦ - ਇੱਥੇ ਨਹਾਉਂਦੇ ਧੋਂਦੇ - ਪਸ਼ੂਆਂ ਨੂੰ ਨਹਾਉਂਦੇ ਆਮ ਦੇਖੇ ਜਾਂਦੇ ਹਨ। ਕਦੀ ਕਦੀ ਤਾਂ ਬੀਜੀ ਵੀ ਸਾਨੂੰ ਤਿੰਨਾਂ ਭੈਣ ਭਰਾਵਾਂ ਨੂੰ ਘਰੇ ਹੀ ਕਪੜੇ ਲਾਹ ਤੋਰ ਦਿੰਦੀ ਹੈ ਖੂਹ 'ਤੇ-

"ਜਾਓ ਪੁਆ ਲਿਆਓ ਆਪਣੇ ਭਾਪਾ ਜੀ ਤੋਂ ਦੋ ਦੋ ਬਾਲਟੀਆਂ।" ਫੇਰ ਕੀ ਅਸੀਂ ਨੰਗੇ ਧੜੰਗੇ, ਗੋਲੀ ਦੀ ਮਾਰ ਖੂਹ 'ਤੇ ਜਾਂਦੇ, ਪਿੰਡੇ 'ਤੇ ਪਾਣੀ ਸੁਟਾ, ਉਸੇ ਤਰ੍ਹਾਂ ਛਾਲਾਂ ਮਾਰਦੇ, ਮਾਰੋ ਮਾਰ ਘਰ ਨੂੰ ਮੁੜ ਆਉਂਦੇ ਹਾਂ - ਨਾ ਸਾਬਣ ਨਾ ਸੋਢਾ।

'ਮੂੰਹ-ਜ਼ੁਬਾਨੀ' ਨਹਾ ਕੇ - ਗਿੱਲੇ ਪਿੰਡੇ - ਕਪੜੇ ਵੀ ਘਰ ਆ ਕੇ ਹੀ ਪਾਉਣੇ ਹੁੰਦੇ ਹਨ। ਘਰ ਪੁੱਜਦੇ ਪੁੱਜਦੇ ਤਾਂ ਸਾਡੇ ਪੈਰ ਫੇਰ ਰਾਹ ਦੀ ਭੁੱਬਲ ਨਾਲ ਮਿੱਟੀਓ-ਮਿੱਟੀ - ਅੰਦਰ ਵੜਦੇ ਪਹਿਲਾਂ ਫੇਰ ਪੈਰ ਧੋਂਦੇ ਹਾਂ - ਦਾਰਸ਼ਨਿਕ ਡਿਉਢੀ ਵਿਚ ਵੜਨ ਵਾਂਗ।

ਸਾਡੇ ਪਿੰਡ ਤੋਂ ਬਾਹਰਵਾਰ, ਗੁੱਗੇ ਦੀ ਮਾੜੀ ਹੈ, ਮਾੜੀ 'ਤੇ ਵੀ ਇਕ ਖੂਹੀ ਹੈ - ਬਹੁਤ ਡੂੰਘੀ ਤੇ ਠੰਢੇ ਸੀਤ ਪਾਣੀ ਦੀ - ਖੇਤਾਂ ਵਿਚ ਕੰਮ ਕਰਦਿਆਂ ਤੇ ਰਾਹਗੀਰਾਂ ਲਈ - ਗਰਮੀ ਦੀ ਰੁੱਤ ਇਕ ਨਿਆਮਤ।

ਖੂਹੀ ਤੇ ਇੱਕ ਢੀਂਗੁਲੀ ਹੈ, ਜਿਹਨੂੰ ਲੋਹੇ ਦਾ ਵੱਡਾ ਸਾਰਾ ਗੋਲ ਗੇਂਦ ਨੁਮਾ - ਡੋਲ ਬੰਨ੍ਹਿਆ ਹੋਇਆ ਹੈ, ਸੰਗਲੀ ਪਾ ਕੇ - ਬਸ ਢੀਂਗੁਲੀ ਦੇ ਵੱਡੇ ਡੰਡੇ ਨੂੰ ਦਬਾਅ - ਡੋਲ ਖੂਹੀ ਵਿਚ ਉਤਾਰ - ਪਾਣੀ ਭਰੋ - ਡੰਡੇ ਦੇ ਪਿੱਛੇ ਬੰਨ੍ਹੇ ਭਾਰ ਨਾਲ ਡੋਲ ਆਪ ਹੀ ਬਾਹਰ ਆ ਜਾਂਦਾ ਹੈ, ਕਿੰਨਾ ਸੌਖਾ ਹੁੰਦਾ ਸਾਨੂੰ ਨਿਆਣਿਆਂ ਨੂੰ ਤਾਂ ਪਾਣੀ ਕਢਣਾ - ਖੂਹੀ ਦੇ ਦੁਆਲੇ ਵੀ ਇਕ ਪੱਕੀ ਥੜ੍ਹੀ ਤੇ ਚਬੱਚੇ ਵੀ ਹਨ।

ਥੋੜ੍ਹਾ ਪਰ੍ਹਾਂ ਕਰਕੇ - ਖੂਹੀ ਕੋਲ - ਇਕ ਟਾਹਲੀ ਹੈ - ਇਕ ਪਾਸੇ ਨੂੰ ਗਿਰੀ ਹੋਈ - ਤੇ ਵੱਡਾ ਸਾਰਾ ਆਸੇ ਪਾਸੇ ਪੱਕੀ ਮੌਣ ਵਾਲਾ ਚੌਂਤਰਾ ਬਣਿਆ ਹੋਇਆ ਹੈ - ਟਾਹਲੀ ਦੀ ਛਾਂਵੇ, ਆਉਂਦੇ ਜਾਂਦੇ, ਖੇਤਾਂ ਵਿਚ ਕੰਮ ਕਰਦੇ ਜਾਂ ਡੰਗਰ ਚਾਰਦੇ ਨਿਆਣੇ - ਆਮ ਦੇਖੇ ਜਾਂਦੇ - ਘੜੀ ਭਰ ਅਰਾਮ ਕਰਦੇ - ਢੌਂਕੇ ਲਾਉਂਦੇ ਤੇ ਖੜਮਸਤੀਆਂ ਕਰਦੇ ਵੀ।

ਉਂਜ ਗਰਮੀਆਂ ਦੀਆਂ ਸ਼ਾਮਾਂ ਇੱਥੇ ਹੋਰ ਵੀ ਰੌਣਕਾਂ ਵਾਲੀਆਂ ਹੁੰਦੀਆਂ ਹਨ।

ਜਦੋਂ ਰੋਟੀ ਖਾਣ ਤੋਂ ਪਹਿਲਾਂ ਕੁੜੀਆਂ, ਚਿੜੀਆਂ, ਤੀਵੀਆਂ ਠੰਢੇ ਪਾਣੀ ਦੇ ਘੜੇ ਭਰ ਭਰ ਕੇ ਲੈ ਜਾਂਦੀਆਂ ਹਨ ਘਰਾਂ ਨੂੰ - ਪੀਣ ਲਈ - ਕੱਚੀ ਲੱਸੀ ਬਣਾਉਣ ਲਈ।

ਘੁਸ ਮੁੱਸੇ ਜਿਹੇ ਵਿਚ ਜਦ ਮੂੰਹ ਹਨੇਰਾ ਹੋ ਜਾਂਦਾ ਹੈ - ਟੋਲੀਆਂ ਦੀਆਂ ਟੋਲੀਆਂ ਆਉਂਦੀਆਂ ਹਨ ਇੱਥੇ - ਨੱਠਦੀਆਂ ਟੱਪਦੀਆਂ ਖੜਦੂੰਮ ਮਚਾਉਂਦੀਆਂ। ਚੋਚਲੇ ਕਰਦੀਆਂ... ਨਾਰਾਂ - ਨਾਲੇ ਘੜੇ ਭਰਨੇ ਨਾਲੇ ਵਾਰੋ ਵਾਰੀ - ਦੇਖੋ ਦੇਖੀ - ਚੁੰਨੀਆਂ ਬੰਨ੍ਹ ਬੰਨ੍ਹ ਨਹਾਉਂਦੀਆਂ - ਚੁੰਨੀਆਂ ਸਕਾਉਂਦੀਆਂ - ਕੰਨੀਆਂ ਫੜ ਫੜ - ਜਿਵੇਂ ਕਿਸੇ ਨਸ਼ੇ ਜਿਹੇ ਵਿਚ ਸਾਰੀ ਫਿਜ਼ਾ ਹੀ ਐਂਠੀ ਫਿਰਦੀ ਹੋਵੇ - ਕੁਝ ਘੜੀਆਂ ਲਈ।

ਕਦੀ ਕਦੀ ਉਨ੍ਹਾਂ ਨਾਲ ਮੈਂ ਵੀ ਆਪਣੀ ਨਿੱਕੀ ਜਿਹੀ ਘੜੋਲੀ ਲੈ ਕੇ ਆਉਂਦੀ ਹਾਂ - ਲੱਕ 'ਤੇ ਧਰ ਕੇ - ਫੇਰ ਅੱਧੀ ਕੁ ਹੀ ਭਰ ਕੇ ਲੈ ਜਾਂਦੀ ਹਾਂ ਕਿਉਂਕਿ ਪੂਰੀ ਭਰੀ ਤਾਂ ਮੈਥੋਂ ਚੁੱਕੀ ਹੀ ਨਹੀਂ ਜਾਂਦੀ - ਉਂਜ ਮੈਨੂੰ ਲੱਕ 'ਤੇ ਧਰੇ ਘੜੇ - ਮਾੜਾ ਜਿਹਾ ਟੇਢਾ ਜਿਹਾ ਹੋ ਕੇ ਤੁਰਨਾ ਬਹੁਤ ਚੰਗਾ ਲਗਦਾ ਹੈ - ਮੈਂ ਸਿਰ 'ਤੇ ਕਦੀ ਘੜੋਲੀ ਨਹੀਂ ਰਖਦੀ ਹਾਂ, ਖ਼ਬਰਨੀ ਮੂਹਰੇ ਸਵਾਰ ਕੇ ਫੇਰ ਰਾਹ ਨਹੀਂ ਦਿਖਦਾ - ਖ਼ਬਰਨੀ ਪਾਣੀ ਛਲਕ ਛਲਕ ਮੂੰਹ 'ਤੇ ਡਿੱਗਣ ਭਰੋਂ -ਖ਼ਬਰਨੀ ਤਾਂ ਜਦੋਂ ਸਿਰ 'ਤੇ ਘੜਾ ਰਖਦੀ ਹਾਂ ਤਾ ਮੇਰੀ ਗਰਦਨ ਉਸ ਨਿਆਣੇ ਵਾਂਗ ਡਲਕ ਡਲਕ ਹਿਲਦੀ ਹੈ ਜਿਸ ਤੋਂ ਅਜੇ ਆਪਣੇ ਸਿਰ ਦਾ ਭਰ ਹੀ ਨਹੀਂ ਸੰਭਾਲਿਆ ਜਾਂਦਾ।

ਉਂਜ ਕਦੇ ਕਦੇ ਇਸ ਖੂਹੀ 'ਤੇ ਕੁਲਵੰਤ ਤੇ ਮੈਂ ਦੁਪਹਿਰਾਂ ਨੂੰ ਵੀ ਆ ਜਾਂਦੀਆਂ ਹਾਂ - ਕਪੜੇ ਧੋਣ, ਸੁਕਾਉਣ ਇੱਥੇ ਖੁਲ੍ਹੀ ਥਾਵੇਂ- ਉਦੋਂ ਵਿਹਲ ਹੀ ਵਿਹਲ ਹੁੰਦੀ ਹੈ ਇਥੇ - ਬਹਿ ਜਾਂਦੀਆਂ ਹਾਂ ਦੋਵੇਂ ਅਸੀਂ ਨਾਲੋ ਨਾਲ ਆਪਣੇ ਆਪਣੇ ਚੁਬੱਚੇ ਮੱਲ ਕੇ - ਜਮੋਇਆਂ ਦੀ ਛਾਵੇਂ - (ਖੂਹੀ 'ਤੇ ਦੋ ਜਮੋਏ ਵੀ ਲਗੇ ਹੋਏ ਹਨ, ਸੱਜੇ ਖੱਬੇ।)

ਮੋਗਰੀਆਂ ਮਾਰ ਮਾਰ ਕਪੜੇ ਧੋਂਦੀਆਂ - ਨਾਲ ਨਾਲ ਗੀਤ ਗਾਉਂਦੀਆਂ ਹਾਂ ਅਸੀਂ - ਖ਼ਾਸ ਕਰ ਬਾਲੋ-ਮਾਹੀਏ ਦੇ ਟੱਪੇ - ਜੋ ਸਾਨੂੰ ਦੋਹਾਂ ਨੂੰ ਹੀ ਬਹੁਤ ਚੰਗੇ ਲਗਦੇ ਹਨ।

ਟੱਪਿਆਂ ਦੇ ਬੋਲ - ਉੱਚੀਆਂ ਉੱਚੀਆਂ ਲਾਂਡਾਂ - ਲਾਉਣੀਆਂ - ਮੋਗਰੀਆਂ ਦੀ ਥੱਪ ਥੱਪ - ਸੁਰ ਤਾਲ ਦਾ ਸੰਗਮ।

ਜੋ ਮਰਜ਼ੀ ਕਰੀਏ, ਜੋ ਮਰਜ਼ੀ ਗਾਈਏ - ਕਿਹੜੇ ਕਿਸੇ ਟੁੰਡੀ ਲਾਟ ਦੀ ਪਰਵਾਹ ਹੁੰਦੀ ਸਾਨੂੰ - ਸਮਾਂ ਸਥਾਨ, ਸਭ ਕੁਝ ਤਾਂ ਹੁੰਦਾ, ਐਸ ਵੇਲੇ ਸਾਡਾ ਆਪਣਾ- ਕਦ ਕਪੜੇ ਧੁ ਹੋ ਜਾਂਦੇ, ਕਦ ਸੁੱਕ ਜਾਂਦੇ ਪਤਾ ਹੀ ਨਾ ਲਗਦਾ ਸਾਨੂੰ - ਨਾ ਅਕੇਂਵਾ ਨਾ ਥਕੇਂਵਾ, ਅਸੀਂ ਤਾਂ ਉੱਥੇ ਹੁੰਦੀਆਂ ਹੀ ਨਹੀਂ ਹਾਂ - ਅਸੀਂ ਤਾਂ ਮੰਤਰ-ਮੁਗਧ ਹੁੰਦੀਆਂ ਹਾਂ ਆਪਣੇ ਗੀਤ ਸੰਗੀਤ ਵਿਚ - ਆਪਣਿਆਂ ਗੀਤਾਂ ਦੇ ਬੋਲਾਂ ਵਿਚ, ਅਰਥਾਂ ਵਿਚ ਗੁਆਚੀਆਂ, ਅਰਥ ਟੋਲਦੀਆਂ-

ਗਿੱਲੀ ਕੰਧ ਵਿਚ ਰੱਸੀਆਂ ਨੇ -
ਮਰ ਜਾਏ ਤੂੰ ਬਾਲੋ -
ਗੱਲਾਂ ਘਰ ਜਾ ਕੇ ਦੱਸੀਆਂ ਨੇ।
ਬਾਗੇ ਵਿਚ ਸੱਪ ਰਹਿੰਦਾ -
ਹੱਸ ਕੇ ਨਾ ਲੰਘਿਆ ਕਰੋ
ਸਾਡੇ ਮਾਪਿਆਂ ਨੂੰ ਸ਼ੱਕ ਪੈਂਦਾ।
ਚਿੱਟੇ ਕੌਲ ਕਲੀਈ ਕੀਤਾ -
ਮਾਹੀ ਸਾਡੇ ਅੱਖ ਮਾਰੀ
ਅਸੀਂ ਘੁੰਡ ਵਿਚ 'ਸਹੀ' ਕੀਤਾ।
ਗਿੱਲੀ ਕੰਧ ਤੇ ਖਲੋ ਮਾਹੀਆ
ਲੋਕਾਂ ਭਾਣੇ ਚੰਨ ਚੜ੍ਹਿਆ
ਸਾਨੂੰ ਤੇਰੀ ਲੋਅ ਮਾਹੀਆ।

ਅਸੀਂ ਉਸ ਵੇਲੇ ਦੇ ਪ੍ਰਚੱਲਤ ਗੀਤਾਂ ਦੇ ਮੁੱਢਲੇ ਬੋਲ ਵੀ ਗਾਉਂਦੀਆਂ ਰਹਿੰਦੀਆਂ ਹਾਂ-

ਦੁਪੱਟਾ ਪਤਲਾ ਗੰਢੇ ਦੀ ਛਿੱਲ ਵਰਗਾ-
ਮੁੰਡਾ ਮੋਹ ਲਿਆ ਤਬੀਤਾਂ ਵਾਲਾ-
ਤੇਰੇ ਮੁਖੜੇ ਤੇ ਕਾਲਾ ਕਾਲ ਤਿਲ ਵੇ
ਮੁੰਡਿਆ ਸਿਆਲ-ਕੋਟੀਆ-

ਖ਼ਬਰੇ ਇਹ ਬੋਲ, ਕਿਤੇ ਸਾਨੂੰ ਹੁਣ ਵੱਡੇ ਹੋਣ ਦੀ 'ਜਾਗ' ਲਾ ਰਹੇ ਹੋਣ- ਜਾਣੇ ਅਣਜਾਣੇ- ਨਹੀਂ ਜਾਣਦੀਆਂ ਹਾਂ, ਅਸੀਂ-

**ਮਰ ਜੋ - ਗੁੱਡੀ ਫੂਕ ਆਓ**

ਸਿਖਰ ਦੁਪਹਿਰ ਤੁਰ ਪੈਂਦੀਆਂ ਹਾਂ ਅਸੀਂ -

ਐਧਰ 'ਸਾਹਮਣੇ' ਦੇ ਖੇਤਾਂ ਵਿਚ - ਗੁੱਡੀ ਫੂਕਣ - ਮੀਂਹ ਨਹੀਂ ਪੈ ਰਹੇ। ਤਾਈ ਹੋਰੀਂ, ਦਰਾਣੀਆਂ ਜਠਾਣੀਆਂ ਲੀਰਾਂ ਦੀ ਗੁੱਡੀ ਬਣਾ ਤੋਰ ਦੇਂਦੀਆਂ ਹਨ - ਸਾਨੂੰ ਸਾਰੀਆਂ ਨਿੱਕੀਆਂ - ਵੱਡੀਆਂ ਕੁੜੀਆਂ ਨੂੰ -

"ਮਰ ਜੋ - ਗੁੱਡੀ ਹੀ ਫੂਕ ਆਓ ਖ਼ਬਰਨੀ ਮੀਂਹ ਪੈ ਜੇ..." ਆਂਏ ਵੀ ਕਿਤੇ ਮੀਂਹ ਪੈ ਜੁ ਕੜਕਦੀ ਧੁੱਪ ਵਿਚ - ਮੈਂ ਸੋਚਦੀ ਹਾਂ ਪਰ ਮੀਂਹ ਆਏ ਜਾਂ ਨਾ



ਆਏ ਸਾਨੂੰ ਕੀ - ਸਾਡੇ ਲਈ ਤਾਂ ਇਹ ਇਕ ਖੇਡ ਹੈ - ਗੁੱਡੀਆਂ-ਪਟੋਲੇ ਖੇਡਣ ਵਾਂਗ - ਜੇ ਉਦੋਂ ਸਾਰੇ ਕਾਰਜ ਕਰਦੀਆਂ ਹਾਂ ਤਾਂ ਇਹ ਵੀ ਤਾਂ ਉਸ ਦਾ ਹੀ ਇਕ ਹਿੱਸਾ ਹੈ। ਉਂਜ ਵੀ ਤਾਂ ਜੇ ਕਿਸੇ ਦੀ ਗੁੱਡੀ ਮਰ ਜਾਏ - ਫੇਰ - ਫੇਰ ਮੈਂ ਸੋਚਦੀ ਹਾਂ - ਗੁੱਡੀ ਫੂਕਣ ਜਾਂਦੀਆਂ ਹਾਂ ਅਸੀਂ - ਛਾਤੀ ਪਿੱਟਦੀਆਂ ਤੇ ਪੱਟਾਂ 'ਤੇ ਹੱਥ ਮਾਰਦੀਆਂ -ਸਿਆਪਾਂ ਕਰਦੀਆਂ - ਕੀਰਨੇ ਪਾਉਂਦੀਆਂ -ਝੂਠ ਮੂਠ ਦਾ ਰੋਣਾ ਰੋਂਦੀਆਂ -

ਹਾਏ! ਹਾਏ! ਧੀਏ ਮੋਰਨੀਏ -
ਸਿਖਰ ਦੁਪਹਿਰੇ ਤੋਰਨੀਏ-

ਜਿਵੇਂ ਜਿਵੇਂ ਦੇਬੋ ਹੋਰੀਂ ਕਰਦੀਆਂ ਹਨ ਮੈਂ ਵੀ ਨਾਲ ਨਾਲ ਦੇਖ ਦੇਖ ਕੇ ਕਰੀ ਜਾਂਦੀ ਹਾਂ - ਰੋਣ ਦਾ ਸਾਂਗ ਵੀ ਕਰੀ ਜਾਂਦੀਆਂ ਹਾਂ ਤੇ ਹੱਸੀ ਵੀ ਜਾਂਦੀਆਂ ਹਾਂ - ਵਿਚ ਵਿਚ।

ਸਿਖਰ ਦੁਪਹਿਰ, ਐਧਰ ਕਿੱਕਰ ਹੇਠਾਂ ਮਾੜੀ ਜੇਹੀ ਛਿੱਦੀ ਜਿਹੀ ਛਾਂ ਹੈ - ਤੀਲੇ ਡੱਕੇ ਸੁੱਕੇ ਤੁੱਕੇ ਘਾਹ ਫੂਸ ਇਕੱਠਾ ਕਰ, ਗੁੱਡੀ ਦੀ ਚਿਤਾ ਬਣਾਉਂਦੀਆਂ ਹਾਂ - ਲਾਂਬੂ ਲਾਉਂਦੀਆਂ ਹਾਂ - ਤੇ ਗੁੱਡੀ ਵਿਚਾਰੀ - ਬੇਮੌਤ ਮਾਰੀ ਜਾਂਦੀ ਹੈ।

ਗੁੱਡੀ ਤਾਂ ਹੁਣ ਮਰਗੀ - ਖ਼ਬਰੇ ਰੱਬ ਕੋਲ ਜਾਂ ਫਰਿਆਦ ਕਰੇ, ਮੀਂਹ ਪੈ ਜੇ, ਸਾਡੀ ਕੁੜੀਆਂ ਦੀ ਅਰਜੋਈ ਵੀ ਲਗ ਜੇ ਕਿਤੇ, ਅਸੀਂ ਸੋਚਦੀਆਂ ਹਾਂ-

ਗੁੱਡੀ ਫੂਕ ਅਸੀਂ, ਤਾਈ ਈਸ਼ਰ ਕੌਰ (ਜੀਤ ਦੀ ਬੇਬੇ) ਹੋਰਾਂ ਦੇ ਘਰ ਆ ਜਾਂਦੀਆਂ ਹਾਂ-

ਤਾਈ ਵਿਹੜੇ ਵਿਚ ਇਕ ਥਾਂ - ਪੱਕੀ ਰੋੜ ਧਰਤੀ ਉਪਰ ਪਾਥੀਆਂ ਬਾਲ ਥੌਂ ਲਾਲ ਕਰਦੀ ਹੈ - ਗੁੜ ਘੋਲ ਮਿੱਠੇ ਆਟੇ ਦਾ ਵੱਡਾ ਸਾਰਾ ਰੋਟ ਬਣਾਉਂਦੀ ਹੈ - ਇੱਥੇ ਪਕਾਉਂਦੀ ਹੈ - ਠੰਢਾ ਹੋਣ 'ਤੇ ਰੋਟ ਦਾ ਇਕ ਟੋਟਾ ਸਾਨੂੰ ਕੁੜੀਆਂ ਨੂੰ ਦੇਂਦੀ ਹੈ - ਖੂਹ ਵਿਚ ਪਾ ਕੇ ਆਉਣ ਨੂੰ - 'ਖੁਆਜੇ' ਨੂੰ ਅਰਪਣ ਕਰਨ ਲਈ - ਬਾਕੀ ਦਾ ਭੋਰਾ ਭੋਰਾ ਸਾਰੀਆਂ ਨੂੰ ਵੰਡ ਦਿੰਦੀ ਹੈ।

ਸਭ ਕੁਝ ਹੋ ਜਾਂਦਾ ਹੈ - ਮੀਂਹ ਦੀ ਮੁਰਾਦ ਮੰਗਣ ਨੂੰ - ਹੱਸਦਿਆਂ ਹੱਸਦਿਆਂ ਖੇਡਦਿਆਂ ਖੇਡਦਿਆਂ- ਤੇ ਕਿਤੇ ਪਿਟ-ਸਿਆਪਾ ਕਰਦਿਆਂ ਵੀ।

ਪਰ ਮੀਂਹ ਤਾਂ ਕਿਤੇ ਨੀ ਦਿਖਦਾ - ਕਈ ਦਿਨਾਂ ਤੱਕ ਮੀਂਹ ਦੀ ਇਕ ਵੀ ਕਿਣੀ ਨਹੀਂ ਪੈਂਦੀ ਹੈ- ਉਸ ਨੇ ਤਾਂ ਜਦ ਆਉਣਾ ਹੈ ਉਦੋਂ ਹੀ ਆਉਣਾ ਹੈ - ਕੰਧਾਂ ਕੋਲੇ ਢਾਹ ਹੱਦਾਂ-ਬੰਨੇ ਤੋੜ- ਸਾਹ ਲੈਣਾ ਹੈ ਫੇਰ।

ਜਾਣੀ ਕਦੀ ਡੋਬਾ ਕਦੀ ਸੋਕਾ - ਪਰ ਧੰਨ ਇਹ ਬੁੜੀਆਂ ਧੰਨ ਇਨ੍ਹਾਂ ਦਾ ਰੱਬ ਤੇ ਧੰਨ ਇਨ੍ਹਾਂ ਦਾ ਵਿਸ਼ਵਾਸ।

ਹੁਣ ਜਦ ਮੀਂਹ ਆ ਜਾਂਦਾ - ਕਈ ਕਈ ਦਿਨਾਂ ਦੀ ਝੜੀ ਲੱਗ ਜਾਂਦੀ ਤਾਂ ਇਨ੍ਹਾਂ ਨੂੰ ਹੌਲ ਪੈਣ ਲੱਗ ਜਾਂਦੇ - ਕੰਧਾਂ ਦੇ ਕੋਠਿਆਂ ਦੇ ਬਨੇਰਿਆਂ ਦੇ - ਭਾਵੇਂ ਮੀਂਹ ਤੋਂ ਪਹਿਲਾਂ ਮਿੱਟੀ ਲਿਆ ਘਾਣੀਆਂ ਕਰ ਕਰਕੇ - ਗਲੀਆਂ, ਮੋਰੀਆਂ, ਮੁੰਦੀਆਂ ਜਾਂਦੀਆਂ ਹਨ - ਲਪਾਈ ਕੀਤੀ ਜਾਂਦੀ ਹੈ ਇਕ ਮੁਹਿੰਮ ਵਾਂਗ। ਥਾਂ ਥਾਂ ਡਿੱਗਦੇ ਢਹਿੰਦੇ ਲਿਓੜੇ ਭਰੇ ਜਾਂਦੇ। ਵਾਹ ਲਾ ਸਭ ਕੁਝ - ਪਰ ਮੀਂਹ ਦੀ ਕਿਣ ਮਿਣ ਕਿਣ ਸਿਬੜ ਸਿਬੜ - ਉਹਨੂੰ ਕੌਣ ਰੋਕੇ- ਰੋਕਣ ਤਾਂ ਇਹ ਬੁੜੀਆਂ - ਫੇਰ ਹੋ ਜਾਂਦਾ ਹੈ ਕੁੜੀਆਂ ਚਿੜੀਆਂ, ਧੀ ਧਿਆਣੀਆਂ ਨੂੰ ਹੁਕਮ ਵਿਚ ਨੂੰ ਕਿਸੇ ਨਾ ਕਿਸੇ ਵਲੋਂ -

'ਜਾਓ ਕੁੜੀਓ! ਮੁਸਾਫ਼ਿਰ ਗੱਡ ਆਓ ਕੋਠੇ 'ਤੇ।

"ਹੋ ਜਾਂਦੀ ਸ਼ੁਰੂ ਮੁਸਾਫ਼ਿਰ ਦੀ ਕਹਾਣੀ-

ਹੁਣ ਇਹ 'ਮੁਸਾਫ਼ਿਰ ਗੱਡਣਾ' ਕੀ ਬਲਾ ਹੈ - ਮੈਂ ਸੋਚਦੀ ਹਾਂ।

"ਚੰਨਣੋ! ਭਾਈ ਬਣਾ ਕੇ ਦੇਹ ਕੁੜੀਆਂ ਨੂੰ ਮੁਸਾਫ਼ਿਰ।" ਅੰਮਾ ਹੁਕਮ ਕਰਦੀ ਹੈ।

ਚੰਨੋ ਮਾਸੀ ਨੂੰ ਸੁਹਰਿਆਂ ਵਿਚ ਸਾਰੀਆਂ 'ਚੰਨਣੋ' ਕਹਿ ਕੇ ਹੀ ਬਲਾਉਂਦੀਆਂ ਹਨ।

ਗੁੱਡੀ ਵਾਗ ਹੀ ਹੁਣ ਚੰਨੋ ਮਾਸੀ ਇਕ ਗੁੱਡਾ ਬਣਾਉਂਦੀ ਹੈ - ਪੱਗ ਬੰਨ੍ਹ ਤਹਿਮਤ ਲਾ, ਝੱਗਾ ਪਾ - ਮੋਢੇ ਗਠੜੀ, ਹੱਥ ਵਿਚ ਡੰਡਾ - ਹੋ ਜਾਂਦਾ ਹੈ ਤਿਆਰ ਮੁਸਾਫ਼ਿਰ ਜਾਣ ਲਈ-

ਗਿੱਲੇ ਕੱਚੇ ਕੱਠੇ - ਅਸੀਂ ਪੋਲੇ ਪੋਲੇ ਕੋਠੇ ਜਾਂਦੀਆਂ ਹਾਂ- ਚੜ੍ਹਦੀ ਨੁੱਕਰ ਵੱਲ ਬਨੇਰੇ ਵਿਚ ਇਕ ਪਾਸੇ ਮੁਸਾਫ਼ਿਰ ਗੱਡ ਆਉਂਦੀਆਂ ਹਾਂ।

"ਰੱਬਾ ਮੁਸਾਫ਼ਿਰ ਨੇ ਜਾਣਾ ਹੈ - ਮੀਂਹ ਬੰਦ ਕਰਦੇ।" ਕਈ ਦਿਨਾਂ ਦੀ ਝੜੀ - ਮੀਂਹ ਨੇ ਤਾਂ ਹਟਣਾ ਹੀ ਹੈ ਕਦੇ ਨਾ ਕਦੇ -ਹਟ ਜਾਂਦਾ ਹੈ- ਮੈਂ ਸੋਚਦੀ ਹਾਂ, ਨਿੱਕਾ ਜਿਹਾ ਮੁਸਾਫ਼ਿਰ ਰੱਬ ਨੂੰ ਦਿਖ ਜਾਏ ਖ਼ਬਰਨੀ ਤਾਂ ਹੀ ਇਹਨੂੰ ਕੋਠੇ 'ਤੇ ਗੱਡਦੇ ਹਨ ਪਰ ਐਧਰ ਨੂੰ ਇਹ ਉਪਰ ਨੂੰ ਜਾਊ ਕਿੱਧਰ ਨੂੰ। ਸ਼ਾਇਦ ਹੇਠਾਂ ਤਾਂ ਸਾਰੇ ਪਾਸੇ ਜਲ ਥਲ ਹੋਇਆ ਪਿਆ ਹੈ - ਇਸ ਡਰੋਂ ਕਿਤੇ ਇਹ ਰੁੜ ਹੀ ਨਾ ਜਾਏ ਪਾਣੀਆਂ ਵਿਚ - ਤੇ ਫੇਰ ਮੇਰੀਆਂ ਅੱਖਾਂ ਮੂਹਰੇ - ਪਾਣੀ, ਹੜ੍ਹ ਘੁੰਮਣ ਲਗ ਜਾਂਦੇ।

ਇਕ ਵਾਰੀ ਅਸੀਂ ਟੱਪਰੀਆਂ ਤੋਂ ਪਿੰਡ ਨੂੰ ਆਏ - ਭਾਪਾ ਜੀ ਨਾਲ ਸਾਈਕਲ 'ਤੇ - ਰੈਲੋਂ ਵਾਲੀ ਨਦੀ ਕਿਵੇਂ ਭਰੀ ਜਾ ਰਹੀ ਸੀ - ਨਦੀ ਪਾਰ ਕਰਾਉਣ ਵਾਲੇ ਨੇ ਮੈਨੂੰ ਆਪਣੇ ਮੋਢਿਆਂ 'ਤੇ ਬਿਠਾਇਆ - ਪਾਣੀ ਵੱਲ ਨੂੰ ਦੇਖੋ - ਘਮੇਰ ਚੜ੍ਹਦੀ ਜਾਏ ਤੇ ਉਸ ਨੇ ਕਿਹਾ, "ਸਾਹਮਣੇ ਦੇਖੀ ਮੁੰਨੀ ਹੇਠਾਂ ਨੂੰ ਨਹੀਂ ਦੇਖਣਾ-" 'ਵਾਹਿਗੁਰੂ, ਵਾਹਿਗੁਰੂ ਕਰ' ਅਸੀਂ ਪਾਰ ਲੱਗੇ ਵਾਰੀ ਵਾਰੀ। ਉਸ ਨੇ ਤਾਂ ਇਹ ਵੀ ਦਸਿਆ ਸੀ ਕਿ "ਐਨੇ ਪਾਣੀ ਵਿਚ ਕਿਸੀ ਦੀ ਗਾਂ ਰੁੜ੍ਹ ਗਈ ਹੈ-" ਉਹ ਕਿਵੇਂ ਹੌਲੀ ਹੌਲੀ ਨਦੀ ਵਿਚੋਂ ਪੱਕੇ ਰਾਹ ਤੋਂ ਦੀ ਹੁੰਦਾ ਹੁੰਦਾ ਮੁਸਾਫ਼ਿਰਾਂ ਨੂੰ ਪਾਰ ਕਰਾ ਰਿਹਾ ਸੀ। ਹਾਏ! ਰੱਬ ਜੀ।

ਮੈਂ ਆਪਣੀ ਸੋਝੀ ਵਿਚ ਦੋ ਵੱਡੇ ਹੜ੍ਹ ਦੇਖੇ ਹਨ - ਪਹਿਲਾਂ 'ਅਠਤਾਲੀ' ਵੇਲੇ-

ਅਸੀਂ ਆਪਣੇ ਨਾਨਕੇ ਹਾਂ - ਟਾਪਰੀਆਂ, ਨਹਿਰ ਸਰਹੰਦ ਵਿਚ ਵੱਡਾ ਪਾੜ ਪੈ ਗਿਆ ਹੈ, ਪਾਣੀ ਪਿੰਡਾਂ ਵਿਚ ਆ ਵੜਿਆ। ਕਿਵੇਂ ਅੰਦਰ ਪੱਟ ਪੱਟ ਕੇ ਡਿਉਢੀਆਂ ਮੂਹਰੇ, ਵਰਾਂਡਿਆਂ ਮੂਹਰੇ ਬੰਨ੍ਹ ਬੰਨ੍ਹੇ -ਮਾਮਾ ਜੀ ਹੋਰਾਂ ਦੀ ਤਾਂ ਜਦ ਪਿਛਲੇ ਖੋਲੇ ਵਾਲੇ ਪਾਸਿਓ ਪਿਛਲੀ ਕੋਠੜੀ ਦੀ ਕੰਧ ਗਿਰ ਗਈ ਤਾਂ ਕਿਵੇਂ ਭਾਪਾ ਜੀ ਨੇ ਬਾਹਰੋਂ ਧੱਮੀ ਲਿਆ ਦਿੱਤੀ ਸ਼ਤੀਰ ਹੇਠਾਂ' - ਹੁਣ ਸਿਰ 'ਤੇ ਚੁੱਕੀ ਆਉਂਦੇ ਹਨ ਭਾਪਾ ਜੀ- ਧੰਮੀ।

"ਦੇਖ ਲਓ ਜੀਵਾ ਸਿਓਂ ਦਾ ਜਵਾਈ 'ਕੱਲਾ ਈ ਚੱਕੀ ਆਉਂਦਾ ਐਡੀ ਧੰਮੀ- ਜਵਾਈ ਕਾਹਦਾ ਪੁੱਤ ਐ ਪੁੱਤ।" ਕੋਲੋਂ ਲੰਘੀ ਜਾਂਦੀ ਮੋਟੀ ਬਚਨੀ ਖੜ੍ਹ ਕੇ ਬਚਨ-ਬਲਾਸ ਕਰਦੀ ਹੈ - ਅਸੀਸ ਦਿੰਦੀ ਹੈ - "ਜਿਉਂਦਾ ਰਹਿ ਪੁੱਤ ਲੰਮੀਆਂ ਉਮਰਾਂ ਹੋਣ, ਸ਼ਾਬਾਸ਼ੇ ਪੁੱਤ, ਸਾਬਸ਼ੇ।"

ਦੂਜੇ ਹੜ੍ਹਾਂ ਵੇਲੇ ਅਸੀਂ ਜਟਾਣੇ ਹਾਂ - ਸਾਡਾ ਘਰ ਪੱਕਾ ਹੈ ਅੱਧਾ - ਗਲੀ ਵਾਲੇ ਪਾਸੇ ਦਾ ਚੁਬਾਰੇ ਸਣੇ ਪਰ ਬਹਾਲ ਸਿੰਘ ਤਾਇਆ ਜੀ ਹੋਰਾਂ ਵੱਲ ਦੀ ਸਾਰੀ ਕੰਧ ਤੇ ਕੋਠਾ ਕੱਚਾ ਹੈ।

ਦੋ ਤਿੰਨ ਦਿਨਾਂ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ - ਦਿਨ ਰਾਤ ਦਾ ਮੀਂਹ-ਝੜੀ ਲੱਗੀ ਹੋਈ ਹੈ - ਪਾਣੀ 'ਕੱਠਾ ਹੋ ਹੋ ਗਲੀਆਂ ਭਰ ਗਈਆਂ ਹਨ - ਗਲੀ ਕੀ ਇਹ ਤਾਂ - ਨਹਿਰ ਬਣੀ ਪਈ ਹੈ - ਹੁਣ ਤਾਂ ਉੱਤੋਂ ਰਾਤ ਵੀ ਉਤਰ ਆਈ ਹੈ। ਹੜ੍ਹ ਦੇ ਡਰੋਂ ਸਾਰਾ ਪਿੰਡ ਜਾਗ ਰਿਹਾ ਹੈ "ਦਰਿਆ ਪੁੱਠਾ ਚਲ ਪਿਆ।" ਰੌਲਾ ਪੈ ਰਿਹਾ ਹੈ।

ਅਸੀਂ ਆਪਣੇ ਚੁਬਾਰੇ ਵਿਚ ਸੁੱਤੇ ਹਾਂ। ਚੁਬਾਰੇ ਦੀ ਪੌੜੀ ਵੀ ਲੱਕੜੀ ਦੇ ਡੰਡਿਆਂ ਵਾਲੀ ਹੈ। ਰਾਤ ਅੱਧੀ ਹੋ ਗਈ ਹੈ। ਪਤਾ ਨਹੀਂ ਭਾਪਾ ਜੀ ਦੇ ਮਨ ਵਿਚ ਕੀ ਆਉਂਦੀ ਹੈ। ਸਾਨੂੰ ਸਾਰੇ ਭੈਣ ਭਰਾਵਾਂ ਨੂੰ ਵਾਰੀ ਵਾਰੀ ਮੋਢੇ 'ਤੇ ਬਿਠਾ ਹੇਠਾਂ ਲਾਹ ਰਹੇ ਹਨ ਕਿ ਗਲੀ ਵਿਚ ਨਹਿਰ ਨੁਮਾ ਪਾਣੀ ਪਾਰ ਕਰ ਫਤਿਹ ਸਿਓਂ ਹੋਰਾਂ ਦੀ ਉੱਚੀ ਬੈਠਕ ਵਿਚ ਛੱਡੀ ਆ ਰਹੇ ਹਨ।

ਬਿਜਲੀ ਚਮਕਦੀ ਹੈ ਤਾਂ ਦੂਰ ਦੂਰ ਤੱਕ ਪਾਣੀ ਓ ਪਾਣੀ ਠਾਠਾਂ ਮਾਰਦਾ ਦਿਖਦਾ ਹੈ। ਬਹੁਤ ਡਰ ਲੱਗ ਰਿਹਾ ਹੈ ਸਾਨੂੰ। ਕਨ੍ਹੇੜੀ ਚੜ੍ਹੇ ਅਸੀਂ ਬੈਠਕ ਵਿਚ ਆ ਜਾਂਦੇ ਹਾਂ- ਭਿੱਜਦੇ ਭਿਜਾਉਂਦੇ।

ਇੱਥੇ ਤਾਂ ਕਾਵਾਂ ਰੌਲੀ ਪਈ ਹੋਈ ਹੈ। ਆਸੇ ਪਾਸੇ ਦੇ ਤੀਵੀਆਂ ਨਿਆਣੇ ਤਾਂ ਪਹਿਲਾਂ ਦੇ ਹੀ ਇੱਥੇ ਪੁੱਜੇ ਹੋਏ ਹਨ - ਆਦਮੀ ਬਾਹਰ ਬਚਾਓ ਕਰਦੇ ਫਿਰਦੇ ਹਨ। "ਪਾਣੀ ਤਾਂ ਚੜ੍ਹੀ ਆਉਂਦਾ ਹੈ ਜੇ ਮੀਂਹ ਨਾ ਰੁਕਿਆ ਤਾਂ ਕੀ ਬਣੁ-" ਜਿਹੜਾ ਅੰਦਰ ਵੜਦਾ ਹੈ ਇਹੋ ਕਹਿ ਰਿਹਾ ਹੈ। ਡਰੇ ਡਰੇ ਸਹਿਮੇ ਹਨ ਸਾਰੇ। ਅਸੀਂ ਨਿਆਣੇ ਵੀ ਬਹੁਤ ਡਰੇ ਬੈਠੇ ਹਾਂ। ਰਾਤ ਵੀ ਲੰਮੀ ਹੋਈ ਜਾ ਰਹੀ ਹੈ, ਮੁੱਕਣ ਵਿਚ ਹੀ ਨਹੀਂ ਆ ਰਹੀ।" ਉਧਰ ਨੀਵੇਂ ਪਾਸੇ ਪਿੰਡ ਦੇ ਖ਼ਬਰੇ ਕੀ ਹੁੰਦਾ ਹੋਊ।" ਜਦ ਕੋਈ ਕਹਿੰਦਾ ਮੈਨੂੰ ਬਿਮਲਾ ਆਪਣੀ ਸਹੇਲੀ ਦਾ ਖਿਆਲ ਆਉਂਦਾ ਹੈ। ਉਹ ਤਾਂ ਉਧਰ ਹੀ ਰਹਿੰਦੇ ਹਨ 'ਟੋਭੇ-ਪੁਰੀਆਂ' ਵਾਲੇ ਪਾਸੇ।

ਐਧਰ ਬੂਆ ਨੂੰ ਵੇਖ ਲਓ -

ਤੇਜੋ ਬੂਆ ਨੂੰ ਖ਼ਬਰਨੀ ਕੀ ਸੁਝਦਾ ਹੈ - ਪਿੰਡ ਤੋਂ ਕਾਫ਼ੀ ਬਾਹਰ ਵਾਰ ਜਾ ਕੇ ਬਾੜਾ ਹੈ - ਸਿਰੇ ਤੋਂ ਸਿਰੇ ਤੱਕ ਪਾਣੀਓ-ਪਾਣੀ - ਤੁਰ ਗਈ ਬਾੜੇ ਨੂੰ ਇਕੱਲੀ - ਲੱਕ ਲੱਕ ਪਾਣੀ, ਕਾਲੀ ਬੋਲੀ ਰਾਤ। ਬਾੜੇ 'ਚੋਂ ਸ਼ਤੀਰ ਲਈ ਆਉਂਦੀ ਹੈ - ਤਰਾ ਤਰਾ ਕੇ। ਪੁੱਛਣ 'ਤੇ ਕਹਿੰਦੀ ਹੈ, "ਨਵਾਂ ਸ਼ਤੀਰ ਹੈ ਹੜ੍ਹ ਜਾਣਾ ਸੀ ਪਾਣੀ ਵਿਚ।"

ਹੱਦ ਹੋਗੀ - ਸਾਰੇ ਹੈਰਾਨ ਹਨ। ਅਸੀਂ ਨਿਆਣੇ ਤਾਂ ਡੈਂਬਰਿਆਂ ਵਾਂਗ ਦੇਖੀਏ ਬੂਆ ਨੂੰ - ਬੂਆ ਦਾ ਨਵਾਂ ਰੂਪ। ਮਿੱਠ-ਬੋਲੀ, ਹਸਮੁਖ ਰੱਜ ਕੇ ਪਿਆਰ ਕਰਨ ਵਾਲੀ ਬੂਆ - ਐਡੀ ਸਿਰੜੀ ਮਿਹਨਤੀ ਤੇ ਨਿਡਰ ਵੀ ਹੋਵੇਗੀ - ਅਸੀਂ ਪਹਿਲੀ ਵਾਰ ਮਹਿਸੂਸ ਕੀਤਾ। ਹੁਣ ਤਾਂ ਬੂਆ ਸਾਨੂੰ ਹੋਰ ਤਰ੍ਹਾਂ ਦੀ ਹੀ ਲੱਗਣ ਲੱਗ ਪਈ ਹੈ - ਪਹਿਲਾਂ ਨਾਲੋਂ ਨਿਰੋਲ ਵੱਖਰੀ - ਇਕ ਜਿਗਰੇ ਵਾਲੀ ਤੀਂਵੀ। ਉਹ ਬੂਆ ਜੀਹਨੂੰ 'ਬੇਵਕੂਫ' ਸ਼ਬਦ ਨਹੀਂ ਕਹਿਣਾ ਆਉਂਦਾ - ਇਹ ਉਹੀ ਬੂਆ ਹੈ... ਉਹੀ ਬੂਆ...

**(ਬਾਕੀ ਅਗਲੇ ਹਫ਼ਤੇ)**

## ਸੁਪਰੀਮ ਕੋਰਟ ਦਾ ਫ਼ਰਮਾਨ, 'ਤਲਾਕ-ਏ-ਬਿੱਦਤ' ਕਬੂਲ ਨਹੀਂ

ਕਰਾਰ ਦਿੱਤਾ। ਫ਼ੈਸਲੇ ਦਾ ਵੱਖ-ਵੱਖ ਸਿਆਸੀ ਹਸਤੀਆਂ ਤੇ ਪਾਰਟੀਆਂ, ਕਾਨੂੰਨੀ ਮਾਹਰਾਂ, ਸਮਾਜਿਕ ਕਾਰਕੁਨਾਂ ਅਤੇ ਪਟੀਸ਼ਨਰਾਂ ਨੇ ਜ਼ੋਰਦਾਰ ਸਵਾਗਤ ਕੀਤਾ ਹੈ। ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਇਸ ਸਬੰਧੀ ਆਪਣੀ ਰਣਨੀਤੀ 10 ਸਤੰਬਰ ਨੂੰ ਉਲੀਕੇਗਾ।

ਇਸ ਤਹਿਤ ਹੁਣ ਕੋਈ ਵੀ ਮੁਸਲਮਾਨ ਆਪਣੀ ਪਤਨੀ ਨੂੰ ਤਿੰਨ ਵਾਰ 'ਤਲਾਕ-ਤਲਾਕ-ਤਲਾਕ' ਆਖ ਕੇ ਫੌਰੀ ਨਿਕਾਹ ਨਹੀਂ ਤੋੜ ਸਕੇਗਾ। ਬਹੁਮਤ ਜੱਜਾਂ ਜਸਟਿਸ ਕੁਰੀਅਨ ਜੋਸਫ, ਜਸਟਿਸ ਆਰ.ਐਫ਼. ਨਾਰੀਮਨ ਅਤੇ ਜਸਟਿਸ ਯੂ.ਯੂ. ਲਲਿਤ ਲਈ 395 ਸਫ਼ਿਆਂ ਦੇ ਤਿੰਨ ਵੱਖ-ਵੱਖ ਫ਼ੈਸਲੇ ਜਸਟਿਸ ਜੋਸਫ ਤੇ ਜਸਟਿਸ ਨਾਰੀਮਨ ਨੇ ਲਿਖੇ। ਬੈਂਚ ਦੀ ਅਗਵਾਈ ਕਰ ਰਹੇ ਚੀਫ਼ ਜਸਟਿਸ ਜੇ.ਐਸ. ਖੇਹਰ ਤੇ ਜਸਟਿਸ ਐਸ.ਏ. ਨਜ਼ੀਰ ਨੇ ਘੱਟ-ਗਿਣਤੀ ਫ਼ੈਸਲਾ ਲਿਖਿਆ, ਜਿਸ ਵਿੱਚ ਕਿਹਾ ਗਿਆ ਹੈ ਕਿ 'ਤੀਹਰਾ ਤਲਾਕ' ਧਾਰਮਿਕ ਰਵਾਇਤ ਦਾ ਹਿੱਸਾ ਹੈ ਅਤੇ ਸਰਕਾਰ ਨੂੰ ਇਸ ਮਾਮਲੇ ਵਿੱਚ ਦਖ਼ਲ ਦਿੰਦਿਆਂ ਕਾਨੂੰਨ ਬਣਾਉਣਾ ਚਾਹੀਦਾ ਹੈ, ਜਿਸ ਨੂੰ ਬਹੁਗਿਣਤੀ ਫ਼ੈਸਲੇ ਨੇ ਨਾਮਨਜ਼ੂਰ ਕਰ ਦਿੱਤਾ। ਬਹੁਮਤ ਫ਼ੈਸਲੇ ਵਿੱਚ ਜਸਟਿਸ ਕੁਰੀਅਨ ਨੇ ਲਿਖਿਆ ਹੈ: "ਮੇਰੇ ਲਈ ਸੀਜੇਆਈ ਨਾਲ ਸਹਿਮਤ ਹੋਣਾ ਬਹੁਤ ਮੁਸ਼ਕਲ ਹੈ ਕਿ ਤੀਹਰੇ ਤਲਾਕ ਦੀ ਪ੍ਰਥਾ ਨੂੰ ਧਾਰਮਿਕ ਭਾਈਚਾਰੇ ਦਾ ਅਨਿੱਖੜਵਾਂ ਅੰਕ ਮੰਨਿਆ ਜਾਵੇ ਅਤੇ ਇਹ ਉਨ੍ਹਾਂ ਦੇ ਪਰਸਨਲ ਲਾਅ ਦਾ ਹਿੱਸਾ ਹੈ।" ਪਾਕਿ ਕੁਰਾਨ ਦੀਆਂ ਆਇਤਾਂ ਦੇ ਹਵਾਲੇ ਨਾਲ ਜਸਟਿਸ ਜੋਸਫ ਨੇ ਕਿਹਾ, "ਤਲਾਕ ਦੇ ਮਾਮਲੇ ਵਿੱਚ ਪੂਰੀ ਸਪਸ਼ਟਤਾ ਹੈ, ਕੋਈ ਦੋਚਿੱਤੀ ਨਹੀਂ। ਪਾਕਿ ਕੁਰਾਨ ਨੇ ਵਿਆਹ ਨੂੰ ਪਵਿੱਤਰਤਾ ਤੇ ਸਥਾਈਪਣ ਬਖ਼ਸ਼ਿਆ ਹੈ। ਪਰ ਬਹੁਤ ਹੀ ਨਾ ਬਚਣਯੋਗ ਹਾਲਾਤ ਵਿੱਚ ਤਲਾਕ ਦੀ ਇਜਾਜ਼ਤ ਹੈ।" ਉਨ੍ਹਾਂ ਇਸ ਸਬੰਧੀ ਇਸਲਾਮੀ ਕਾਨੂੰਨ ਦੇ ਚਾਰ ਸਰੋਤਾਂ-ਕੁਰਾਨ, ਹਦੀਸ, ਇਜ਼ਮਾ ਤੇ ਕਿਯਾਸ ਦਾ ਹਵਾਲਾ ਦਿੱਤਾ ਹੈ। ਦੂਜੇ ਪਾਸੇ ਘੱਟਗਿਣਤੀ ਫ਼ੈਸਲੇ ਵਿੱਚ ਕਿਹਾ ਗਿਆ ਹੈ ਕਿ ਤੀਹਰਾ ਤਲਾਕ ਇਸਲਾਮੀ ਮਜ਼ਹਬ ਤੇ ਅਕੀਦੇ ਦਾ ਅਨਿੱਖੜਵਾਂ ਅੰਗ ਹੈ ਤੇ ਇਸ ਨੂੰ ਗ਼ੈਰਸੰਵਿਧਾਨਿਕ ਨਹੀਂ ਐਲਾਨਿਆ ਜਾ ਸਕਦਾ। ਇਸ 'ਲਿੰਗੀ ਵਿਤਕਰੇ' ਵਾਲੀ ਰਵਾਇਤ ਨੂੰ ਕਾਨੂੰਨ ਬਣਾ ਕੇ ਖ਼ਤਮ ਕੀਤਾ ਜਾ ਸਕਦਾ ਹੈ।

ਇਸ ਦੌਰਾਨ ਤੀਹਰੇ ਤਲਾਕ ਦੀ ਹਮਾਇਤ ਕਰਦੇ ਆ ਰਹੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਕਿਹਾ ਹੈ ਕਿ ਉਹ ਇਸ ਸਬੰਧੀ ਆਪਣੀ ਭਵਿੱਖੀ ਰਣਨੀਤੀ ਤੈਅ ਕਰਨ ਲਈ 10 ਸਤੰਬਰ ਨੂੰ ਭੋਪਾਲ ਵਿੱਚ ਮੀਟਿੰਗ ਸੱਦ ਲਈ ਹੈ। ਬੋਰਡ ਦੀ ਵਰਕਿੰਗ ਕਮੇਟੀ ਦੇ ਮੈਂਬਰ ਜ਼ਫ਼ਰਯਾਬ ਜਿਲਾਨੀ ਨੇ ਕਿਹਾ ਕਿ ਮੀਟਿੰਗ ਸੱਦਣ ਦਾ ਫ਼ੈਸਲਾ ਬੀਤੇ ਦਿਨ ਲੈ ਲਿਆ ਗਿਆ ਸੀ ਤੇ ਏਜੰਡਾ ਤੈਅ ਕਰ ਦਿੱਤਾ ਗਿਆ ਸੀ।

ਫ਼ੈਸਲੇ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਵੱਖ-ਵੱਖ ਧਿਰਾਂ ਨੇ ਸਵਾਗਤ ਕੀਤਾ ਹੈ।

ਇਸ ਮਾਮਲੇ 'ਤੇ ਸੁਪਰੀਮ ਕੋਰਟ ਦਾ ਬੂਹਾ ਖੜਕਾਉਣ ਵਾਲੀਆਂ ਔਰਤਾਂ ਨੇ ਫ਼ੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਇਸ ਉਤੇ ਭਾਰੀ ਖ਼ੁਸ਼ੀ ਜ਼ਾਹਰ ਕੀਤੀ ਹੈ। ਪਟੀਸ਼ਨਰਾਂ ਸਾਇਰਾ ਬਾਨੋ, ਆਫ਼ਰੀਨ ਰਹਿਮਾਨ, ਅਤਿਆ ਸਾਬਰੀ, ਗੁਲਸ਼ਨ ਪਰਵੀਨ ਤੇ ਇਸ਼ਰਤ ਜਹਾਂ ਤੇ ਆਲ ਇੰਡੀਆ ਮੁਸਲਿਮ ਵਿਮੈਨ ਪਰਸਨਲ ਲਾਅ ਬੋਰਡ ਨੇ ਫ਼ੈਸਲੇ ਨੂੰ 'ਵੱਡੀ ਜਿੱਤ' ਤੇ 'ਭਾਰੀ ਰਾਹਤ' ਕਰਾਰ ਦਿੱਤਾ ਹੈ। ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਇਸ ਮਾਮਲੇ ਉਤੇ ਨਵਾਂ ਕਾਨੂੰਨ ਬਣਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ, "ਸਰਕਾਰ ਇਸ ਮਾਮਲੇ ਨੂੰ ਢਾਂਚਾਗਤ ਆਧਾਰ ਉਤੇ ਵਿਚਾਰੇਗੀ।" ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਫ਼ੈਸਲੇ ਦਾ ਸਵਾਗਤ ਕਰਦਿਆਂ ਇਸ ਲਈ ਮੁਸਲਿਮ ਔਰਤਾਂ ਨੂੰ ਮੁਬਾਰਕਬਾਦ ਦਿੱਤੀ। ਨਾਮੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਵੀ ਤੀਹਰੇ ਤਲਾਕ 'ਤੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ, "ਅਸੀਂ ਫ਼ੌਰੀ ਤਲਾਕ ਦੇਣ ਵਾਲੀ ਤੀਹਰੇ ਤਲਾਕ ਦੀ ਪ੍ਰਥਾ ਸਬੰਧੀ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਾਂ। ਇਹ ਉਨ੍ਹਾਂ ਦਲੇਰ ਮੁਸਲਮਾਨ ਔਰਤਾਂ ਦੀ ਜਿੱਤ ਹੈ, ਜੋ ਸਾਲਾਂ ਤੋਂ ਇਸ ਖ਼ਿਲਾਫ਼ ਲੜਾਈ ਲੜ ਰਹੀਆਂ ਸਨ।"

ਦਿੱਲੀ ਦੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਸਈਦ ਅਹਿਮਦ ਸ਼ਾਹ ਬੁਖ਼ਾਰੀ ਨੇ ਇਸ ਮਾਮਲੇ ਉਤੇ ਪਰਸਨਲ ਲਾਅ ਬੋਰਡ ਨੂੰ ਦੋਸ਼ੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬੋਰਡ ਨੇ ਇਸ ਢੰਗ ਨਾਲ ਕੰਮ ਕਰਨਾ ਚਾਹੀਦਾ ਸੀ ਕਿ ਮਾਮਲਾ ਅਦਾਲਤ ਵਿੱਚ ਨਾ ਜਾਂਦਾ।

## ਚੰਡੀਗੜ੍ਹ ਦੇ ਗੁਰਪ੍ਰੀਤ ਸਿੰਘ ਸੰਧੂ ਭਾਰਤ ਦੇ ਸਭ ਤੋਂ ਮਹਿੰਗੇ ਫੁੱਟਬਾਲਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਚੰਡੀਗੜ੍ਹ ਦੇ ਸਟਾਰ ਫੁੱਟਬਾਲਰ ਗੁਰਪ੍ਰੀਤ ਸਿੰਘ ਸੰਧੂ ਭਾਰਤ ਦੇ ਸਭ ਤੋਂ ਮਹਿੰਗੇ ਫੁੱਟਬਾਲਰ ਹੋ ਗਏ ਹਨ। ਇੰਡੀਅਨ ਸੁਪਰ ਲੀਗ ਸੀਜ਼ਨ 4 ਲਈ ਬੰਗਲੌਰ ਐਫਸੀ ਨੇ ਸੰਧੂ ਨੂੰ 2 ਕਰੋੜ ਰੁਪਏ ਵਿਚ ਖ਼ਰੀਦਿਆ ਹੈ। ਉਨ੍ਹਾਂ ਤੋਂ ਬਾਅਦ ਭਾਰਤੀ ਕਪਤਾਨ ਸੁਨੀਲ ਛੇਤਰੀ ਦਾ ਨਾਂ ਹੈ, ਜੋ 1.5 ਕਰੋੜ ਵਿਚ ਟੀਮ ਨਾਲ ਜੁੜੇ ਹਨ। ਗੋਲਕੀਪਰ ਦੀ ਭੂਮਿਕਾ ਨਿਭਾਉਣ ਵਾਲੇ ਗੁਰਪ੍ਰੀਤ ਇਸ ਤੋਂ ਪਹਿਲਾਂ ਨਾਰਵੇ ਦੇ ਕਲੱਬ ਸਟੇਬੈਕ ਐਫਸੀ ਨਾਲ ਵੀ ਜੁੜੇ ਰਹੇ ਹਨ। ਹਾਲ ਵਿਚ ਇਸ ਕਲੱਬ ਨਾਲ ਉਨ੍ਹਾਂ ਦਾ 3 ਸਾਲ ਦਾ ਕੰਟਰੈਕਟ ਸਮਾਪਤ ਹੋ ਗਿਆ ਹੈ। ਉਹ ਪਹਿਲੇ ਭਾਰਤੀ ਹਨ ਜੋ ਯੂਰਪੀਅਨ ਕਲੱਬ ਲਈ ਖੇਡ ਚੁੱਕੇ ਹਨ। 24 ਸਾਲਾ ਗੁਰਪ੍ਰੀਤ ਸੰਧੂ ਨੇ 3 ਜਮਾਤ ਤੋਂ ਫੁੱਟਬਾਲ ਖੇਡਣੀ ਸ਼ੁਰੂ ਕੀਤੀ ਸੀ।

ਸਕੂਲ ਵਿਚ ਉਨ੍ਹਾਂ ਦੇ ਕੋਚ ਸੁਰਿੰਦਰ ਸਿੰਘ ਸਨ ਜੋ ਕਿ ਹੁਣ ਵੀ ਨੌਜਵਾਨ ਖਿਡਾਰੀਆਂ ਨੂੰ ਤਰਾਸ਼ਨ ਵਿਚ ਲੱਗੇ ਹੋਏ ਹਨ। ਆਪਣੇ ਟਰੇਨੀ ਦੇ ਬੰਗਲੌਰ ਐਫਸੀ ਨਾਲ ਜੁੜਨ 'ਤੇ ਸੁਰਿੰਦਰ ਸਿੰਘ ਨੇ ਕਿਹਾ ਕਿ ਉਹ ਸ਼ੁਰੂ ਤੋਂ ਹੀ ਪ੍ਰਤਿਭਾਸ਼ਾਲੀ ਤੇ ਸਿੱਖਣ ਵਿਚ ਕਾਫ਼ੀ ਰੁਚੀ ਰੱਖਦਾ ਸੀ। ਜਦੋਂ ਉਹ 10ਵੀਂ ਜਮਾਤ ਵਿਚ ਸੀ, ਅੰਡਰ-16 ਭਾਰਤੀ ਟੀਮ ਲਈ ਚੁਣਿਆ ਗਿਆ। ਇਸ ਤੋਂ ਬਾਅਦ ਉਸ ਨੇ ਕਦੇ ਪਿਛੇ ਮੁੜ ਕੇ ਨਹੀਂ ਦੇਖਿਆ। ਉਹ ਭਾਰਤੀ ਅੰਡਰ 18,19,21 ਟੀਮ ਤੋਂ ਬਾਅਦ ਏਸ਼ੀਅਨ ਗੇਮਜ਼ ਵਿਚ ਭਾਰਤੀ ਟੀਮ ਦੀ ਕਪਤਾਨੀ ਕਰ ਚੁੱਕਾ ਹੈ।

ਉਤਸ਼ਾਹਤ ਗੁਰਪ੍ਰੀਤ ਸਿੰਘ ਸੰਧੂ ਨੇ ਕਿਹਾ ਕਿ ਭਾਰਤ ਵਾਪਸ ਆਉਣ ਮਗਰੋਂ ਬੰਗਲੌਰ ਕਲੱਬ ਨਾਲ ਜੁੜਨ 'ਤੇ ਕਾਫ਼ੀ ਖ਼ੁਸ਼ੀ ਹੋ ਰਹੀ ਹੈ। ਯੂਰਪ ਵਿਚ ਖੇਡਣ ਦਾ ਅਨੁਭਵ ਸ਼ਾਨਦਾਰ ਰਿਹਾ। ਇਸ ਨਾਲ ਉਹ ਇੰਡੀਅਨ ਸੁਪਰ ਲੀਗ ਸੀਜ਼ਨ 4 ਵਿਚ ਆਪਣੇ ਖਿਡਾਰੀਆਂ ਨਾਲ ਕਲੱਬ ਨੂੰ ਬੁਲੰਦੀਆਂ 'ਤੇ ਪਹੁੰਚਾਉਣਾ ਚਾਹੁੰਦਾ ਹੈ।

## ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਹੋਵੇਗਾ ਫਰਿਜ਼ਨੋ ਪਾਰਕ ਦਾ ਨਾਮ

ਦੇ ਸਨਮਾਨ ਵਜੋਂ ਸਿਟੀ ਪਾਰਕ ਦਾ ਨਾਂ ਉਨ੍ਹਾਂ ਦੇ ਨਾਂ 'ਤੇ ਰੱਖਿਆ ਜਾਵੇਗਾ। ਸੰਨ 1952 ਵਿਚ ਜਨਮੇ ਅਤੇ ਬਰਤਾਨਵੀ ਬਸਤੀਵਾਦ ਤੇ ਕੈਨੇਡਾ ਦੇ ਖ਼ੁਦ ਨੂੰ ਸਰਵੋਤਮ ਮੰਨਦੇ ਗੋਰਿਆਂ ਖ਼ਿਲਾਫ਼ ਜੰਗ ਲੜਨ ਵਾਲੇ ਉੱਘੇ ਸੁਤੰਤਰਤਾ ਸੈਨਾਨੀ ਹਰਨਾਮ ਸਿੰਘ ਦੇ ਪੋਤੇ ਜਸਵੰਤ ਸਿੰਘ ਹਮੇਸ਼ਾਂ ਨਿਆਂ ਦੀ ਲੜਾਈ ਲੜਣ ਵਾਲੇ ਕਾਫ਼ਲੇ 'ਚ ਸਰਗਰਮ ਰਹੇ। ਆਪਣੇ ਕਾਲਜ ਦੇ ਦਿਨਾਂ ਦੌਰਾਨ ਉਹ ਵਿਦਿਆਰਥੀ ਜਥੇਬੰਦੀ ਦੇ ਕਾਰਕੁਨ ਸਨ ਅਤੇ ਉਹ ਹਮੇਸ਼ਾ ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੇ ਹੱਕ-ਸੱਚ ਦੀ ਲੜਾਈ ਲੜਦੇ ਰਹੇ। ਜਦੋਂ ਉਹ 30 ਵਰ੍ਹਿਆਂ ਦੇ ਸਨ ਤਾਂ ਉਹ ਪੰਜਾਬ ਵਿਚ ਬੈਂਕ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਸਨ ਤੇ ਉਨ੍ਹਾਂ ਦਾ ਵਿਆਹ ਪਰਮਜੀਤ ਕੌਰ ਨਾਲ ਹੋਇਆ, ਜਿਨ੍ਹਾਂ ਤੋਂ ਉਨ੍ਹਾਂ ਦੇ ਦੋ ਬੱਚੇ ਸਨ-ਇਕ ਲੜਕਾ ਜਨਮੀਤ ਤੇ ਧੀ ਨਵਕਿਰਨ। ਪਤਨੀਪਰਮਜੀਤ ਕੌਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 'ਚ ਲਾਇਬਰੇਰੀ ਵਿੱਚ ਲੱਗੇ ਹੋਣ ਕਾਰਨ ਖਾਲੜਾ ਪਰਿਵਾਰ ਦੀ ਜ਼ਿੰਦਗੀ ਵਧੀਆ ਗੁਜ਼ਰ ਰਹੀ ਸੀ ਪਰ ਆਪਣੇ ਆਲੇ ਦੁਆਲੇ ਵਾਪਰਦੀਆਂ ਅਨਿਆਂ ਦੀ ਘਟਨਾਵਾਂ ਉਨ੍ਹਾਂ ਨੂੰ ਬੇਚੈਨ ਕਰਦੀਆਂ ਸਨ।

1980 ਤੇ 1990 ਦੇ ਦਹਾਕੇ ਦੌਰਾਨ ਪੰਜਾਬ ਵਿਚ ਸਰਕਾਰ ਵਲੋਂ ਗੰਦੀ ਖ਼ੂਨੀ ਖੇਡ' ਖੇਡੀ ਜਾ ਰਹੀ ਸੀ। ਭਾਰਤੀ ਸਰਕਾਰ ਨੇ ਸਿੱਖਾਂ ਖ਼ਿਲਾਫ਼ ਆਪਣੀ ਪੂਰੀ ਫ਼ੌਜੀ ਤਾਕਤ-ਭਾਰਤੀ ਫ਼ੌਜ, ਬੀ.ਐਸ.ਐਫ., ਸੀ.ਆਰ.ਪੀ.ਐਫ., ਅਤੇ ਪੰਜਾਬ ਪੁਲੀਸ ਨੂੰ ਤਾਣ ਦਿੱਤਾ। ਇਸ ਜੰਗ ਦੌਰਾਨ ਹਜ਼ਾਰਾਂ ਨੌਜਵਾਨ ਲਾਪਤਾ' ਹੋ ਗਏ, ਜੋ ਨਿਆਂਇਕ ਹਿਰਾਸਤਾਂ ਤੋਂ ਵੀ ਭਿਆਨਕ ਸੀ। ਪੁਲੀਸ ਵਲੋਂ ਸਿੱਖ ਨੌਜਵਾਨਾਂ ਨੂੰ ਉਨ੍ਹਾਂ ਦੇ ਘਰਾਂ ਵਿਚੋਂ ਚੁੱਕ ਲਿਆ ਗਿਆ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਕਿ ਜਾਂ ਤਾਂ ਉਹ ਉਨ੍ਹਾਂ ਦੀਆਂ ਜੇਬਾਂ ਭਰਨ ਜਾਂ ਉਨ੍ਹਾਂ ਦੇ ਮੁੰਡਿਆਂ ਦਾ ਕਤਲ ਕਰ ਦਿੱਤਾ ਜਾਵੇਗਾ। ਇਸ ਹਿੰਸਾ ਤੋਂ ਬਚ ਕੇ ਕਈ ਨੌਜਵਾਨ ਅਮਰੀਕਾ, ਕੈਨੇਡਾ, ਯੂਰਪ, ਆਸਟਰੇਲੀਆ ਤੇ ਲੰਡਨ ਪੁੱਜੇ।

ਜਸਵੰਤ ਸਿੰਘ ਆਪਣੇ ਸਾਥੀ ਤੇ ਉਸ ਦੇ ਪਰਿਵਾਰ ਦੇ ਆਪਣੀਆਂ ਅੱਖਾਂ ਸਾਹਮਣੇ ਲਾਪਤਾ' ਹੋਣ ਦਾ ਗਵਾਹ ਸੀ। ਇਸ ਹਨੇਰਗਰਦੀ ਵੇਲੇ ਉਹ ਚੁੱਪ ਕਿਵੇਂ ਬੈਠ ਸਕਦੇ ਸਨ, ਸੋ ਉਨ੍ਹਾਂ ਨੇ ਪੀੜਤ ਲੋਕਾਂ ਲਈ ਸੰਘਰਸ਼ ਸ਼ੁਰੂ ਕੀਤਾ, ਜਿਸ ਕਾਰਨ ਉਨ੍ਹਾਂ ਦੀ ਜਾਨ ਚਲੀ ਗਈ। ਉਨ੍ਹਾਂ ਨੇ ਹੌਲੀ ਹੌਲੀ ਲਾਪਤਾ' ਨੌਜਵਾਨਾਂ ਦੇ ਪਰਿਵਾਰਾਂ ਨਾਲ ਰਾਬਤਾ ਬਣਾਇਆ ਅਤੇ ਭਾਰਤ ਸਰਕਾਰ ਵਲੋਂ ਹਿਰਾਸਤ ਤੋਂ ਬਾਹਰ ਜਾ ਕੇ ਕੀਤੇ ਜਾ ਰਹੇ ਕਤਲਾਂ ਦਾ ਖੁਰਾ-ਖੋਜ ਲੱਭਣ ਲਈ ਸਬੂਤ ਇਕੱਠੇ ਕਰਨੇ ਸ਼ੁਰੂ ਕੀਤੇ। ਉਨ੍ਹਾਂ ਨੇ ਦੇਖਿਆ ਕਿ ਮਿਊਂਸਪਲ ਸ਼ਮਸ਼ਾਨ ਘਾਟਾਂ ਵਿਚ ਸੁਰੱਖਿਆ ਬਲਾਂ ਵਲੋਂ ਹਜ਼ਾਰਾਂ ਹੀ ਲਾਸ਼ਾਂ ਨੂੰ ਅਣਪਛਾਤੀਆਂ' ਕਹਿ ਕੇ ਸਾੜਿਆ ਜਾ ਰਿਹਾ ਸੀ। ਜਸਵੰਤ ਸਿੰਘ ਨੇ ਮਹਿਜ਼ 3 ਸ਼ਮਸ਼ਾਨ ਘਾਟਾਂ ਵਿਚ ਪੰਜਾਬ ਪੁਲੀਸ ਵਲੋਂ ਮਾਰੇ ਗਏ ਨੌਜਵਾਨਾਂ ਵਿਚੋਂ 2097 ਜਣਿਆਂ ਦੀ ਪਛਾਣ ਕਰ ਲਈ। ਉਨ੍ਹਾਂ ਨੇ ਇਸ ਨੂੰ ਜਨਤਕ ਲਿਆਉਣਾ ਸ਼ੁਰੂ ਕਰ ਦਿੱਤਾ।

ਉਹ ਦੁਨੀਆ ਭਰ ਵਿਚ ਇਹ ਦਾਸਤਾਨ ਸੁਣਾਉਣ ਲਈ ਘੁੰਮੇ ਕਿ ਦੇਖੋ, ਪੰਜਾਬ ਵਿਚ ਕੀ ਵਾਪਰ ਰਿਹਾ ਹੈ। ਉਨ੍ਹਾਂ ਨੇ ਇਹ ਸਬੂਤ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ, ਸੰਯੁਕਤ ਰਾਸ਼ਟਰ, ਐਮਨੈਸਟੀ ਇੰਟਰਨੈਸ਼ਨਲ ਅਤੇ ਕੈਨੇਡੀਅਨ ਸਰਕਾਰ ਅੱਗੇ ਰੱਖੇ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਇਹ ਪ੍ਰੇਰਣਾ ਆਪਣੇ ਸਿੱਖ ਗੁਰੂਆਂ ਵਲੋਂ ਦਿਖਾਏ ਮਾਰਗ ਤੋਂ ਮਿਲੀ ਹੈ ਤੇ ਉਨ੍ਹਾਂ ਦੀ ਇੱਛਾ ਸੀ ਕਿ ਇਸ ਅਨਿਆਂ ਖ਼ਿਲਾਫ਼ ਉਹ ਮੋਮਬੱਤੀ ਮਾਰਚ ਕਰਨ। ਜਦੋਂ ਉਹ ਵਿਦੇਸ਼ ਦੌਰੇ ਬਾਅਦ 1995 ਵਿਚ ਪੰਜਾਬ ਪਰਤੇ, ਪੰਜਾਬ ਪੁਲੀਸ ਨੇ ਉਨ੍ਹਾਂ ਨੂੰ ਸਿੱਧੀ ਧਮਕੀ ਦਿੱਤੀ-"ਜੇਕਰ 25000 ਨੂੰ ਲਾਪਤਾ' ਕੀਤਾ ਜਾ ਸਕਦਾ ਹੈ ਤਾਂ ਉਹ ਇਕ ਹੋਰ ਨੂੰ ਵੀ ਕਰ ਸਕਦੇ ਹਨ।" ਸਰੀਰਕ ਹਮਲਿਆਂ ਦੀਆਂ ਧਮਕੀਆਂ ਤੋਂ ਬਾਅਦ ਕਈ ਇਸ ਕੰਮ ਤੋਂ ਪਿਛੇ ਹਟ ਗਏ ਪਰ ਜਸਵੰਤ ਸਿੰਘ ਖਾਲੜਾ ਨੇ ਇਸ ਜਬਰ ਵਿਰੁੱਧ ਆਪਣੀ ਜੰਗ ਜਾਰੀ ਰੱਖੀ। ਉਹ ਅਕਸਰ ਕਿਹਾ ਕਰਦੇ ਸਨ ਕਿ ਮੈਂ ਕਿਵੇਂ ਮੂੰਹ ਮੋੜ ਸਕਦਾ ਹਾਂ ਜਦੋਂ ਉਨ੍ਹਾਂ ਦੁਖਿਆਰੀਆਂ ਮਾਵਾਂ ਵੱਲ ਦੇਖਦੇ ਹਾਂ, ਜੋ ਉਹ ਵੀ ਨਹੀਂ ਜਾਣਦੀਆਂ ਕਿ ਉਨ੍ਹਾਂ ਦੇ ਪੁੱਤਾਂ ਨਾਲ ਕੀ ਭਾਣਾ ਵਾਪਰ ਗਿਆ।

ਜਸਵੰਤ ਸਿੰਘ ਖਾਲੜਾ ਦੇ ਮਨ ਅੰਦਰ ਮਨੁੱਖਤਾ ਲਈ ਤੜਪ ਉਵੇਂ ਹੀ ਸੀ ਜਿਵੇਂ ਭਾਰਤ ਵਿਚ ਕਸ਼ਮੀਰੀ ਜਲੀਲ ਅੰਦਰਾਬੀ, ਤੁਰਕੀ 'ਚ ਆਰਮੇਨੀਅਨ ਹਰਾਂਤ ਡਿੰਕ ਤੇ ਦੱਖਣੀ ਅਫ਼ਰੀਕਾ ਵਿਚ ਸਟੀਵਨ ਬੀਕੋ ਦੀ ਸੀ। 6 ਸਤੰਬਰ 1995 ਨੂੰ ਜਸਵੰਤ ਸਿੰਘ ਖਾਲੜਾ ਨੂੰ ਪੰਜਾਬ ਪੁਲੀਸ ਨੇ ਅੰਮ੍ਰਿਤਸਰ ਦੇ ਰਿਹਾਇਸ਼ੀ ਇਲਾਕੇ ਵਿਚੋਂ ਉਸ ਵੇਲੇ ਚੁੱਕ ਲਿਆ ਜਦੋਂ ਉਹ ਆਪਣੇ ਘਰ ਦੇ ਬਾਹਰ ਕਾਰ ਧੋ ਰਹੇ ਸਨ। ਪੁਲੀਸ ਨੂੰ ਇਹ ਹੁਕਮ ਸਿੱਧਾ ਡੀ.ਜੀ.ਪੀ. ਕੇ.ਪੀ.ਐਸ. ਗਿੱਲ ਵਲੋਂ ਆਇਆ ਸੀ। ਕਈ ਦਿਨ ਉਨ੍ਹਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਤੇ ਅਖ਼ੀਰ ਉਨ੍ਹਾਂ ਦਾ ਕਤਲ ਕਰ ਦਿੱਤਾ। ਉਨ੍ਹਾਂ ਦੀ ਮ੍ਰਿਤਕ ਦੇਹ ਤੱਕ ਉਨ੍ਹਾਂ ਦੇ ਪਰਿਵਾਰ ਨੂੰ ਨਹੀਂ ਦਿੱਤੀ।

ਨਵਕਿਰਨ ਦੇ ਸਹਿਪਾਠੀ ਇਹ ਨਹੀਂ ਜਾਣਦੇ ਕਿ ਉਸ ਨੇ ਆਪਣੀ ਮਾਂ ਤੇ ਭਰਾ ਨਾਲ ਮਿਲ ਕੇ ਆਪਣੇ ਪਿਤਾ ਦੇ ਸੰਘਰਸ਼ ਨੂੰ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ' ਦੇ ਨਾਂ ਹੇਠ ਜਾਰੀ ਰੱਖਿਆ। ਹਫ਼ਤੇ ਦੇ ਅਖ਼ੀਰ ਤੇ ਕਲਾਸਾਂ ਵਿਚਲੇ ਸਮੇਂ ਦੌਰਾਨ ਲਾਪਤਾ' ਸਿੱਖ ਨੌਜਵਾਨਾਂ ਦੀ ਦਾਸਤਾਨ ਬਾਰੇ ਨਵੀਂ ਪੀੜ੍ਹੀ ਨੂੰ ਦੱਸਿਆ ਜਾ ਰਿਹਾ ਹੈ। ਇਥੋਂ ਤਕ ਕਿ ਕੇ.ਪੀ.ਐਸ. ਗਿੱਲ ਦੀ ਮੌਤ ਤੋਂ ਬਾਅਦ ਉਸ ਦੇ ਭਾਣਜੇ ਹਰਤੇਸ਼ ਬਲ ਵਾਂਗ ਪੰਜਾਬ ਦੇ ਪੱਤਰਕਾਰਾਂ ਨੇ ਗਿੱਲ ਦੇ ਅਤਿਆਚਾਰਾਂ 'ਤੇ ਪਰਦਾ ਪਾਉਣ ਦੀਆਂ ਚਾਲਾਂ ਚੱਲੀਆਂ ਅਤੇ ਜਸਵੰਤ ਸਿੰਘ ਖਾਲੜਾ, ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਇਨਸਾਫ਼ ਵਰਗੀਆਂ ਜਥੇਬੰਦੀਆਂ ਦੇ ਨਾਂ ਦਾ ਜ਼ਿਕਰ ਕਰਨ ਤੋਂ ਪਾਸਾ ਵੱਟਿਆ, ਜਕਾਰਾ ਮੂਵਮੈਂਟ ਭਾਰਤ ਸਰਕਾਰ ਨੂੰ ਇਹ ਦੁਖਾਂਤ ਕਦੇ ਵਿਸਾਰਨ ਨਹੀਂ ਦੇਵੇਗੀ।

ਨਵਕਿਰਨ ਕੌਰ ਖਾਲੜਾ ਇਸ ਖ਼ਾਸ ਮੌਕੇ 'ਤੇ ਵੀਰਵਾਰ 31 ਅਗਸਤ 2017 ਨੂੰ ਫਰਿਜ਼ਨੋ ਵਾਪਸ ਆਏਗੀ। ਹੁਣ ਫਰਿਜ਼ਨੋ ਸ਼ਹਿਰ ਇਹ ਯਕੀਨੀ ਬਣਾਏਗਾ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ ਨੂੰ ਹਮੇਸ਼ਾ ਲਈ ਯਾਦ ਰੱਖਿਆ ਜਾਵੇ। ਜਕਾਰਾ ਮੂਵਮੈਂਟ ਦੇ ਕਾਰਕੁਨਾਂ ਦੀ ਅਗਵਾਈ ਹੇਠ ਫਰਿਜ਼ਨੋ ਦਾ ਸਿੱਖ ਭਾਈਚਾਰਾ ਫਰਿਜ਼ਨੋ ਸਿਟੀ ਕੌਂਸਲ ਅਧਿਕਾਰੀਆਂ, ਖ਼ਾਸ ਤੌਰ 'ਤੇ ਓਲੀਵਰ ਬੇਨੀਸ ਨਾਲ ਮਿਲ ਕੇ ਵਿਕਟੋਰੀਆ ਪਾਰਕ (ਕਲਿੰਟਨ ਤੇ ਬਰਾਵਲੇ ਸਟਰੀਟ ਸਥਿਤ) ਦਾ ਨਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਿਆ ਜਾਵੇਗਾ। ਲਿਵਿੰਗਸਟੋਨ ਤੇ ਐਲਕ ਗਰੋਵ ਵਰਗੇ ਸ਼ਹਿਰਾਂ ਵਿਚ ਜਿਸ ਤਰ੍ਹਾਂ ਪਾਰਕਾਂ ਦੇ ਨਾਂ ਸਿੰਘ ਪਾਰਕ' ਹਨ, ਉਸੇ ਤਰ੍ਹਾਂ ਇਹ ਪਹਿਲੀ ਵਾਰ ਹੋਵੇਗਾ ਕਿ ਕਿਸੇ ਪਾਰਕ ਦਾ ਨਾਂ ਸਿੱਖ ਭਾਈਚਾਰੇ ਦੇ ਆਗੂ ਦੇ ਸਨਮਾਨ ਵਜੋਂ ਉਸ ਦੇ ਨਾਂ 'ਤੇ ਰੱਖਿਆ ਜਾਵੇਗਾ।

ਇਸ ਇਤਿਹਾਸਕ ਮੌਕੇ ਸਮੁੱਚੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਨਵਕਿਰਨ ਕੌਰ ਖਾਲੜਾ ਅਤੇ ਜਕਾਰਾ ਮੂਵਮੈਂਟ ਦੀ ਇਸ ਕੋਸ਼ਿਸ਼ ਵਿਚ ਸ਼ਾਮਲ ਹੋਣ। ਸਾਰਿਆਂ ਨੂੰ ਫਰਿਜ਼ਨੋ ਸਿਟੀ ਹਾਲ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ।

ਇਸ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਸਿਮਰਨਜੀਤ ਸਿੰਘ ਨਾਲ ਫੋਨ ਨੰਬਰ 559-779-4916 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 413ਵੇਂ ਪ੍ਰਕਾਸ਼ ਪੁਰਬ ਮੌਕੇ ਸੰਗਤ ਵਲੋਂ ਅਕੀਦਤ ਪੇਸ਼

ਦੀ ਪ੍ਰੰਪਰਾ ਸਬੰਧੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੱਲੋਂ 1604 ਈਸਵੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉਪਰੰਤ ਬਾਬਾ ਬੁੱਢਾ ਜੀ ਅਤੇ ਸਿੱਖ ਸੰਗਤਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਸ ਅਸਥਾਨ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰਨ ਲਈ ਲਿਜਾਇਆ ਗਿਆ ਸੀ। ਇਸੇ ਪ੍ਰੰਪਰਾ ਤਹਿਤ ਹਰ ਸਾਲ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਸਾਡੇ ਜੀਵਨ ਲਈ ਚਾਨਣ ਮੁਨਾਰਾ ਤੇ ਕ੍ਰਾਂਤੀਕਾਰੀ ਫਲਸਫਾ ਹੈ, ਜਿਸ ਨੂੰ ਅਪਣਾ ਜੀਵਨ ਰੁਸ਼ਨਾਇਆ ਜਾ ਸਕਦਾ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੰਗਤਾਂ ਨੂੰ ਇਸ ਪਾਵਨ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰ ਕੇ ਹਨੇਰੇ ਵਿੱਚ ਭਟਕਦੇ ਮਨੁੱਖਾ ਜੀਵਨ ਦਾ ਮਾਰਗ ਦਰਸ਼ਨ ਕੀਤਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਸੁੰਦਰ ਜਲੌਅ ਸਜਾਏ ਗਏ, ਦੀਪਮਾਲਾ ਅਤੇ ਫੁੱਲਾਂ ਦੀ ਸ਼ਾਨਦਾਰ ਸਜਾਵਟ ਵੀ ਕੀਤੀ ਗਈ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਮਨਮੋਹਕ ਆਤਿਸ਼ਬਾਜ਼ੀ ਚਲਾਈ ਗਈ।

## ਸੁਨੀਲ ਹਾਲੀ ਵਲੋਂ ਠੱਗੀ-ਠੋਰੀ ਦਾ ਸਿਲਸਿਲਾ ਜਾਰੀ

ਨੂੰ 5-7 ਸਾਲ ਹੋ ਗਏ ਹਨ। ਅਸੀਂ ਵੀ ਆਪਣੇ ਕੰਮਾਂ-ਕਾਰਾਂ ਵਿਚ ਰੁੱਝ ਹੋਏ ਸੀ।"

ਹੋਰਨਾਂ ਨੂੰ ਸੁਨੀਲ ਹਾਲੀ ਦੇ ਠੱਗੀ ਝਾਲ 'ਚੋਂ ਬਚਣ ਲਈ ਚੌਕਸ ਕਰਦਿਆਂ ਜਸਜੀਤ ਸਿੰਘ ਨੇ ਕਿਹਾ, " ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਇਸ ਬੰਦੇ ਦਾ ਇਹ ਸਿਲਸਿਲਾ ਰੋਕੀਏ, ਤਾਂ ਜੋ ਹੋਰਾਂ ਨਾਲ ਇਹ ਠੱਗੀ ਨਾ ਕਰ ਸਕੇ। ਅਸੀਂ ਇਸ ਉਪਰ ਇਕ ਹੋਰ ਕੇਸ ਕਰਨ ਨੂੰ ਤਿਆਰ ਹਾਂ ਜਿਸ ਵਿਚ ਇਸ ਦਾ ਠੱਗੀ ਦਾ ਇਕ ਖਾਸ ਟਰੈਂਡ ਦਿਖਾਇਆ ਜਾਵੇ ਕਿ ਇਹ ਅਸਲ ਵਿਚ ਕੀ ਕਰਦਾ ਹੈ ਅਤੇ ਜੇ ਅਸੀਂ ਉਸ ਵਿਚ ਸਫ਼ਲ ਹੋ ਗਏ ਤਾਂ ਕਰੀਮੀਨਲ ਚਾਰਜਸ ਲੁਆ ਸਕਦੇ ਹਾਂ । ਅਸੀਂ ਚਾਹੁੰਦੇ ਹਾਂ ਕਿ ਸੁਨੀਲ ਹਾਲੀ ਨੂੰ ਜੇਲ੍ਹ ਦੀ ਹਵਾ ਖਾਣੀ ਪਵੇ ਤਾਂ ਜੋ ਹੋਰ ਲੋਕ ਬਚ ਸਕਣ।'

ਜਸਜੀਤ ਸਿੰਘ ਦਾ ਸੰਪਰਕ ਨੰਬਰ (510) 875-3279 ਅਤੇ ਈਮੇਲ : jasjeetsingh.usa@gmail.com

## ਗਰਵ ਟੀ.ਵੀ. ਨੈੱਟਵਰਕ ਸ਼ੁਰੂ ਕਰੇਗਾ ਨਵਾਂ ਪੰਜਾਬੀ ਚੈਨਲ

ਕਥਾ ਵਿਚਾਰ, ਕੀਰਤਨ ਅਤੇ ਪੰਜ ਬਾਣੀਆਂ ਦੇ ਪਾਠ ਨਾਲ ਘਰ ਬੈਠੇ ਸਿੱਖ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ।

ਚੈਨਲ ਦੇ ਪ੍ਰਮੋਟਰ ਅਤੇ ਡਾਇਰੈਕਟਰ ਭਾਨੂ ਜੀ ਅਤੇ ਸੁਨੀਲ ਹਾਲੀ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮਕਸਦ ਇੱਕ ਅਜਿਹਾ ਪਲੇਟਫਾਰਮ ਸਥਾਪਿਤ ਕਰਨਾ ਜੋ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੂੰ ਆਪਣੇ ਮੂਲ ਰਾਜ ਨਾਲ ਜੋੜੀ ਰੱਖੇ। ਇਸ ਟੀਵੀ ਚੈਨਲ ਦੇ ਪ੍ਰੋਡਕਸ਼ਨ ਤੇ ਟੈਕਨਿਕਲ ਹੈੱਡ ਟੀਟੂ ਬਦਲੀਆ ਨਿਊਯਾਰਕ ਅਤੇ ਬਿਜ਼ਨਸ ਹੈੱਡ ਜਗਦੇਵ ਸਿੰਘ ਭੰਡਾਲ ਸੈਕਰਾਮੈਂਟੋ ਹੋਣਗੇ। ਨੈੱਟਵਰਕ ਸੀ.ਈ.ਓ. ਵਿਕਾਸ ਵੋਹਰਾ ਦਾ ਕਹਿਣਾ ਹੈ ਕਿ ਗਰਵ ਟੀ.ਵੀ ਨੈੱਟਵਰਕ ਗਰੁੱਪ ਦੇ ਪ੍ਰੋਗਰਾਮ ਪੱਛਮੀ ਸੱਭਿਆਚਾਰ ਦੇ ਦੌਰ 'ਚ ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ ਕਰਨਗੇ।

ਇਸ ਵੇਲੇ ਇਹ ਚੈੱਨਲ ਭਾਰਤ ,ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਵੀ ਆਪਣੀ ਪ੍ਰਸਿੱਧੀ ਖੱਟ ਰਿਹਾ ਹੈ । ਇਹ ਚੈੱਨਲ ਨੂੰ ਅਧਿਕਾਰਤ ਤੌਰ ਤੇ 30 ਅਗਸਤ 2017 ਨੂੰ ਨਿਊਯਾਰਕ ਅਤੇ 31ਅਗਸਤ 2017 ਨੂੰ ਸੈਕਰਾਮੈਂਟੋ ਵਿੱਚ ਲਾਂਚ ਕੀਤਾ ਜਾਵੇਗਾ।

## ਬੈਂਸ ਭਰਾਵਾਂ ਨੂੰ ਝਟਕਾ, ਦੋ ਵਿੰਗਾਂ ਦੇ ਸੂਬਾ ਪ੍ਰਧਾਨਾਂ ਨੇ ਪਾਰਟੀ ਨੂੰ ਅਲਵਿਦਾ ਕਿਹਾ

ਵਿਧਾਨ ਸਭਾ ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਮਨਰਾਜ ਸਿੰਘ ਠੁਕਰਾਲ ਨੇ ਕਿਹਾ ਕਿ ਪਾਰਟੀ ਫ਼ੈਸਲਿਆਂ ਸਬੰਧੀ ਉਨ੍ਹਾਂ ਨੂੰ ਬਾਹਰੋਂ ਪਤਾ ਲੱਗਦਾ ਹੈ ਅਤੇ ਕਿਸੇ ਵੀ ਫ਼ੈਸਲਿਆਂ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਅਜਿਹੇ ਵਿੱਚ ਉਹ ਪਾਰਟੀ ਛੱਡ ਰਹੇ ਹਨ।

ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦਾ ਕਹਿਣਾ ਹੈ ਕਿ ਕਈ ਵਾਰ ਲੋਕਾਂ ਨੂੰ ਸਰਕਾਰ ਦੀ ਚਮਕ-ਦਮਕ ਜ਼ਿਆਦਾ ਖਿੱਚ ਪਾਉਂਦੀ ਹੈ। ਇਸ ਕਾਰਨ ਜੋ ਜਿਸ ਥਾਂ ਜਾਣਾ ਚਾਹੁੰਦਾ ਹੈ, ਉਹ ਉਸਨੂੰ ਰੋਕ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਕਿਸੇ ਨਿੱਜੀ ਵਿਅਕਤੀ ਨਾਲ ਪਾਰਟੀ ਨਹੀਂ ਚੱਲਦੀ, ਪਾਰਟੀ ਹਮੇਸ਼ਾ ਵਰਕਰਾਂ ਨਾਲ ਚੱਲਦੀ ਹੈ। ਵਰਕਰ ਲੋਕ ਇਨਸਾਫ਼ ਪਾਰਟੀ ਦੇ ਨਾਲ ਹਨ।

## ਨੈਨੀ/ਬੇਬੀ ਸਿਟਰ ਦੀ ਜ਼ਰੂਰਤ

ਦੋ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਇੱਕ ਔਰਤ ਦੀ ਜ਼ਰੂਰਤ ਹੈ। ਰਿਹਾਇਸ਼ ਤੇ ਖਾਣਾ ਪੀਣਾ ਮੁਫਤ ਹੋਏਗਾ। ਲੋੜਵੰਦ ਸੱਜਣ ਇਸ ਫੋਨ ਨੰਬਰ ਤੇ ਸੰਪਰਕ ਕਰ ਸਕਦੇ ਹਨ। +1 (630) 849-5258

**Seeking a Nanny/Babysitter**

Wanted a Nanny for two small kids. Job included free accomodation and meals. Those interested can Call : 1 (630) 849-5258

**Office for Lease in Union City, CA**



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279


## ਕਸ਼ਮੀਰ ਦੀ ਕਹਾਣੀ ਕਹਿੰਦਾ ਪੈਲੇਡੀਅਮ ਸਿਨੇਮਾ

ਬਾਜ਼ੂਏ ਬੇ ਸ਼ਮਸ਼ੀਰ ਕੇ ਝੰਡੇ'

ਜਦੋਂ ਭਾਰਤ ਤੇ ਪਾਕਿਸਤਾਨ ਦੀ ਆਜ਼ਾਦੀ ਦੀ ਤਰੀਕ ਨੇੜੇ ਆ ਗਈ ਤਾਂ ਕਸ਼ਮੀਰ ਦੇ ਭਵਿੱਖ ਨੂੰ ਲੈ ਕੇ ਵੀ ਸਵਾਲ ਉਠਣ ਲੱਗੇ। ਕਸ਼ਮਕਸ਼ ਵਿਚ ਸੀ ਕਸ਼ਮੀਰ...

ਭਾਰਤ ਚਾਹੁੰਦਾ ਸੀ ਕਿ ਕਸ਼ਮੀਰ ਦੀ ਰਿਆਸਤ ਉਸ ਦਾ ਹਿੱਸਾ ਬਣੇ। ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰਲਾਲ ਨਹਿਰੂ ਦੀ ਨਜ਼ਰ ਵਿਚ ਸ਼ੇਖ ਅਬਦੁੱਲਾ ਹੀ ਕਸ਼ਮੀਰ ਦੇ ਅਸਲੀ ਨੁਮਾਇੰਦੇ ਸਨ। ਉਹ ਹੀ ਕਸ਼ਮੀਰੀਆਂ ਨੂੰ ਭਾਰਤ ਨਾਲ ਆਉਣ ਲਈ ਰਾਜ਼ੀ ਕਰ ਸਕਦੇ ਸਨ।

ਪਰ ਕਸ਼ਮੀਰ ਦੇ ਭਾਰਤ ਵਿਚ ਸ਼ਾਮਲ ਕਰਨ ਦਾ ਫ਼ੈਸਲਾ ਮਹਾਰਾਜਾ ਹਰੀ ਸਿੰਘ ਨੇ ਕਰਨਾ ਸੀ। ਹਰੀ ਸਿੰਘ ਕੋਈ ਫ਼ੈਸਲਾ ਨਹੀਂ ਕਰ ਪਾ ਰਹੇ ਸਨ। ਕਸ਼ਮੀਰ ਦੀ ਜ਼ਿਆਦਾਤਰ ਆਬਾਦੀ ਮੁਸਲਮਾਨ ਹੋਣ ਕਾਰਨ ਪਾਕਿਸਤਾਨ ਇਸ 'ਤੇ ਆਪਣਾ ਹੱਕ ਸਮਝਦਾ ਸੀ। 1947 ਵਿਚ ਭਾਰਤ ਤੇ ਪਾਕਿਸਤਾਨ ਆਜ਼ਾਦ ਹੋ ਗਏ। ਪਰ ਕਸ਼ਮੀਰ ਕਸ਼ਮਕਸ਼ ਵਿਚ ਸੀ। ਸਥਾਨਕ ਲੋਕ ਮਹਾਰਾਜਾ ਦੇ ਖ਼ਿਲਾਫ਼ ਸਨ। ਅਕਤੂਬਰ 1947 ਵਿਚ ਪਾਕਿਸਤਾਨ ਨੇ ਕਬਾਇਲੀਆਂ ਰਾਹੀਂ ਕਸ਼ਮੀਰ 'ਤੇ ਹਮਲਾ ਕਰ ਦਿੱਤਾ। ਕਬਾਈਲੀ ਹਮਲਾਵਰਾਂ ਨੇ ਕਸ਼ਮੀਰ ਵਿਚ ਲੁੱਟ ਮਚਾਈ ਤੇ ਕੱਟ-ਵੱਢ ਸ਼ੁਰੂ ਕਰ ਦਿੱਤੀ।

ਹਾਲਾਤ ਤੋਂ ਘਬਰਾਏ ਮਹਾਰਾਜਾ ਹਰੀ ਸਿੰਘ ਨੇ ਭਾਰਤ ਤੋਂ ਮਦਦ ਮੰਗੀ। ਨਾਲ ਹੀ ਉਨ੍ਹਾਂ ਨੇ ਕਸ਼ਮੀਰ ਦੇ ਭਾਰਤ ਵਿਚ ਸ਼ਾਮਲ ਹੋਣ ਦੇ ਕਾਗ਼ਜ਼ 'ਤੇ ਦਸਤਖ਼ਤ ਕਰ ਦਿੱਤੇ। ਭਾਰਤੀ ਫ਼ੌਜਾਂ ਨੇ ਕਬਾਇਲੀ ਹਮਲਾਵਰਾਂ ਖ਼ਿਲਾਫ਼ ਮੁਹਿੰਮ ਵਿੱਢ ਦਿੱਤੀ। ਇਸ ਮੁਹਿੰਮ ਵਿਚ ਭਾਰਤੀ ਫ਼ੌਜ ਨੂੰ ਕਸ਼ਮੀਰੀਆਂ ਦਾ ਵੀ ਖ਼ੂਬ ਸਾਥ ਮਿਲਿਆ। ਮਹਾਰਾਜਾ ਦੇ ਖ਼ਿਲਾਫ਼ ਅੰਦੋਲਨ ਚਲਾ ਰਹੇ ਸ਼ੇਖ ਅਬਦੁੱਲਾ ਨੇ ਕਸ਼ਮੀਰ ਦੇ ਲੋਕਾਂ ਨੂੰ ਇਕਜੁਟ ਕੀਤਾ। ਨੀਰਜਾ ਦੱਸਦੀ ਹੈ ਕਿ ਕਸ਼ਮੀਰੀ ਲੋਕਾਂ ਨੇ ਵੀ ਭਾਰਤੀ ਫ਼ੌਜ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਾਈ ਲੜੀ ਸੀ। ਕ੍ਰਿਸ਼ਨਾ ਤੇ ਨੀਰਜਾ ਨੂੰ ਯਾਦ ਹੈ ਕਿ ਇਸ ਦੌਰਾਨ ਔਰਤਾਂ ਨੂੰ ਵੀ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਗਈ ਸੀ। ਉਹ ਲੋਕ ਅਕਸਰ ਲਾਲ ਚੌਕ ਵਿਚ ਪੈਲੇਡੀਅਮ ਸਿਨੇਮਾ ਸਾਹਮਣੇ ਜਮ੍ਹਾ ਹੋਇਆ ਕਰਦੇ ਸਨ। ਕ੍ਰਿਸ਼ਨਾ ਕਹਿੰਦੀ ਹੈ ਕਿ ਉਸ ਦੌਰਾਨ ਉਨ੍ਹਾਂ ਦੀਆਂ ਟੋਲੀਆਂ ਪੈਲੇਡੀਅਮ ਸਿਨੇਮਾ ਅੱਗੇ ਮਾਰਚ ਕਰਦੀਆਂ ਸਨ। ਅੱਜ ਇਹ ਗੱਲ ਭਾਵੇਂ ਅਜੀਬ ਲੱਗੇ, ਪਰ ਉਸ ਦੌਰ ਵਿਚ ਕਸ਼ਮੀਰ ਦੀਆਂ ਕੁੜੀਆਂ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲੀਆਂ ਸਨ। ਕ੍ਰਿਸ਼ਨਾ ਦੇ ਭਰਾ ਪਾਕਿਸਤਾਨ ਦੇ ਖ਼ਿਲਾਫ਼ ਲੜਾਈ ਵਿਚ ਮਾਰੇ ਗਏ ਸਨ। ਉਨ੍ਹਾਂ ਦੀ ਅੰਤਿਮ ਯਾਤਰਾ ਪੈਲੇਡੀਅਮ ਸਿਨੇਮਾ ਸਾਹਮਣੇ ਹੋ ਕੇ ਲੰਘੀ ਸੀ। ਉਸ ਵਿਚ ਵੱਡੀ ਸੰਖਿਆ ਵਿਚ ਲੋਕ ਸ਼ਾਮਲ ਹੋਏ ਸਨ। ਕਸ਼ਮੀਰ ਨੂੰ ਲੈ ਕੇ ਭਾਰਤ ਤੇ ਪਾਕਿਸਤਾਨ ਵਿਚਾਲੇ ਇਹ ਪਹਿਲੀ ਲੜਾਈ ਸੀ। ਜਦੋਂ ਇਹ ਜੰਗ ਖ਼ਤਮ ਹੋਈ ਤਾਂ ਕਸ਼ਮੀਰ ਦਾ ਦੋ ਤਿਹਾਈ ਹਿੱਸਾ ਭਾਰਤ ਦੇ ਹੱਥ ਆਇਆ, ਜਦਕਿ ਇਕ ਤਿਹਾਈ 'ਤੇ ਪਾਕਿਸਤਾਨ ਦਾ ਕਬਜ਼ਾ ਹੋ ਗਿਆ। 1948 ਵਿਚ ਜੰਗ ਖ਼ਤਮ ਹੋਣ ਮਗਰੋਂ ਨਹਿਰੂ ਸ਼੍ਰੀਨਗਰ ਆਏ। ਉਨ੍ਹਾਂ ਨੇ ਲਾਲ ਚੌਕ 'ਤੇ ਤਿਰੰਗਾ ਲਹਿਰਾਇਆ ਤੇ ਸ਼ੇਖ ਅਬਦੁੱਲਾ ਨਾਲ ਲੋਕਾਂ ਨੂੰ ਸੰਬੋਧਨ ਕੀਤਾ। ਇਹ ਸਭਾ ਪੈਲੇਡੀਅਮ ਸਿਨੇਮਾ ਸਾਹਮਣੇ ਹੀ ਹੋਈ ਸੀ। ਕਸ਼ਮੀਰ ਵਿਚ ਉਸ ਵਕਤ ਤੋਂ ਸ਼ੁਰੂ ਹੋਈ ਸਿਆਸੀ ਖਹਿਬਾਜ਼ੀ ਅੱਜ ਤਕ ਜਾਰੀ ਹੈ। ਹਾਲਾਂਕਿ ਪਿਛਲੀ ਸਦੀ ਦੇ ਪੰਜਾਹ ਤੋਂ ਅੱਸੀ ਦੇ ਦਹਾਕੇ ਤਕ ਕਸ਼ਮੀਰ ਵਿਚ ਕ੍ਰਮਵਾਰ ਅਮਨ ਦਾ ਮਾਹੌਲ ਰਿਹਾ। ਪਰ 80 ਦੇ ਦਹਾਕੇ ਦੇ ਆਖ਼ਰ ਵਿਚ 1989 ਵਿਚ ਕਸ਼ਮੀਰ ਵਿਚ ਚੋਣਾਂ ਤੋਂ ਬਾਅਦ ਹਾਲਾਤ ਪੂਰੀ ਤਰ੍ਹਾਂ ਬਦਲ ਗਏ।

**ਜ਼ਬਰਦਸਤ ਹਿੰਸਾ ਦੇ ਲਪੇਟ 'ਚ ਆਇਆ ਕਸ਼ਮੀਰ...**

ਘੱਟ ਗਿਣਤੀ ਕਸ਼ਮੀਰੀ ਪੰਡਤਾਂ ਨੂੰ ਨਿਸ਼ਾਨਾ ਬਣਾਇਆ ਗਿਆ। ਲੱਖਾਂ ਕਸ਼ਮੀਰੀ ਪੰਡਤਾਂ ਨੂੰ ਵਾਦੀ ਛੱਡ ਕੇ ਭੱਜਣਾ ਪਿਆ। ਭਾਰਤੀ ਸੁਰੱਖਿਆ ਬਲਾਂ 'ਤੇ ਵੀ ਜ਼ੁਲਮ ਕਰਨ ਦੇ ਦੋਸ਼ ਲੱਗੇ। ਵੱਡੀ ਤਾਦਾਦ ਵਿਚ ਲੋਕ ਮਾਰੇ ਗਏ। ਹਿੰਸਾ ਦੇ ਚਲਦਿਆਂ ਸ਼੍ਰੀਨਗਰ ਦੇ ਤਮਾਮ ਸਿਨੇਮਾਘਰ ਬੰਦ ਹੋ ਗਏ। ਕਿਉਂਕਿ ਕੱਟੜਪੰਥੀ ਇਸ ਦੇ ਖ਼ਿਲਾਫ਼ ਸਨ। ਉਹ ਇਸ ਨੂੰ ਗੈਰ ਇਸਲਾਮਿਕ ਕਹਿੰਦੇ ਸਨ।

ਸ਼੍ਰੀਨਗਰ ਦੇ ਇਮਤਿਆਜ਼ ਕਹਿੰਦੇ ਹਨ ਕਿ ਉਹ ਆਪਣੇ ਦੋਸਤਾਂ ਨਾਲ ਅਕਸਰ ਸਿਨੇਮਾ ਦੇਖਣ ਜਾਇਆ ਕਰਦੇ ਸਨ। ਪਰ ਕਸ਼ਮੀਰ ਵਿਚ ਅਤਿਵਾਦ ਦੇ ਚਲਦਿਆਂ ਪੈਲੇਡੀਅਮ ਸਿਨੇਮਾ ਵੀ ਬੰਦ ਹੋ ਗਿਆ। ਇਸ ਨੂੰ ਗ੍ਰੇਨੇਡ ਰਾਹੀਂ ਉਡਾ ਦਿੱਤਾ ਗਿਆ ਸੀ।

ਪਿਛਲੇ 30 ਵਰ੍ਹਿਆਂ ਤੋਂ ਕਸ਼ਮੀਰ ਵਿਚ ਹਾਲਾਤ ਜਿਉਂ ਦੇ ਤਿਉਂ ਬਣੇ ਹੋਏ ਹਨ। ਅਤਿਵਾਦੀ ਘਟਨਾਵਾਂ ਨਾਲ ਨਜਿੱਠਣ ਲਈ ਭਾਰਤ ਨੇ ਕਸ਼ਮੀਰ ਵਿਚ ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ ਲਾਗੂ ਕੀਤਾ ਹੋਇਆ ਹੈ। ਕੱਟੜਪੰਥੀਆਂ ਖ਼ਿਲਾਫ਼ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਕਈ ਵਾਰ ਇਸ ਦੇ ਸ਼ਿਕਾਰ ਆਮ ਕਸ਼ਮੀਰੀ ਵੀ ਹੁੰਦੇ ਹਨ। ਇਮਤਿਆਜ਼ ਕਹਿੰਦੇ ਹਨ ਕਿ ਅੱਜ ਤਾਂ ਉਨ੍ਹਾਂ ਨੂੰ ਆਪਣੇ ਘਰ ਤੋਂ ਨਿਕਲਣ ਲੱਗਿਆਂ ਵੀ ਡਰ ਲਗਦਾ ਹੈ। ਉਹ ਘਰ ਤੋਂ ਸਿੱਧਾ ਦੁਕਾਨ ਜਾਂਦੇ ਹਨ ਤੇ ਦੁਕਾਨ ਤੋਂ ਵਾਪਸ ਘਰ ਆ ਜਾਂਦੇ ਹਨ। ਆਉਂਦੇ-ਜਾਂਦੇ ਇਮਤਿਆਜ਼ ਪੈਲੇਡੀਅਮ ਸਿਨੇਮਾ ਦੇ ਖੰਡਰ ਦੇ ਸਾਹਮਣਿਓਂ ਲੰਘਦੇ ਹਨ। ਉਨ੍ਹਾਂ ਨੂੰ ਉਨ੍ਹਾਂ ਦਿਨਾਂ ਦੀ ਯਾਦ ਆ ਜਾਂਦੀ ਹੈ, ਜਦੋਂ ਉਹ ਉਥੇ ਆਪਣੇ ਦੋਸਤਾਂ ਨਾਲ ਫ਼ਿਲਮਾਂ ਦੇਖਣ ਆਇਆ ਕਰਦੇ ਸਨ। ਅੱਜ ਉਸ ਦੇ ਖੰਡਰਾਂ ਦੀ ਤਕਲੀਫ਼ ਨੂੰ ਬਸ਼ਰ ਨਵਾਜ਼ ਦੇ ਅਸ਼ਆਰ ਬੜੀ ਖ਼ੂਬਸੂਰਤੀ ਨਾਲ ਬਿਆਨ ਕਰਦੇ ਹਨ-

'ਗਲੀ ਪੇ ਮੋੜ ਪੇ ਸੂਨਾ ਸਾ ਕੋਈ ਦਰਵਾਜ਼ਾ
ਤਰਸਤੀ ਆਖੋਂ ਸੇ ਰਸਤਾ ਕਿਸੀ ਕਾ ਦੇਖੇਗਾ
ਨਿਗਾਹ ਦੂਰ ਤਲਕ ਜਾ ਕੇ ਲੌਟ ਆਏਗੀ'

## ਬਟਾਲਾ ਦੀਆਂ ਸਨਅਤਾਂ ਤੋਂ ਸਰਕਾਰਾਂ ਨੇ ਵੱਟਿਆ ਟਾਲਾ

ਰਹੇ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਪਹਾੜੀ ਰਾਜਾਂ ਨੂੰ ਦਹਾਕੇ ਲਈ ਦਿੱਤੀਆਂ ਵਿਸ਼ੇਸ਼ ਸਹੂਲਤਾਂ ਨੂੰ ਬਟਾਲਾ ਉਦਯੋਗ ਲਈ ਹੋਰ ਵੀ ਘਾਤਕ ਦੱਸਦਿਆਂ ਕਿਹਾ ਕਿ ਕੇਂਦਰ ਦੇ ਇਸ ਐਲਾਨ ਨਾਲ ਸਥਾਨਕ ਸਨਅਤਕਾਰਾਂ ਨੂੰ ਵੱਡਾ ਆਰਥਿਕ ਨੁਕਸਾਨ ਹੋਵੇਗਾ। ਬਟਾਲਾ ਉਦਯੋਗ ਦੇ ਜਨਰਲ ਮੈਨੇਜਰ ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ 2007 ਤੋਂ ਬਾਅਦ ਇੱਥੇ ਕੋਈ ਯੂਨਿਟ ਬੰਦ ਨਹੀਂ ਹੋਇਆ। ਪਿੱਛੇ ਜਿਹੇ ਇਹ ਪਹਿਲੀ ਵਾਰ ਹੋਇਆ, ਜਦੋਂ ਇੱਥੋਂ ਦੀਆਂ ਜ਼ਿਆਦਾਤਰ ਫੈਕਟਰੀਆਂ ਵਿੱਚ ਪੰਜਾਹ ਫ਼ੀਸਦੀ ਮਜ਼ਦੂਰਾਂ ਨੂੰ ਕੰਮ ਤੋਂ ਜਵਾਬ ਮਿਲ ਗਿਆ ਹੋਵੇ। ਉਨ੍ਹਾਂ ਕਿਹਾ ਕਿ ਬਟਾਲਾ ਸਨਅਤ ਨੂੰ ਖਤਮ ਹੋਣ ਤੋਂ ਰੋਕਣ ਲਈ ਕਿਸੇ ਰਾਜਸੀ ਧਿਰ ਨੇ ਚਾਰਾਜੋਈ ਨਹੀਂ ਕੀਤੀ। ਸ੍ਰੀ ਗੋਇਲ ਨੇ ਦੱਸਿਆ ਕਿ ਕੱਚੇ ਮਾਲ ਦੀਆਂ ਵਧੀਆਂ ਕੀਮਤਾਂ, ਨੋਟਬੰਦੀ ਤੇ ਫਿਰ ਜੀਐਸਟੀ ਨੇ ਸਨਅਤਕਾਰਾਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਉਪਰੋਂ ਆਏ ਦਿਨ ਬਿਜਲੀ ਦੇ ਲੰਮੇ ਕੱਟ ਲੱਗ ਰਹੇ ਹਨ। ਫਾਊਂਡਰੀ ਇੰਡਸਟਰੀਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ੍ਰੀ ਨਾਗੀ ਨੇ ਦੱਸਿਆ ਕਿ ਬਟਾਲਾ ਵਿੱਚ ਨਾਮਵਰ ਫਾਊਂਡਰੀਆਂ ਅਭੀ, ਬੀਕੋ, ਕੁਮਾਰ ਇੰਜਨੀਅਰ ਆਦਿ ਸਮੇਤ ਹੋਰ ਕਈ ਫੈਕਟਰੀਆਂ ਬੰਦ ਹੋ ਗਈਆਂ ਹਨ, ਜਿਸ ਬਾਬਤ ਸਨਅਤਕਾਰਾਂ ਦੀਆਂ ਜਥੇਬੰਦੀਆਂ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਤੱਕ ਵਾਰ ਵਾਰ ਪਹੁੰਚ ਕੀਤੀ ਗਈ, ਪਰ ਸਾਰਥਕ ਹੱਲ ਨਹੀਂ ਨਿਕਲਿਆ।

ਮਜ਼ਦੂਰ ਨੇਤਾ ਤੇ ਇਫਟੂ ਦੇ ਸੂਬਾ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਬਟਾਲਾ ਉਦਯੋਗ ਵਿੱਚ ਆਇਆ ਸੰਕਟ ਸਿਰਫ਼ ਸਨਅਤਕਾਰਾਂ ਲਈ ਨਹੀਂ ਹੈ, ਸਗੋਂ ਇੱਥੋਂ ਦੇ ਅਨੇਕ ਪਰਿਵਾਰਾਂ ਲਈ ਵੀ ਹੈ। ਉਨ੍ਹਾਂ ਦੱਸਿਆ ਕਿ ਇੱਥੋਂ ਦੇ ਉਦਯੋਗਾਂ ਵਿੱਚੋਂ 50 ਫ਼ੀਸਦੀ ਮਜ਼ਦੂਰ ਇਸ ਸਾਲ ਕੰਮ ਤੋਂ ਹਟਾ ਦਿੱਤੇ ਗਏ, ਜਿਸ ਕਾਰਨ ਮਜ਼ਦੂਰਾਂ ਵਿੱਚ ਬੈਚੇਨੀ ਪਾਈ ਜਾ ਰਹੀ ਹੈ। ਦੱਸਣਯੋਗ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੂਜੀ ਵਾਰੀ ਪ੍ਰਧਾਨ ਮੰਤਰੀ ਬਣਨ 'ਤੇ ਆਪਣੀ ਪਹਿਲੀ ਅੰਮ੍ਰਿਤਸਰ ਫੇਰੀ ਸਮੇਂ ਬਟਾਲਾ ਦੇ ਉਦਯੋਗਾਂ ਨੂੰ ਹੁਲਾਰਾ ਦੇਣ ਲਈ 80 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਸੀ ਪਰ ਉਸ ਸਮੇਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਆਪਣਾ ਬਣਦਾ ਹਿੱਸਾ ਨਹੀਂ ਪਾਇਆ, ਜਿਸ ਦੇ ਸਿੱਟੇ ਵਜੋਂ 80 ਕਰੋੜ ਰੁਪਏ ਦੇ ਕਲੱਸਟਰ ਉਦਯੋਗ ਦੇ ਸੁਫ਼ਨੇ ਧਰੇ-ਧਰਾਏ ਰਹਿ ਗਏ।

## ਪੰਜਾਬ ਤੋਂ ਹਿਮਾਚਲ ਗਏ ਸਨਅਤਕਾਰਾਂ ਨੇ ਬਦਲਿਆ ਘਰ ਵਾਪਸੀ ਦਾ ਇਰਾਦ

ਰਿਆਇਤਾਂ ਵੀ ਪਲਾਇਨ ਦਾ ਕਾਰਨ ਬਣਿਆ। ਜ਼ਿਲ੍ਹੇ ਵਿੱਚ ਜ਼ਮੀਨ, ਉਸਾਰੀ ਤੇ ਮਸ਼ੀਨਰੀ 'ਤੇ ਪੱਛੜੀਆਂ ਸ਼੍ਰੇਣੀਆਂ ਨੂੰ ਜੋ ਸਬਸਿਡੀ ਮਿਲਦੀ ਸੀ, ਉਹ ਵੀ ਕਈ ਸਾਲ ਪਹਿਲਾਂ ਬੰਦ ਕਰ ਦਿੱਤੀ ਗਈ ਹੈ, ਜਿਸ ਨਾਲ ਸੂਬੇ ਵਿੱਚ ਉਦਯੋਗਿਕ ਵਿਕਾਸ ਵਿਚ ਖੜੋਤ ਆ ਗਈ ਹੈ। ਦੂਜੇ ਪਾਸੇ ਪਿਛਲੇ ਸਾਲਾਂ ਦੌਰਾਨ ਹਿਮਾਚਲ ਪ੍ਰਦੇਸ਼ ਵਿੱਚ ਉਦਯੋਗ ਦੇ ਖੇਤਰ ਵੱਡੇ ਪੱਧਰ 'ਤੇ ਨਿਵੇਸ਼ ਹੋਇਆ ਹੈ। ਹੁਸ਼ਿਆਰਪੁਰ ਦੀ ਕਈ ਕਿਲੋਮੀਟਰ ਸਰਹੱਦ ਹਿਮਾਚਲ ਨਾਲ ਲੱਗਦੀ ਹੈ। ਪਿਛਲੇ ਸਮੇਂ ਦੌਰਾਨ ਹਿਮਾਚਲ ਦੇ ਕਈ ਸਰਹੱਦੀ ਸ਼ਹਿਰ ਇੰਡਸਟਰੀਅਲ ਹੱਬ ਬਣ ਗਏ। ਤਲਵਾੜੇ ਨਾਲ ਸੰਸਾਰਪੁਰ ਟੈਰੇਸ ਇੱਕ ਵੱਡੇ ਉਦਯੋਗਿਕ ਖਿੱਤੇ ਵਜੋਂ ਵਿਕਸਿਤ ਹੋ ਗਿਆ ਹੈ, ਜਿੱਥੇ ਹੁਸ਼ਿਆਰਪੁਰ ਦੇ ਕਈ ਉਦਯੋਗਪਤੀਆਂ ਨੇ ਕਾਰਬਨ, ਟਾਇਰ, ਟਿਊਬਾਂ ਤੇ ਹੋਰ ਯੂਨਿਟ ਸਥਾਪਿਤ ਕੀਤੇ ਹੋਏ ਹਨ। ਊਨਾ ਜ਼ਿਲ੍ਹੇ ਵਿੱਚ ਗਗਰੇਟ ਦੇ ਨਜ਼ਦੀਕ ਹੁਸ਼ਿਆਰਪੁਰੀਆਂ ਨੇ ਸਭ ਤੋਂ ਵੱਧ ਨਿਵੇਸ਼ ਕੀਤਾ ਹੋਇਆ ਹੈ। ਹੁਸ਼ਿਆਰਪੁਰ ਦੀ ਟਰੈਕਟਰ ਬਣਾਉਣ ਵਾਲੀ ਮਸ਼ਹੂਰ ਕੰਪਨੀ ਸੋਨਾਲੀਕਾ ਨੇ ਵੀ ਕਾਲਾ ਅੰਬ ਤਹਿਸੀਲ ਵਿੱਚ ਆਪਣਾ ਯੂਨਿਟ ਲਾਇਆ ਹੋਇਆ ਹੈ। ਜ਼ਿਲ੍ਹੇ ਦੇ ਦੂਜੇ ਪਾਸੇ ਨਜ਼ਰ ਮਾਰੀਏ ਤਾਂ ਟਾਹਲੀਵਾਲ ਸਰਹੱਦ 'ਤੇ ਵੀ ਕਈ ਉਦਯੋਗਿਕ ਯੂਨਿਟ ਲੱਗ ਚੁੱਕੇ ਹਨ। ਕਈ ਸਨਅਤਕਾਰਾਂ ਨੇ ਨਾਲਾਗੜ੍ਹ ਅਤੇ ਬੱਦੀ ਵਿੱਚ ਕਾਰੋਬਾਰ ਖੋਲ੍ਹੇ ਹੋਏ ਹਨ। ਕਿਸੇ ਵੇਲੇ ਹੁਸ਼ਿਆਰਪੁਰ ਦੀ ਬਰੋਜਾ ਇੰਡਸਟਰੀ ਦੇਸ਼ ਭਰ ਵਿੱਚ ਮਸ਼ਹੂਰ ਸੀ, ਪਰ ਸਰਕਾਰ ਦੀ ਮਦਦ ਨਾ ਮਿਲਣ ਕਾਰਨ ਬਰੋਜਾ ਅਤੇ ਇਸ ਤੋਂ ਬਣਨ ਵਾਲੇ ਉਤਪਾਦਨਾਂ ਦਾ ਕੰਮ ਕਾਫ਼ੀ ਘੱਟ ਗਿਆ ਹੈ। ਇਸ ਦੇ ਉਲਟ ਹਿਮਾਚਲ ਪ੍ਰਦੇਸ਼ ਵਿੱਚ ਇਹ ਕਾਰੋਬਾਰ ਵਧਿਆ ਹੈ।

ਹੁਸ਼ਿਆਰਪੁਰ ਫੈਕਟਰੀ ਓਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਚੰਦਰ ਮੋਹਨ ਪੁਰੀ ਨੇ ਕਿਹਾ ਕਿ ਸਥਾਨਕ ਉਦਯੋਗਪਤੀ ਅਰਸੇ ਤੋਂ ਸਰਕਾਰੀ ਰਿਆਇਤਾਂ ਦੀ ਉਡੀਕ ਵਿੱਚ ਸਨ, ਪਰ ਮੁੜ ਹਿਮਾਚਲ ਨੇ ਬਾਜ਼ੀ ਮਾਰ ਲਈ। ਪੰਜਾਬ ਵਿੱਚ ਕਈ ਉਦਯੋਗ ਪਿਛਲੇ ਸਾਲਾਂ ਵਿੱਚ ਬੰਦ ਹੋਏ ਹਨ ਤੇ ਕਈ ਬੰਦ ਹੋਣ ਦੀ ਕਗਾਰ 'ਤੇ ਹਨ। ਦਵਾਈਆਂ ਦੇ ਕਾਰੋਬਾਰੀ ਅਨਿਲ ਸੂਦ ਨੇ ਦੱਸਿਆ ਕਿ ਸਰਕਾਰੀ ਅਣਦੇਖੀ ਕਾਰਨ ਦਵਾਈਆਂ ਦੇ ਕਈ ਯੂਨਿਟ ਬੰਦ ਹੋ ਗਏ ਹਨ, ਜਦੋਂਕਿ ਹਿਮਾਚਲ ਪ੍ਰਦੇਸ਼ ਵਿੱਚ ਇਹ ਸਫ਼ਲਤਾ ਪੂਰਵਕ ਚੱਲ ਰਹੇ ਹਨ। ਆਬਕਾਰੀ ਕਰ ਤੋਂ ਛੋਟ ਹੋਣ ਕਾਰਨ ਇਹ ਯੂਨਿਟ ਵੱਡੀ ਗਿਣਤੀ ਵਿੱਚ ਲੱਗੇ ਸਨ। ਉਨ੍ਹਾਂ ਦੱਸਿਆ ਕਿ ਵੱਡੀਆਂ ਮੈਨੂਫੈਕਚਰਿੰਗ ਕੰਪਨੀਆਂ ਨੇ ਆਪਣੇ ਯੂਨਿਟ ਲਾ ਲਏ ਹਨ, ਜਿਸ ਕਰ ਕੇ ਛੋਟੇ ਕਾਰੋਬਾਰੀ ਜੌਬ ਵਰਕ ਬੰਦ ਹੋਣ ਕਾਰਨ ਇਹ ਮੰਦੀ ਦੇ ਦੌਰ ਵਿੱਚੋਂ ਲੰਘ ਰਹੇ ਹਨ।

## ਸ੍ਰੀ ਗੁਰੂ ਰਾਮ ਦਾਸ ਵਲੋਂ ਵਸਾਈ ਨਗਰੀ ਦੇ ਕਾਰੋਬਾਰੀ ਉਜਾੜੇ ਦੀ ਰਾਹ

ਇਨ੍ਹਾਂ ਵਿੱਚੋਂ 10958 ਯੂਨਿਟ ਅੰਮ੍ਰਿਤਸਰ ਅਤੇ 495 ਯੂਨਿਟ ਤਰਨ ਤਾਰਨ ਜ਼ਿਲ੍ਹੇ ਵਿੱਚ ਹਨ। ਇਹ ਅੰਕੜੇ ਜ਼ਿਲ੍ਹਾ ਸਨਅਤੀ ਵਿਭਾਗ ਕੋਲ 2014-15 ਦੇ ਹਨ, ਜਿਨ੍ਹਾਂ ਦੀ ਸਮੀਖਿਆ 20 16 ਵਿੱਚ ਕੀਤੀ ਗਈ ਸੀ।

ਅੰਮ੍ਰਿਤਸਰ ਨੂੰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਨੇ ਵਸਾਇਆ ਸੀ। ਇਥੇ ਚਾਰ ਦਰਜਨ ਤੋਂ ਵੱਧ ਕਿੱਤਿਆਂ ਦੇ ਕਾਰੀਗਰ ਤੇ ਵਪਾਰੀ ਲਿਆ ਕੇ ਵਸਾਏ ਸਨ ਤਾਂ ਜੋ ਇਸ ਸ਼ਹਿਰ ਦਾ ਸਨਅਤੀ ਵਿਕਾਸ ਹੋ ਸਕੇ। ਮਹਾਰਾਜਾ ਰਣਜੀਤ ਸਿੰਘ ਸਮੇਂ ਅਤੇ ਬਾਅਦ ਵਿਚ ਵੀ ਇਹ ਖੇਤਰ ਵਪਾਰ ਦਾ ਧੁਰਾ ਰਿਹਾ ਹੈ। ਦੇਸ਼ ਦੀ ਵੰਡ ਬਾਅਦ ਵੀ ਅੰਮ੍ਰਿਤਸਰ ਦੀ ਕੱਪੜਾ ਸਨਅਤ, ਪੱਖੇ, ਕਿੱਲ, ਪੈਝੱਸਾਂ, ਪ੍ਰਿੰਟਿੰਗ ਪ੍ਰੈੱਸਾਂ ਤੋਂ ਇਲਾਵਾ ਸੰਦ ਅਤੇ ਗਹਿਣੇ ਤਿਆਰ ਕਰਨ ਵਾਲੀਆਂ ਸਨਅਤਾਂ ਦਾ ਬੋਲਬਾਲਾ ਰਿਹਾ ਹੈ। ਸ਼ੈੱਲਰ ਸਨਅਤ ਦੀ ਵੀ ਚੜ੍ਹਤ ਰਹੀ ਹੈ ਪਰ ਅੰਕੜੇ ਸਾਬਤ ਕਰਦੇ ਹਨ ਕਿ ਪਿਛਲੇ ਕੁਝ ਦਹਾਕਿਆਂ ਵਿਚ ਇਥੇ ਕੱਪੜਾ ਸਨਅਤ ਨੂੰ ਢਾਹ ਲੱਗੀ ਹੈ। ਅੰਕੜਿਆਂ ਮੁਤਾਬਿਕ ਕੱਪੜਾ ਸਨਅਤ ਦੇ ਸਿਰਫ਼ 597 ਯੂਨਿਟ ਰਹਿ ਗਏ ਹਨ। ਬੇਕਰੀ, ਜੈਮ-ਸ਼ਰਬਤ, ਆਚਾਰ, ਚਟਣੀ, ਦੁੱਧ ਉਤਪਾਦ, ਸ਼ੈੱਲਰ, ਫਲੋਰ ਮਿੱਲਾਂ ਦੇ 560 ਯੂਨਿਟ ਹਨ। ਜਦੋਂ ਕਿ ਇਥੋਂ ਦੀ ਮਜੀਠ ਮੰਡੀ, ਢਾਬ ਬਸਤੀ ਰਾਮ, ਢਾਬ ਖੜਿਕਾਂ, ਦਾਲ ਮੰਡੀ, ਚੌਲ ਮੰਡੀ ਕਦੇ ਵੱਡੀਆਂ ਥੋਕ ਮੰਡੀਆਂ ਸਨ, ਜਿਥੋਂ ਨੇੜਲੇ ਰਾਜਾਂ ਦੇ ਵਪਾਰੀ ਵੀ ਮਾਲ ਲਿਜਾਂਦੇ ਸਨ। ਕਿੱਲ ਤੇ ਨਟ ਬੋਲਟ ਤਿਆਰ ਕਰਨ ਵਾਲੇ 392 ਯੂਨਿਟ ਹਨ। ਚਮੜੇ, ਰਬੜ ਆਦਿ ਦਾ ਵੱਖ ਵੱਖ ਤਰ੍ਹਾਂ ਦਾ ਸਾਮਾਨ ਤਿਆਰ ਕਰਨ ਵਾਲੇ 290 ਯੂਨਿਟ, ਪ੍ਰਿੰਟਿੰਗ ਤੇ ਜ਼ਿਲਦਬੰਦੀ ਦੇ 116 ਯੂਨਿਟ ਹਨ।

'ਇਕ ਨੂੰ ਉਜਾੜ ਕੇ ਦੂਜੇ ਨੂੰ ਖੁਸ਼ਹਾਲ ਬਣਾਉਣਾ ਜਾਇਜ਼ ਨਹੀਂ" ਮਜ਼ਦੂਰ ਆਗੂ ਅਮਰਜੀਤ ਸਿੰਘ ਆਸਲ ਨੇ ਕਿਹਾ ਕਿ ਨੋਟਬੰਦੀ ਤੇ ਜੀਐਸਟੀ ਨੇ ਸਨਅਤਾਂ ਅਤੇ ਵਪਾਰ ਨੂੰ ਢਾਹ ਲਾਈ ਹੈ। ਹੁਣ ਪਹਾੜੀ ਰਾਜਾਂ ਨੂੰ ਛੋਟਾਂ ਜਾਰੀ ਰੱਖਣ ਦੇ ਫੈਸਲੇ ਨਾਲ ਪੰਜਾਬ ਦੀ ਸਨਅਤ ਨੂੰ ਮਾਰ ਪਵੇਗੀ। ਕੇਂਦਰ ਵੱਲੋਂ ਸਰਹੱਦੀ ਖੇਤਰ ਲਈ ਵੀ ਇਸ ਤਰ੍ਹਾਂ ਦਾ ਸਨਅਤੀ ਪੈਕੇਜ ਦਿੱਤਾ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਕ ਨੂੰ ਉਜਾੜ ਦੇ ਦੂਜੇ ਨੂੰ ਖੁਸ਼ਹਾਲ ਬਣਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਜ਼ਿਲ੍ਹਾ ਸਨਅਤੀ ਵਿਭਾਗ ਦੇ ਜਨਰਲ ਮੈਨੇਜਰ ਬੀ ਐਸ ਬਰਾੜ ਨੇ ਕਿਹਾ ਕਿ ਇਸ ਸਨਅਤੀ ਪੈਕੇਜ ਕਾਰਨ ਪੰਜਾਬ ਵਿੱਚ ਨਵੀਆਂ ਸਨਅਤਾਂ ਦੀ ਆਮਦ ਰੁਕੇਗੀ। ਗੁਆਂਢੀ ਰਾਜਾਂ ਨੂੰ ਦਿੱਤੀਆਂ ਛੋਟਾਂ ਕਾਰਨ ਪੰਜਾਬ ਵਿਚ ਉਤਪਾਦਨ ਲਾਗਤ ਵੱਧ ਜਾਵੇਗੀ। ਉਨ੍ਹਾਂ ਨੇ ਪਹਾੜੀ ਰਾਜਾਂ ਨੂੰ ਪੈਕੇਜ ਕਾਰਨ ਪੁਰਾਣੀ ਸਨਅਤ ਦੇ ਤਬਦੀਲ ਹੋਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ।

## ਕੈਪਟਨ ਦੇ ਸਨਅਤਕਾਰਾਂ ਨੂੰ ਪੰਜਾਬ ਵੱਲ ਖਿੱਚਣ ਦੇ ਯਤਨਾਂ ਨੂੰ ਲੱਗੀ ਢਾਹ

ਪਰ ਕੇਂਦਰ ਸਰਕਾਰ ਦੇ ਫ਼ੈਸਲੇ ਨੇ ਪੰਜਾਬ ਸਰਕਾਰ ਦੇ ਯਤਨਾਂ ਨੂੰ ਢਾਹ ਲਾ ਦਿੱਤੀ। 2003 ਦੌਰਾਨ ਕੇਂਦਰ ਸਰਕਾਰ ਵੱਲੋਂ ਪਹਾੜੀ ਰਾਜਾਂ ਦੀਆਂ ਸਨਅਤਾਂ ਨੂੰ 10 ਸਾਲ ਲਈ ਟੈਕਸ ਤੋਂ ਭਾਰੀ ਛੋਟਾਂ ਦੇਣ ਦੀ ਬਣਾਈ ਤਜਵੀਜ਼ ਕਾਰਨ ਪੰਜਾਬ ਵਿਚਲੇ ਵੱਡੇ ਉਦਯੋਗ ਹਿਮਾਚਲ ਪ੍ਰਦੇਸ਼ ਵਿੱਚ ਤਬਦੀਲ ਹੋ ਗਏ ਸਨ, ਜਿਸ ਕਾਰਨ ਪੰਜਾਬ ਨੂੰ ਵਿੱਤੀ ਤੌਰ 'ਤੇ ਵੱਡਾ ਧੱਕਾ ਲੱਗਿਆ ਸੀ ਤੇ ਰੁਜ਼ਗਾਰ ਦੇ ਮੌਕੇ ਵੀ ਘਟ ਗਏ। ਕੇਂਦਰ ਸਰਕਾਰ ਦੇ ਨਵੇਂ ਫ਼ੈਸਲੇ ਨਾਲ ਕੈਪਟਨ ਸਰਕਾਰ ਵੱਲੋਂ ਨਵੇਂ ਉਦਯੋਗ ਲਵਾ ਕੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿਵਾਉਣ ਦੀਆਂ ਸਕੀਮਾਂ ਠੁੱਸ ਹੋ ਗਈਆਂ ਹਨ।

ਪੰਜਾਬ ਵਿੱਚ ਸਰਕਾਰ ਬਣਦਿਆਂ ਹੀ ਕਾਂਗਰਸ ਨੇ ਫੁਰਤੀ ਦਿਖਾਉਂਦੇ ਹੋਏ ਸਨਅਤ ਨੀਤੀ ਦੇ ਸੰਦਰਭ ਵਿੱਚ ਸਨਅਤਕਾਰਾਂ ਨਾਲ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਦਿੱਤਾ ਸੀ। ਨਵੀਂ ਸਨਅਤੀ ਨੀਤੀ ਤਹਿਤ ਜ਼ਿਲ੍ਹਾ ਪੱਧਰਾਂ 'ਤੇ 'ਸਿੰਗਲ ਵਿੰਡੋ ਪ੍ਰਣਾਲੀ' ਸ਼ੁਰੂ ਕਰਨ ਦੀਆਂ ਤਜਵੀਜ਼ ਵੀ ਰੱਖੀ ਗਈ ਹੈ। ਇਸ ਨੀਤੀ ਨੂੰ ਮੁਕੰਮਲ ਰੂਪ ਵਿੱਚ ਲਾਗੂ ਕਰਨ ਲਈ ਵਿਸ਼ੇਸ਼ ਇੰਪਲੀਮੈਂਟੇਸ਼ਨ ਯੂਨਿਟ ਬਣਾਉਣ ਦੀ ਚਰਚਾ ਵੀ ਚੱਲ ਰਹੀ ਹੈ। ਨਵੀਂ ਨੀਤੀ ਲਈ ਹੈਂਡ ਟੂਲ ਸਨਅਤ, ਚਮੜਾ ਸਨਅਤ, ਪਾਈਪ ਫਿਟਿੰਗ ਤੇ ਖੇਡ ਸਨਅਤ ਆਦਿ ਨਾਲ ਸਬੰਧਤ ਐਸੋਸੀਏਸ਼ਨਾਂ ਸਰਕਾਰ ਨੂੰ ਸੁਝਾਅ ਦੇ ਚੁੱਕੀਆਂ ਹਨ। ਹੁਣ ਕੇਂਦਰ ਸਰਕਾਰ ਦੇ ਫ਼ੈਸਲੇ ਨਾਲ ਪੰਜਾਬ ਸਰਕਾਰ ਵੱਲੋਂ ਬਣਾਈ ਜਾ ਰਹੀ ਨਵੀਂ ਸਨਅਤ ਨੀਤੀ ਨੂੰ ਨਵਾਂ ਰੂਪ ਦੇਣਾ ਪੈ ਸਕਦਾ ਹੈ। ਇਸ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਮੋਦੀ ਸਰਕਾਰ ਲਈ ਅਖ਼ਤਿਆਰ ਕੀਤੀ ਨਰਮ ਨੀਤੀ ਦੇ ਉਲਟ ਵਿਰੋਧ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਹੱਦੀ ਅਤੇ ਕੰਡੀ ਖੇਤਰਾਂ ਨੂੰ ਵੀ ਟੈਕਸ ਛੋਟ ਮਿਲਣੀ ਚਾਹੀਦੀ ਹੈ। ਉਨ੍ਹਾਂ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾਉਣ ਦੇ ਸੰਕੇਤ ਵੀ ਦਿੱਤੇ ਹਨ।

ਇਸੇ ਤਰ੍ਹਾਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਵੀ ਕੇਂਦਰ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਦੇ ਫ਼ੈਸਲੇ ਨੂੰ ਪੰਜਾਬ ਲਈ ਮਾਰੂ ਦੱਸਿਆ ਹੈ ਅਤੇ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾਉਣ ਦੇ ਸੰਕੇਤ ਦਿੱਤੇ ਹਨ। ਇਤਫ਼ਾਕ ਇਹ ਹੈ ਕਿ ਜਦੋਂ 2003 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਆਦਿ ਪਹਾੜੀ ਸੂਬਿਆਂ ਦੀਆਂ ਸਨਅਤਾਂ ਨੂੰ 10 ਸਾਲ ਲਈ ਟੈਕਸ ਮੁਕਤ ਕਰਨ ਦੀ ਤਜਵੀਜ਼ ਘੜੀ ਸੀ ਤਾਂ ਉਸ ਵੇਲੇ ਪੰਜਾਬ ਵੱਲੋਂ ਸੁਖਬੀਰ ਸਿੰਘ ਬਾਦਲ ਕੇਂਦਰੀ ਮੰਤਰੀ ਮੰਡਲ ਵਿੱਚ ਨੁਮਾਇੰਦਗੀ ਕਰ ਰਹੇ ਸਨ, ਜਦੋਂਕਿ ਹੁਣ ਮੋਦੀ ਸਰਕਾਰ ਨੇ ਮੁੜ ਪੰਜਾਬ ਵਿਰੋਧੀ ਫ਼ੈਸਲਾ ਕੀਤਾ ਹੈ ਤਾਂ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਕੇਂਦਰੀ ਕੈਬਨਿਟ ਵਿੱਚ ਹਨ ਪਰ ਇਹ ਦੋਵੇਂ ਆਗੂ ਪੰਜਾਬ ਦੇ ਹਿੱਤਾਂ ਲਈ ਆਪੋ-ਆਪਣੇ ਸਮੇਂ ਕੋਈ ਠੋਸ ਸਟੈਂਡ ਨਹੀਂ ਲੈ ਸਕੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 7ਵੇਂ ਮਹਾਨ ਨਗਰ ਕੀਰਤਨ ਦੀਆਂ ਰੌਣਕਾਂ ਨੇ ਫਿਜ਼ਾ ਨੂੰ ਖਾਲਸਾਈ ਰੰਗ 'ਚ ਰੰਗਿਆ

ਕੁਲਦੀਪ ਸਿੰਘ ਵੜੈਚ ਨੇ ਨਗਰ ਕੀਰਤਨ ਦੌਰਾਨ ਸਟੇਜ ਦੀ ਕਾਰਵਾਈ ਬਹੁਤ ਸੁਚੱਜੇ ਢੰਗ ਨਾਲ ਨਿਭਾਈ। ਕੋਆਡੀਨੇਟਰ ਗੁਰਦੇਵ ਸਿੰਘ ਕੰਗ, ਚੇਅਰਮੈਨ ਸੁਰਜੀਤ ਸਿੰਘ ਮੂਧਲ ਨੇ ਇਸ ਨਗਰ ਕੀਰਤਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜਨ ਵਿਚ ਪੂਰਾ ਯੋਗਦਾਨ ਪਾਇਆ। ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਨੇ ਸਾਰੀਆਂ ਸੰਗਤਾਂ ਤੇ ਪਤਵੰਤੇ ਸੱਜਣਾਂ ਦਾ ਨਗਰ ਕੀਰਤਨ ਤੇ ਪਹੁੰਚਣ ਤੇ ਧੰਨਵਾਦ ਕੀਤਾ ਤੇ ਸਮੂਹ ਜਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵੱਲੋਂ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ।

ਗੁਰਦੁਆਰਾ ਸਾਹਿਬ ਵੱਲੋਂ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਵਿਚੋਂ ਕੁਲਵਿੰਦਰ ਸਿੰਘ ਜੋ ਹਰ ਵਾਰ ਟੋਅ ਟਰੱਕ ਦੀ ਸੇਵਾ ਕਰਦੇ ਹਨ, ਭਿੰਦਾ ਡੀ ਜੇ ਜਿਨ੍ਹਾਂ ਵਲੋਂ ਡੀ ਜੇ ਦੀ ਸੇਵਾ ਕੀਤੀ ਜਾਂਦੀ ਹੈ, ਆਪਣਾ ਬਾਜ਼ਾਰ ਦੇ ਜਸਵਿੰਦਰ ਸਿੰਘ ਜਿਨ੍ਹਾਂ ਵੱਲੋਂ ਨਗਰ ਕੀਰਤਨ ਦੇ ਲਈ ਸੁੱਕੇ ਮੇਵਿਆਂ ਦੇ ਪ੍ਰਸ਼ਾਦ ਦੀ ਸੇਵਾ ਕੀਤੀ ਜਾਂਦੀ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਲੈਕਟ੍ਰੌਨਿਕ ਤੇ ਪ੍ਰਿੰਟ ਮੀਡੀਆ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਇਸ ਪੂਰੇ ਨਗਰ ਕੀਰਤਨ ਨੂੰ ਕਵਰ ਕੀਤਾ।

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.

Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


THATH
ਵੱਖਰੇ
BIKKAR
BADSHAH
ENTERTAINMENT
BULLET
JUS 24X7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24X7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com